ੴ ਸਤਿਗੁਰ ਪ੍ਰਸਾਦਿ ॥

# ਪੰਜ ਕਕਾਰਾਂ ਦਾ ਮਹੱਤਵ

*ਗਿਆਨੀ ਸੰਤ ਸਿੰਘ ਜੀ ਮਸਕੀਨ*

ਦੇ

ਚੋਣਵੇਂ ਲੈਕਚਰ

*ਸੰਪਾਦਕ-*

*ਮਨਜਿੰਦਰ ਸਿੰਘ*

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN : 81-7601-979-8

ਪਹਿਲੀ ਐਡੀਸ਼ਨ : ਮਾਰਚ 2009

ਭੇਟਾ : 100-00

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ/ਫੈਕਸ : (0183) 2542346, 2547974, 2557973

E-mail : csjssales@hotmail.com, csjsexports@vsnl.com,
: cjgroup77@yahoo.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 2705003, 5095774

Printed in India

# ਦੋ ਸ਼ਬਦ

ਸਿੱਖ-ਪੰਥ ਦੇ ਮਹਾਨ ਅਨੁਭਵੀ ਵਿਦਵਾਨ, ਪੰਥ-ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਵਿਸ਼ਾਲ ਗਿਆਨ ਭੰਡਾਰ ਦੇ ਸਾਗਰ, ਸਿੱਖ ਸੰਗਤਾਂ ਦੇ ਦਿਲਾਂ ਦੀ ਧੜਕਣ, ਜਿਹਨਾਂ ਨੇ ਸੰਸਾਰ ਭਰਮਣ ਕਰਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਦੀ ਬਦੌਲਤ ਜਿਹਨਾਂ ਮੁਲਕਾਂ ਵਿਚ ਹਾਲੇ ਸਿੱਖੀ ਦਾ ਪ੍ਰਚਾਰ ਨਹੀਂ ਸੀ ਹੋ ਰਿਹਾ, ਉਹਨਾਂ ਮੁਲਕਾਂ ਵਿਚ ਵੀ ਸਿੱਖ ਧਰਮ ਦੇ ਪ੍ਰਚਾਰ ਦੇ ਕੇਂਦਰ ਬਣ ਗਏ। ਮਸਕੀਨ ਜੀ ਜਿਥੇ ਜਿਥੇ ਵੀ ਗਏ, ਸੰਗਤਾਂ ਨੇ ਭਰਪੂਰ ਮਾਣ ਸਤਿਕਾਰ ਨਾਲ ਨਿਵਾਜਿਆ। ਫਿਰ ਸੰਗਤਾਂ ਨੇ ਮਸਕੀਨ ਜੀ ਦੇ ਅਨਮੋਲ ਬਚਨਾਂ ਨੂੰ ਰਿਕਾਰਡ ਕਰਕੇ ਸੰਭਾਲਿਆ। ਐਸੇ ਵਿਦਵਾਨ ਕੁਦਰਤ ਕਈ ਸਦੀਆਂ ਬਾਅਦ ਹੀ ਪੈਦਾ ਕਰਦੀ ਹੈ। ਸਿੱਖ ਪੰਥ ਵਲੋਂ ਜਿਤਨਾ ਸਤਿਕਾਰ ਮਸਕੀਨ ਜੀ ਨੂੰ ਮਿਲਿਆ, ਸ਼ਾਇਦ ਕਿਸੇ ਵਿਰਲੇ ਨੂੰ ਹੀ ਮਿਲਿਆ ਹੋਵੇ।

ਅਜੋਕੇ ਯੁੱਗ ਵਿਚ ਐਸੇ ਸਾਧਨ ਮੌਜੂਦ ਹਨ ਕਿ ਕਿਸੇ ਮਹਾਨ ਵਿਅਕਤੀ ਦੇ ਵਿਚਾਰ ਸਦੀਆਂ ਤੱਕ ਸੰਭਾਲੇ ਜਾ ਸਕਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਤੋਂ ਮਾਰਗ-ਦਰਸ਼ਨ ਕਰ ਸਕਣ। ਮਸਕੀਨ ਜੀ ਆਪਣੀ ਮਿਸਾਲ ਆਪ ਹੀ ਸਨ, ਇਹਨਾਂ ਦੀ ਕਿਸੇ ਦੂਸਰੇ ਵਿਦਵਾਨ ਨਾਲ ਤੁਲਨਾ ਨਹੀਂ ਹੋ ਸਕਦੀ।

ਅੱਜ ਵੀ ਹਰ ਰੋਜ਼ ਮਸਕੀਨ ਜੀ ਦੇ ਵਿਚਾਰ ਤੁਸੀਂ ਈ.ਟੀ.ਸੀ. ਚੈਨਲ 'ਤੇ ਸਰਵਣ ਕਰ ਸਕਦੇ ਹੋ। ਇਹ ਉਸ ਮਹਾਨ ਵਿਦਵਾਨ ਪ੍ਰਤੀ ਸ਼ਰਧਾਂਜਲੀ ਹੈ। ਫਿਰ ਇਹ ਸਿਦਕ ਨਾਲ ਮਹਿਸੂਸ ਕੀਤਾ ਗਿਆ ਕਿ ਇਹਨਾਂ ਕੈਸਟਾਂ ਤੋਂ ਲਿਖਤੀ ਰੂਪ ਵਿਚ ਉਤਾਰਾ ਕਰਕੇ, ਇਹਨਾਂ ਨੂੰ ਛਪਾਈ ਦਾ ਜਾਮਾ ਪਹਿਨਾਇਆ ਜਾ ਸਕੇ। ਇਹ ਕਦਮ ਬੜਾ ਹੀ ਸ਼ਲਾਘਾ ਯੋਗ ਹੈ। ਇਸ ਨਾਲ ਇਹ ਵਿਚਾਰ ਘਰ-ਘਰ ਤੇ ਸਾਰੀ ਦੁਨੀਆਂ ਤੱਕ ਪਹੁੰਚ ਸਕਣਗੇ।

ਇਹ ਹੱਥਲੀ ਪੁਸਤਕ ਪੰਜ ਕਕਾਰਾਂ ਦਾ ਮਹੱਤਵ ਹਾਜ਼ਰ ਹੈ। ਜਿਸ ਦੇ ਵਿਚਾਰਾਂ ਵਿਚ ਗੁਰੂ ਹੈ, ਜਿਸ ਦੇ ਵਿਚਾਰਾਂ ਵਿਚ ਪ੍ਰਮਾਤਮਾ ਹੈ, ਜਿਸ ਦੇ ਵਿਚਾਰਾਂ ਵਿਚ ਪ੍ਰੇਮ ਹੈ, ਇਹ ਸਿੱਖੀ ਸਰੂਪ ਹੈ। ਕਕਾਰ ਵਿਚ ਕੜਾ ਹੈ, ਕਛਹਿਰਾ ਹੈ, ਕੇਸ ਹੈ, ਕੰਘਾ ਹੈ, ਕਿਰਪਾਨ ਹੈ। ਪੰਜਾਬੀ

ਦਾ ਜੋ 'ਕ' ਹੈ, ਜੋ ਇੰਗਲਿਸ਼ ਦਾ 'K' ਹੈ ਅਰਬੀ, ਫ਼ਾਰਸੀ, ਉਰਦੂ ਵਿਚ ਇਸਨੂੰ ਕਾਫ਼ ਕਹਿੰਦੇ ਹਨ। ਸਿੱਖੀ ਦੀਆਂ ਨਿਸ਼ਾਨੀਆਂ ਪੰਜ ਕਾਫ਼ ਵਿਚ ਬੰਦ ਹਨ। ਉਹ ਪੰਜ ਕਾਫ਼ ਕਿਹੜੇ ਹਨ, ਉਹ ਪੰਜ ਕਕੇ ਹਨ— ਕੜਾ ਹੈ, ਕਛਹਿਰਾ ਹੈ, ਕੰਘਾ ਹੈ, ਕਿਰਪਾਨ ਹੈ, ਕੇਸ ਹਨ। ਕੇਸਾਂ ਤੋਂ ਬਿਨਾਂ ਬਾਕੀ ਚਾਰ ਨਿਸ਼ਾਨੀਆਂ ਪ੍ਰਵਾਨ ਨਹੀਂ। ਕੜਾ ਹੈ ਤੇ ਕੇਸ ਨਹੀਂ, ਇਹ ਖ਼ਾਲਸਾ ਨਹੀਂ। ਕਛਹਿਰਾ ਹੈ, ਕਿਰਪਾਨ ਹੈ, ਕੇਸ ਨਹੀਂ, ਇਹ ਖ਼ਾਲਸਾ ਨਹੀਂ। ਚਾਰੇ ਦੇ ਚਾਰੇ ਕਕਾਰ ਰੱਖੇ ਹੋਏ ਹਨ, ਪਰ ਕੇਸ ਨਹੀਂ, ਇਹ ਮਨੁੱਖ ਹੈ, ਕਿਸੇ ਹੋਰ ਸੰਪਰਦਾ ਦਾ ਗਿਆਨੀ ਹੋ ਸਕਦਾ ਹੈ, ਘੱਟ ਤੋਂ ਘੱਟ ਇਹ ਖ਼ਾਲਸਾ ਨਹੀਂ। ਕੇਸਾਂ ਤੋਂ ਬਿਨਾਂ ਬਾਕੀ ਚਾਰੇ ਨਿਸ਼ਾਨੀਆਂ ਫ਼ਜ਼ੂਲ ਹਨ, ਕਿਉਂਕਿ ਕੇਸਾਂ ਵਿਚ ਖ਼ਾਲਸਾ ਝਲਕਦਾ ਹੈ। ਕੇਸਾਂ ਦੀ ਆਪਣੀ ਦੁਨੀਆਂ ਹੈ, ਆਪਣੀ ਮਹਾਨਤਾ ਹੈ ਅਤੇ ਪ੍ਰਮਾਤਮਾ ਵੱਲੋਂ ਦਿੱਤਾ ਹੋਇਆ ਇਹ ਮਹਾਨ ਸ਼ਿੰਗਾਰ ਹੈ।

ਇਸ ਵਿਚ ਮਸਕੀਨ ਜੀ ਦੇ ਦਸ ਲੈਕਚਰ ਹਨ : ਸਤਿਗੁਰਿ ਪੂਰੈ ਕੀਨੀ ਦਾਤਿ, ਸੁਰਤਿ ਦੀ ਯਾਤਰਾ, ਗੁਰਬਾਣੀ ਵਿਚਾਰ, ਅੰਮ੍ਰਿਤ ਵੇਲਾ, ਪ੍ਰਭੂ ਸਿਮਰਨ, ਕਥਾ ਕੀਰਤਨ ਸੁਖਦਾਈ, ਜੋ ਦੀਸੈ ਸੋ ਤੇਰਾ ਰੂਪੁ, ਸਮਬੰਧ, ਮਨ ਬੁਧ ਚਿਤ ਆਹੰ ਆਦਿ ਦਰਜ ਹਨ ਆਸ ਹੈ ਕਿ ਇਸ ਉਪਰਾਲੇ ਨੂੰ ਸਿੱਖ ਸੰਗਤਾਂ ਭਰਪੂਰ ਹੁੰਗਾਰਾ ਦੇਣਗੀਆਂ।

—ਮਨਜਿੰਦਰ ਸਿੰਘ
ਸੰਪਾਦਕ

ਬੀ1/284, ਮਕਸੂਦਾਂ, ਜਲੰਧਰ

# ਤਤਕਰਾ


| | |
|---|---|
| ਪੰਜ ਕਕਾਰਾਂ ਦਾ ਮਹੱਤਵ | 7 |
| ਜ਼ਿੰਦਗੀ ਦੇ ਪੜਾਅ | 17 |
| ਅਧਿਆਤਮਿਕ ਪਰਿਵਾਰ | 37 |
| ਗੁਰਮਤਿ ਦੀਆਂ ਸ਼ਾਖ਼ਾਵਾਂ | 46 |
| ਆਤਮਕ ਵਿਕਾਸ | 63 |
| ਅਪੁ ਤੇਜ ਬਾਇ ਪ੍ਰਿਥਮੀ ਆਕਾਸਾ | 73 |
| ਗੁਰੂ ਮਾਨਿਓ ਗ੍ਰੰਥ | 81 |
| ਸ੍ਰਿਸਟਿ ਸਭ ਇਕ ਵਰਨ ਹੋਈ | 91 |
| ਹਰਿ ਚਰਣ ਕਮਲ ਕੀ ਟੇਕ | 101 |
| ਮਨ ਮਾਰੇ ਬਿਨੁ ਭਗਤਿ ਨ ਹੋਈ | 112 |


☆☆☆

## ਮਸਕੀਨ ਜੀ ਦੀਆਂ ਛਪੀਆਂ ਹੋਰ ਪੁਸਤਕਾਂ :

ਮੇਰੇ ਲੈਕਚਰ (ਹਿੰਦੀ/ਪੰਜਾਬੀ)
ਜਪੁ ਨਿਸਾਣ (ਜਪੁਜੀ ਸਾਹਿਬ ਵਿਆਖਿਆ)
ਸਾਧੂ ਕੀ ਧੂਰਾ (ਹਿੰਦੀ/ਪੰਜਾਬੀ)
ਨਾਮ ਦਾ ਹੀਰਾ (ਹਿੰਦੀ/ਪੰਜਾਬੀ)
ਸੁੱਖ ਦੁੱਖ
ਬ੍ਰਹਮ ਗਿਆਨ
ਗਿਆਨ ਦਾ ਸਾਗਰ
ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ
ਪੂਰਨ ਮਨੁੱਖ
ਸਾਹਿਬ ਮੇਰਾ ਮਿਹਰਵਾਨੁ
ਸਵਰਗ ਨਰਕ
ਰਾਜਾ ਸਗਲੀ ਸ੍ਰਿਸਟਿ ਕਾ
ਪੰਜ ਤੱਤ
ਧਰਮ ਤੇ ਮਨੁੱਖ
ਜੋ ਜੋ ਦੀਸੈ ਸੋ ਸੋ ਰੋਗੀ
ਹਰਿ ਅੰਮ੍ਰਿਤ ਬਾਣੀ ਗਾਵੈ
ਸਤਿਗੁਰਿ ਪੂਰੈ ਕੀਨੀ ਦਾਤਿ
ਜੀਵਨ ਕਥਾ ਭਾਈ ਘਨਈਆ ਜੀ
ਜੋ ਮੰਗਹਿ ਸੋ ਲੇਵਹਿ

# ਪੰਜ ਕਕਾਰਾਂ ਦਾ ਮਹੱਤਵ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਪਰਮ ਸਾਜੇ ਨਿਵਾਜੇ ਗੁਰੂ ਰੂਪ ਸਤਿਸੰਗੀ ਜਨੋਂ!
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪ੍ਰਮਾਤਮਾ ਕਲਾਕਾਰ ਹੈ।

*ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥*

(ਅੰਗ ੬੧੩)

ਕਲਾ ਹਰ ਪਾਸੇ ਬਿਖਰੀ ਪਈ ਹੈ। ਸੁੰਦਰ ਫੁੱਲਾਂ ਦੇ ਬੀਜ ਕਰੂਪ ਹੁੰਦੇ ਹਨ, ਕਠੋਰ ਹੁੰਦੇ ਹਨ, ਨਿਰਗੰਧ ਹੁੰਦੇ ਹਨ, ਪਰ ਪ੍ਰਕਿਰਤੀ ਇਹਨਾਂ ਕਠੋਰ ਬੀਜਾਂ ਦੇ ਵਿਚੋਂ ਕੋਮਲਤਾ ਨੂੰ ਜਨਮ ਦਿੰਦੀ ਹੈ। ਇਹਨਾਂ ਹੀ ਕਰੂਪ ਬੀਜਾਂ ਵਿਚੋਂ ਸੁੰਦਰ ਫੁੱਲ ਖਿੜਦੇ ਹਨ। ਪ੍ਰਮਾਤਮਾ ਇਕ ਮਹਾਨ ਕਲਾਕਾਰ ਹੈ।

*ਮਾ ਕੀ ਰਕਤੁ ਪਿਤਾ ਬਿਦੁ ਧਾਰਾ॥*

(ਅੰਗ ੧੦੨੨)

*ਪਾਨੀ ਮੈਲਾ ਮਾਟੀ ਗੋਰੀ॥*
*ਇਸ ਮਾਟੀ ਕੀ ਪੁਤਰੀ ਜੋਰੀ॥*

(ਅੰਗ ੩੩੬)

ਮੈਲਾ ਪਾਣੀ ਪਿਤਾ ਹੈ। ਲਾਲ ਮਿੱਟੀ ਖ਼ੂਨ ਮਾਂ। ਇਸ ਸੰਯੋਗ ਤੋਂ ਕਿੰਨੀ ਸੁੰਦਰ ਮੂਰਤੀ ਉਸ ਨੇ ਘੜੀ ਹੈ ਅਤੇ ਕਿੰਨੀ ਵੱਡੀ ਕਲਾ ਸਾਹਮਣੇ ਪ੍ਰਗਟ ਹੁੰਦੀ ਹੈ। ਮਨੁੱਖ ਪ੍ਰਮਾਤਮਾ ਦਾ ਘੜਿਆ ਹੋਇਆ ਇਕ ਮੁਜੱਸਮਾ ਹੈ ਅਤੇ ਇਥੋਂ ਪਤਾ ਚੱਲਦਾ ਹੈ ਕਿ ਉਹ ਕਿੰਨਾ ਵੱਡਾ ਕਲਾਕਾਰ ਹੈ। ਕਲਾ ਉਸ ਦੀ ਚਾਰੇ ਪਾਸੇ ਬਿਖਰੀ ਹੋਈ ਹੈ। ਸੂਰਜ ਉਸੇ ਦੀ ਕਿਰਤ ਹੈ। ਚੰਦਰਮਾ ਉਸੇ ਦੀ ਕਿਰਤ ਹੈ। ਸਾਗਰ ਉਸੇ ਦੀ ਕਿਰਤ ਹੈ। ਚਾਰੇ ਪਾਸੇ ਬਿਖਰੀ ਹੋਈ ਬਨਸਪਤੀ ਉਸੇ ਦੀ ਕਿਰਤ ਹੈ। ਇਹ ਪਸ਼ੂ, ਇਹ ਪੰਛੀ ਅਤੇ ਸੰਸਾਰ ਵ੍ਰਿਚ ਇੰਨਾ ਵਿਧੀ ਵਿਧਾਨ ਸਭ ਉਸੇ ਦੀ ਕਿਰਤ ਹੈ ਕਿਰਤ ਵਿਚ ਕਲਾ ਝਲਕਦੀ ਪਈ ਹੈ ਅਤੇ ਕਲਾ ਵਿਚ

ਕਲਾਕਾਰ ਝਲਕਦਾ ਹੈ। ਸਾਡੇ ਦੇਸ਼ ਨੇ ਠੀਕ ਹੀ ਗਿਣਤੀ ਕੀਤੀ ਹੈ ਕਿ ਜਿਸ ਵਿਚ ਜਿੰਨੀ ਜ਼ਿਆਦਾ ਕਲਾ ਹੈ, ਉਹ ਉੱਨਾ ਹੀ ਪ੍ਰਮਾਤਮਾ ਦੇ ਨਿਕਟ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬੜੀ ਕੀਮਤੀ ਪੰਗਤੀ ਹੈ-

*ਸੋਲਹ ਕਲਾ ਸੰਪੂਰਨ ਫਲਿਆ॥*
*ਅਨਤ ਕਲਾ ਹੋਇ ਠਾਕੁਰੁ ਚੜਿਆ॥*

(ਅੰਗ ੧੦੮੧)

ਦੁਆਪਰ ਜੁੱਗ ਦੇ ਅਵਤਾਰੀ ਪੁਰਸ਼ ਦੀ ਤਰਫ਼ ਇਸ਼ਾਰਾ ਹੈ। ਹਿੰਦੂ ਜਗਤ ਵਿਚ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਪੂਰਨ ਅਵਤਾਰ ਹਨ, ਬਾਕੀ ਸਾਰੇ ਅੰਸ਼ਾ ਅਵਤਾਰ ਹਨ। ਸਾਰੇ ਅਵਤਾਰਾਂ ਨੂੰ ਅੰਸ਼ਾ ਅਵਤਾਰ ਕਿਹਾ ਜਾਂਦਾ ਹੈ ਅਤੇ ਅੰਸ਼ ਤੋਂ ਮੁਰਾਦ ਕੋਈ ਇਕ ਕਲਾ, ਕੋਈ ਦੋ ਕਲਾ, ਕੋਈ ਤਿੰਨ ਕਲਾ, ਕੋਈ ਚਾਰ ਕਲਾ ਰੱਖਦਾ ਹੈ। ਕਿਸੇ ਕੋਲ ਅੱਧੀ ਕਲਾ ਹੈ। ਦੇਖਣ ਵਿਚ ਆਇਆ ਹੈ ਜੋ ਚੋਟੀ ਦਾ ਕਵੀ ਹੈ, ਜੋ ਮਹਾਨ ਸ਼ਾਇਰ ਹੈ, ਉਹ ਮਹਾਨ ਸੰਗੀਤਕਾਰ ਨਹੀਂ ਹੁੰਦਾ। ਜੋ ਸੰਗੀਤ ਦੀ ਦੁਨੀਆਂ ਵਿਚ ਬਹੁਤ ਅੱਗੇ ਲੰਘ ਗਿਆ ਹੈ, ਉਹ ਕੋਈ ਉੱਘਾ ਤੇ ਮਹਾਨ ਚਿੱਤਰਕਾਰ ਨਹੀਂ ਹੁੰਦਾ। ਜੋ ਮਹਾਨ ਚਿੱਤਰਕਾਰ ਹੈ, ਉਹ ਬਾਕੀ ਹਰ ਪੱਖ ਤੋਂ ਪੱਛੜਿਆ ਹੋਇਆ ਹੁੰਦਾ ਹੈ। ਕਹਿੰਦੇ ਹਨ ਕਿਸੇ ਇਕ ਮਾਰਗ 'ਤੇ ਬਹੁਤ ਅੱਗੇ ਲੰਘ ਜਾਣ ਨਾਲ ਮਨੁੱਖ ਹਜ਼ਾਰਾਂ ਮਾਰਗਾਂ ਵਿਚ ਪੱਛੜ ਜਾਂਦਾ ਹੈ। ਦੇਖਣ ਵਿਚ ਆਇਆ ਹੈ ਕਿ ਧਨ ਦੀ ਦੁਨੀਆਂ ਵਿਚ ਅੱਗੇ ਲੰਘਿਆ ਮਨੁੱਖ ਗਿਆਨ ਅਤੇ ਕਲਾ ਦੀ ਦੁਨੀਆਂ ਵਿਚ ਪੱਛੜਿਆ ਹੋਇਆ ਹੁੰਦਾ ਹੈ। ਕੋਈ ਸੋਲਾਂ ਕਲਾਂ ਵਿਚ ਅੱਗੇ ਹੋਵੇ, ਉਹ ਉੱਘਾ ਨਿਰਤਕਾਰ ਵੀ ਹੋਵੇ, ਉਹ ਉੱਘਾ ਸਾਜ਼ਿੰਦਾ ਵੀ ਹੋਵੇ, ਇਸ ਢੰਗ ਨਾਲ ਮੁਰਲੀ ਵਜਾਵੇ ਕਿ ਪਸ਼ੂ ਵੀ ਮੋਹਿਤ ਹੋ ਜਾਣ, ਪੰਛੀਆਂ ਨੂੰ ਦਾਣਾ ਚੁਗਣਾ ਭੁੱਲ ਜਾਵੇ ਤੇ ਮਨੁੱਖਾਂ ਨੂੰ ਕੰਮ-ਕਾਰ ਭੁੱਲ ਜਾਵੇ ਅਤੇ ਸਭ ਮੁਰਲੀ ਦੀ ਧੁੰਨ ਵਿਚ ਮਸਤ ਹੋ ਜਾਣ। ਅਜਿਹਾ ਸਾਜ਼ਿੰਦਾ, ਅਜਿਹਾ ਸੰਗੀਤਕਾਰ ਅਤੇ ਉਹ ਫਿਰ ਰਾਜਨੀਤੀ ਦਾ ਪੰਡਿਤ ਵੀ ਹੋਵੇ, ਉਹ ਫਿਰ ਆਪਣੇ ਅੰਦਰ ਰੱਬੀ ਫ਼ਲਸਫ਼ਾ ਵੀ ਰੱਖਦਾ ਹੋਵੇ। ਗੀਤਾ ਦੇ ਰੂਪ ਵਿਚ ਤਾਂ ਸੁਭਾਵਿਕ ਸੀ ਉਸ ਨੂੰ ਪੂਰਨ ਅਵਤਾਰ ਕਹਿਣਾ। ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਹਨ-

*ਸੋਲਹ ਕਲਾ ਸੰਪੂਰਨ ਫਲਿਆ॥*
*ਅਨਤ ਕਲਾ ਹੋਇ ਠਾਕੁਰੁ ਚੜਿਆ॥*

(ਅੰਗ ੧੦੮੧)

ਪ੍ਰਮਾਤਮਾ ਸੋਲਾਂ ਕਲਾ 'ਤੇ ਮੁੱਕ ਨਹੀਂ ਜਾਂਦਾ, ਅਨੰਤ ਕਲਾਂ ਦਾ ਮਾਲਕ ਹੈ।

ਅੱਜ ਵਿਗਿਆਨ ਸਹਿਮਤ ਹੋ ਗਿਆ ਹੈ ਕਿ ਬ੍ਰਹਿਮੰਡ ਵਿਚ ਅਰਬਾਂ ਖਰਬਾਂ ਸੂਰਜ ਹਨ। ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਹਨ-

*ਕਈ ਕੋਟਿ ਸਸੀਅਰ ਸੂਰ ਨਖੵਤ੍ਰ॥*

(ਸੁਖਮਨੀ ਸਾਹਿਬ)

ਗੁਰੂ ਗੋਬਿੰਦ ਸਿੰਘ ਜੀ ਦਾ ਮਹਾਰਾਜ ਫੁਰਮਾਣ ਹੈ ਕਿ ਪ੍ਰਮਾਤਮਾ ਦੀ ਦੇਹੀ ਵਿਚ ਅਨੰਤ ਸੂਰਜ ਹਨ, ਅਨੰਤ ਚੰਦਰਮਾ ਹਨ, ਅਨੰਤ ਗ੍ਰਹਿ-ਨਛਿੱਤਰ ਹਨ। ਬਹੁਤ ਲੰਮਾ ਚੌੜਾ ਇਹ ਪਸਾਰਾ ਹੈ ਅਤੇ ਉਸ ਪਸਾਰੇ ਦੇ ਹਿਸਾਬ ਦੇ ਨਾਲ ਕਲਾ ਦੀ ਗਿਣਤੀ ਕਰੀਏ ਤਾਂ ਅਸੰਖ ਹੈ, ਅਨੰਤ ਹੈ।

ਇਕ ਪੈਮਾਨਾ ਸਾਡੇ ਦੇਸ਼ ਵਿਚ ਉਜਾਗਰ ਹੋਇਆ ਹੈ। ਜੋ ਕਲਾਕਾਰ ਹੈ, ਉਸ ਮਹਾਨ ਕਲਾਕਾਰ ਦੇ ਨੇੜੇ ਹੀ ਹੈ। ਕਹਿੰਦੇ ਹਨ ਜਦੋਂ ਕੁਝ ਮਨੁੱਖ ਬਣਾ ਰਿਹਾ ਹੋਵੇ ਤਾਂ ਪ੍ਰਮਾਤਮਾ ਦੇ ਨੇੜੇ ਹੁੰਦਾ ਹੈ। ਜਦੋਂ ਮਨੁੱਖ ਕੁਝ ਮਿਟਾਅ ਰਿਹਾ ਹੋਵੇ ਤਾਂ ਫਿਰ ਉਹ ਸ਼ੈਤਾਨ ਦੇ ਨੇੜੇ ਹੁੰਦਾ ਹੈ। ਤਿਣਕਾ-ਤਿਣਕਾ ਇਕੱਠਾ ਕਰਕੇ ਜਦੋਂ ਚਿੜੀਆਂ ਇਕ ਘੌਂਸਲਾ ਬਣਾਉਂਦੀਆਂ ਹਨ ਤਾਂ ਬਣਾਉਣ ਦੇ ਸਮੇਂ ਉਹ ਵੀ ਰੱਬ ਦੇ ਨੇੜੇ ਹੁੰਦੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਰੰਗਾਂ ਨੂੰ ਇਕੱਠਾ ਕਰਕੇ ਜਦੋਂ ਕੋਈ ਮੁਸੱਵਰ ਇਕ ਤਸਵੀਰ ਬਣਾਉਂਦਾ ਹੈ, ਜਦੋਂ ਕੋਈ ਚਿੱਤਰਕਾਰ ਇਕ ਚਿੱਤਰ ਬਣਾਉਂਦਾ ਹੈ ਤਾਂ ਉਹ ਵੀ ਪ੍ਰਮਾਤਮਾ ਦੇ ਨੇੜੇ ਹੁੰਦਾ ਹੈ। ਸੁਰਾਂ ਨੂੰ ਇਕੱਠਾ ਕਰਕੇ ਜਦੋਂ ਕਿਸੇ ਰਾਗ ਦਾ ਜਨਮ ਕਿਸੇ ਰਾਗੀ ਤੋਂ ਹੁੰਦਾ ਹੈ, ਤਾਂ ਉਹ ਵੀ ਪ੍ਰਮਾਤਮਾ ਦੇ ਨੇੜੇ ਹੁੰਦਾ ਹੈ। ਬੋਲਾਂ ਨੂੰ ਇਕੱਠਾ ਕਰਕੇ, ਅਲਫ਼ਾਜ਼ਾਂ ਨੂੰ ਇਕੱਠਾ ਕਰਕੇ ਤੇ ਤਰਤੀਬ ਦੇ ਕੇ ਜਦੋਂ ਕੋਈ ਕਵਿਤਾ ਨੂੰ ਜਨਮ ਦਿੰਦਾ ਹੈ, ਕਿਸੇ ਸਵੱਯੇ ਨੂੰ, ਕਿਸੇ ਕਬਿੱਤ ਨੂੰ, ਕਿਸੇ ਛੰਦ ਨੂੰ ਜਨਮ ਦਿੰਦਾ ਹੈ, ਤਾਂ ਉਸ ਸਮੇਂ ਸਿਰਜਣ ਦੀ ਕਿਰਿਆ ਵਿਚ ਉਹ ਕਰਤਾ ਪ੍ਰਮਾਤਮਾ ਦੇ ਨੇੜੇ ਹੁੰਦਾ ਹੈ। ਇਸ ਲਈ ਆਦਿ ਕਾਲ ਤੋਂ ਕਲਾਕਾਰ ਪੂਜੇ ਜਾ ਰਹੇ ਹਨ।

ਮਿੱਟੀ ਨੂੰ ਘੜ ਕੇ ਪਿਆਲੇ ਬਣਾਉਣੇ, ਪੱਥਰ ਨੂੰ ਘੜ ਕੇ ਮੂਰਤੀਆਂ ਬਣਾਉਣਾ, ਰੰਗਾਂ ਨੂੰ ਸਵਾਰ ਕੇ ਤਸਵੀਰ ਬਣਾਉਣੀ ਇਹ ਤਾਂ ਮਹਾਨ ਕਲਾ ਹੈ, ਪਰ ਮਨੁੱਖ ਨੂੰ ਘੜ ਕੇ ਪ੍ਰਮਾਤਮਾ ਹੀ ਬਣਾ ਦੇਣਾ ਇਹ ਮਹਾਂ ਕਲਾ ਹੈ ਅਤੇ ਇਸੇ ਮਹਾਂ ਕਲਾ ਨੂੰ ਜਨਮ ਦਿੱਤਾ ਹੈ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ। ਇਹ ਮਹਾਨ ਕਲਾਕਾਰ ਅਤੇ ਉਸ ਮਹਾਨ ਕਲਾਕਾਰ ਦੀ ਕਿਰਤ ਦਾ ਨਾਮ ਹੈ ਖ਼ਾਲਸਾ। ਖ਼ਾਲਸੇ ਦੇ ਅਰਥ ਹਨ ਸ਼ੁੱਧ, ਪਾਵਨ, ਪਵਿੱਤਰ। ਮੈਲ ਕਿਸੇ ਨੂੰ ਵੀ ਚੰਗੀ ਨਹੀਂ ਲੱਗਦੀ। ਮੈਲਾ ਪਾਣੀ ਪੀਣ ਦੇ ਲਾਇਕ ਨਹੀਂ ਹੁੰਦਾ। ਬਣੇ ਹੋਏ ਭੋਜਨ 'ਤੇ ਕੋਈ ਮੈਲ ਪੈ ਗਈ ਹੈ, ਖਾਣ ਦੇ ਲਾਇਕ ਨਹੀਂ ਹੁੰਦਾ। ਅਤਿਅੰਤ ਮੈਲਾ ਕੱਪੜਾ ਘ੍ਰਿਣਾ ਪੈਦਾ ਕਰਦਾ ਹੈ ਅਤੇ ਇਸੇ ਤਰੀਕੇ ਨਾਲ ਮੈਲੀ ਥਾਂ 'ਤੇ ਬੈਠਣ ਨੂੰ ਜੀਅ ਨਹੀਂ ਕਰਦਾ। ਮੈਲ ਕਿਸੇ ਵੀ ਪੱਖ ਵਿਚ ਚੰਗੀ ਨਹੀਂ ਲੱਗਦੀ। ਜੇ ਮੈਲੀਆਂ ਵਸਤੂਆਂ ਵਰਤੋਂ ਦੇ ਕਾਬਲ ਨਹੀਂ ਹਨ ਤਾਂ ਮੈਲਾ ਮਨੁੱਖ ਵੀ ਪ੍ਰਮਾਤਮਾ ਨੂੰ ਕਬੂਲ ਨਹੀਂ ਹੈ। ਮੈਲਾ ਮਨੁੱਖ ਪ੍ਰਮਾਤਮਾ ਦੇ ਦਰਬਾਰ ਵਿਚ ਥਾਂ ਨਹੀਂ ਪਾ ਸਕਦਾ।

ਮਨੁੱਖ ਦਾ ਸ਼ੁੱਧ ਹੋਣਾ ਬੜਾ ਲਾਜ਼ਮੀ ਹੈ। ਕਿਵੇਂ ਇਹ ਪਵਿੱਤਰ ਹੋਵੇ ? ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ 'ਤੇ ਮਿਹਨਤ ਕੀਤੀ। ਇਸ ਨੂੰ ਸਾਫ਼ ਕਹਿ ਦਿੱਤਾ ਕਿ ਤੂੰ ਕਬੂਲ ਕਰ ਕਿ ਮੈਂ ਕੁਝ ਨਹੀਂ ਜਾਣਦਾ ਅਤੇ ਮੈਂ ਸਿੱਖਣਾ ਹੈ। ਜਿਸ ਦੇ ਅੰਦਰ ਸਿੱਖਣ ਦੀ ਭਾਵਨਾ ਪੈਦਾ ਹੋ ਗਈ ਤਾਂ ਇਹ ਉਸੇ ਦੇ ਅੰਦਰ ਪੈਦਾ ਹੋਵੇਗੀ ਜਿਹੜਾ ਕਬੂਲ ਕਰੇ ਕਿ ਮੈਂ ਕੁਝ ਵੀ ਨਹੀਂ ਜਾਣਦਾ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ 'ਤੇ ਮਿਹਨਤ ਕਰਨੀ ਸ਼ੁਰੂ ਕੀਤੀ। ਇਸਨੂੰ ਸਾਫ਼ ਕਹਿ ਦਿੱਤਾ ਕਿ ਤੂੰ ਕਬੂਲ ਕਰ ਕਿ ਮੈਂ ਕੁਝ ਵੀ ਨਹੀਂ ਜਾਣਦਾ ਅਤੇ ਮੈਂ ਸਿੱਖਣਾ ਹੈ। ਅਜਿਹੇ ਮਨੁੱਖ ਦਾ ਨਾਮ ਪੈ ਜਾਂਦਾ ਹੈ ਸਿੱਖ। ਸਿੱਖਣ ਦੀ ਭਾਵਨਾ ਨਹੀਂ ਪੈਦਾ ਹੋਈ, ਸਿੱਖਣ ਦੀ ਚਾਹਤ ਪੈਦਾ ਨਹੀਂ ਹੋਈ ਅਤੇ ਇਹ ਭਾਵ ਨਹੀਂ ਪੈਦਾ ਹੋਇਆ ਕਿ ਮੈਂ ਕੁਝ ਵੀ ਨਹੀਂ ਜਾਣਦਾ ਅਤੇ ਅਜਿਹਾ ਦਾਅਵਾ ਕਰੇ ਕਿ ਮੈਂ ਬਹੁਤ ਕੁਝ ਜਾਣਦਾ ਹਾਂ।

ਕਹਿੰਦੇ ਹਨ ਇਕ ਖ਼ਾਸ ਮਨੁੱਖ ਚੋਟੀ ਦਾ ਧਨਵਾਨ ਬਣ ਕੇ ਨਿਰਮਾਣ ਹੋ ਜਾਂਦਾ ਹੈ ਅਤੇ ਉਸ ਦੀ ਸਮਝ ਵਿਚ ਆਉਂਦਾ ਹੈ ਕਿ ਸਭ ਕੁਝ ਪ੍ਰਾਪਤ ਕਰਕੇ ਪਤਾ ਚੱਲਿਆ ਹੈ ਕਿ ਕੁਝ ਵੀ ਨਹੀਂ ਮਿਲਿਆ। ਬਹੁਤਾ ਗਿਆਨ ਪ੍ਰਾਪਤ ਕਰਕੇ ਵੀ ਪਤਾ ਚੱਲਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਦਾ। ਜਾਣ-ਜਾਣ ਕੇ ਇੰਨਾ ਪਤਾ ਚੱਲਦਾ ਹੈ ਕਿ ਮੈਂ ਕੁਝ ਨਹੀਂ ਜਾਣਦਾ। ਬਹਾਦਰ ਸ਼ਾਹ ਜ਼ਫ਼ਰ ਦੇ ਦਰਬਾਰੀ ਕਵੀ ਸਨ ਉਸਤਾਦ ਜ਼ੋਕ। ਉਹਨਾਂ ਦਾ ਬੜਾ ਕੀਮਤੀ ਬੋਲ ਹੈ-

*ਹਮ ਜਾਨਤੇ ਥੇ ਕਿ ਇਲਮ ਸੇ ਕੁਝ ਜਾਨੇਂਗੇ।*
*ਔਰ ਜਾਨਾ ਤੋ ਯਿਹ ਜਾਨਾ ਕਿ ਨਾ ਜਾਨਾ ਕੁਛ ਭੀ।*

ਸਹੀ ਮਾਇਨਿਆਂ ਵਿਚ ਗਿਆਨ ਹਾਸਿਲ ਕਰਕੇ ਪਰਮ ਗਿਆਨੀ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਮੈਂ ਕੁਝ ਨਹੀਂ ਜਾਣਦਾ। ਥਾਂ-ਥਾਂ 'ਤੇ ਵਿਚਾਰ ਵਿਅਕਤ ਕਰਕੇ ਕਿਤੇ ਮੰਦਿਰਾਂ ਵਿਚ, ਕਿਤੇ ਮਸਜਿਦਾਂ ਵਿਚ, ਕਿਤੇ ਤੀਰਥਾਂ 'ਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਗਿਆਤ ਮਨੁੱਖਤਾ ਦੇ ਅੰਦਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਸੁਮੇਰ ਪਰਬਤ 'ਤੇ ਆਪ ਗਏ ਹਨ। ਤਮਾਮ ਧਾਰਮਿਕ ਕੇਂਦਰਾਂ 'ਤੇ ਆਪ ਗਏ ਹਨ। ਇਹ ਅਹਿਸਾਸ ਦਿਲਾਉਣ ਲਈ ਕਿ ਐ ਮਨੁੱਖ ! ਤੂੰ ਕੁਝ ਵੀ ਨਹੀਂ ਜਾਣਦਾ। ਸਵਰ ਗਿਆ ਸਿੱਖ, ਸ਼ਿੰਗਾਰਿਆ ਗਿਆ ਸਿੱਖ। ਇਹ ਮਹਾਂ ਦਾਨੀ ਹੋ ਗਿਆ। ਇਹ ਮਹਾਂ ਗਿਆਨੀ ਹੋ ਗਿਆ। ਇਹ ਪ੍ਰੇਮ ਦਾ ਸਾਗਰ ਬਣ ਗਿਆ। ਇਹ ਨਿਰਵੈਰਤਾ ਦੀ ਮੂਰਤੀ ਬਣ ਗਿਆ। ਇਹ ਦਇਆ ਦੀ ਤਸਵੀਰ ਬਣ ਗਿਆ।

ਜਦੋਂ ਇਸ ਤਰ੍ਹਾਂ ਦੀ ਮੂਰਤੀ ਸਾਹਮਣੇ ਆਈ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਾਂ ਫਿਰ ਆਪ ਨੇ ਇਸਨੂੰ ਫ਼ਰੇਮ ਕਰਕੇ ਨਾਮ ਦਿੱਤਾ ਖ਼ਾਲਸਾ। ਪੂਰਨ ਪ੍ਰੇਮ ਵਿਚ ਸਾਰਾ ਬ੍ਰਹਿਮੰਡ ਆ ਜਾਂਦਾ ਹੈ। ਪ੍ਰੇਮ ਸੁੱਕੜ-ਸੁੱਕੜ ਕੇ ਪੁੱਤਰ 'ਤੇ ਟਿੱਕ ਗਿਆ ਤਾਂ ਮੋਹ ਹੈ। ਪ੍ਰੇਮ

ਦਾ ਵਿਸਥਾਰ ਰੁੱਕ ਗਿਆ, ਸੰਕੀਰਨ ਹੋ ਗਿਆ ਹੈ, ਪੱਦਵੀ 'ਤੇ ਟਿੱਕ ਗਿਆ ਹੈ ਤਾਂ ਮੋਹ ਹੈ। ਮਾਂ 'ਤੇ ਟਿੱਕ ਗਿਆ ਤਾਂ ਮੋਹ ਹੈ। ਪਿਤਾ 'ਤੇ ਟਿੱਕ ਗਿਆ ਤਾਂ ਮੋਹ ਹੈ। ਜੋ ਮੇਰਾ ਹੈ, ਉਹੀ ਚੰਗਾ ਲੱਗਦਾ ਹੈ, ਦੂਸਰਾ ਨਹੀਂ, ਇਸੇ ਨੂੰ ਮੋਹ ਕਹਿੰਦੇ ਹਨ। ਮੋਹ ਮੇਰਾ, ਮੇਰਾ। ਇਹ ਮੇਰਾ ਪੁੱਤਰ ਹੈ, ਇਹ ਮੇਰੀ ਪਤਨੀ ਹੈ, ਇਹ ਮੇਰਾ ਪਤੀ ਹੈ, ਇਹ ਮੇਰਾ ਪਿਤਾ ਹੈ ਅਤੇ ਇਹ ਮੇਰਾ ਮਿੱਤਰ ਹੈ। ਇਹੀ ਸਾਰਾ ਬ੍ਰਹਿਮੰਡ ਹੈ।

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥*

(ਅੰਗ ੬੭੧)

ਇਹ ਪ੍ਰੇਮ ਹੈ। ਮੋਹ ਵਿਚ ਗ੍ਰਸਿਆ ਮਨੁੱਖ ਮੈਲਾ ਹੋਵੇਗਾ। ਆਪਣੇ ਪੁੱਤਰ ਦਾ ਭਲਾ ਮੰਗ ਸਕਦਾ ਹੈ, ਪੜੋਸੀ ਦੇ ਪੁੱਤਰ ਦਾ ਨਹੀਂ। ਇਹ ਆਪਣੇ ਪਰਿਵਾਰ ਦਾ ਭਲਾ ਮੰਗ ਸਕਦਾ ਹੈ, ਬਾਕੀ ਪਰਿਵਾਰਾਂ ਦਾ ਨਹੀਂ। ਇਹ ਆਪਣਾ ਭਲਾ ਮੰਗ ਸਕਦਾ ਹੈ, ਦੂਜੇ ਦਾ ਨਹੀਂ। ਪ੍ਰੇਮ ਵਿਚ ਲੀਨ ਮਨੁੱਖ ਸਰਬੱਤ ਦਾ ਭਲਾ ਮੰਗੇਗਾ।

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥*

(ਅਰਦਾਸ)

ਪ੍ਰੇਮ ਤੋਂ ਬਿਨਾਂ ਹਿਰਦੇ ਦੀ ਸ਼ੁੱਧੀ ਨਹੀਂ ਹੋ ਸਕਦੀ। ਦੇਖਿਆ ਗਿਆ ਹੈ ਕਿ ਵੱਡੇ ਤੋਂ ਵੱਡਾ ਦਾਨੀ ਜੋ ਪ੍ਰੇਮ ਤੋਂ ਹੀਣਾ ਹੈ, ਉਹ ਦਾਨ ਕਰਕੇ ਹੰਕਾਰੀ ਹੋ ਗਿਆ ਹੈ। ਹੰਕਾਰ ਮੈਲ ਹੈ। ਬੜੇ-ਬੜੇ ਗਿਆਨੀ ਮੈਲੇ ਦੇਖੇ ਗਏ ਹਨ। ਬੜੀ-ਬੜੀ ਸੇਵਾ ਕਰਨ ਵਾਲੇ ਕਠੋਰ ਦੇਖੇ ਗਏ ਹਨ। ਬੜੇ-ਬੜੇ ਪਰਉਪਕਾਰੀ ਦੁਰਾਚਾਰੀ ਦੇਖੇ ਗਏ ਹਨ। ਗੁਰਬਾਣੀ ਕਹਿੰਦੀ ਹੈ-

*ਹ੍ਰਿਦੈ ਕਪਟੁ ਮੁਖ ਗਿਆਨੀ॥*
*ਝੂਠੇ ਕਹਾ ਬਿਲੋਵਸਿ ਪਾਨੀ॥*

(ਅੰਗ ੬੫੬)

ਕਪਟ ਅਤੇ ਫਿਰ ਗਿਆਨ, ਇਹ ਤਾਂ ਪਾਣੀ ਦਾ ਰਿੜਕਣਾ ਹੈ ਅਤੇ ਪਾਣੀ ਨੂੰ ਮੰਥਨ ਕਰਨ ਦੇ ਨਾਲ ਮੱਖਣ ਦੀ ਪ੍ਰਾਪਤੀ ਨਹੀਂ ਹੁੰਦੀ। ਪ੍ਰੇਮ ਹਿਰਦੇ ਨੂੰ ਸ਼ੁੱਧ ਕਰ ਦਿੰਦਾ ਹੈ। ਗਿਆਨੀ ਦਾ ਹਿਰਦਾ ਮੈਲਾ ਹੋ ਸਕਦਾ ਹੈ, ਦਾਨੀ ਦਾ ਹਿਰਦਾ ਮੈਲਾ ਹੋ ਸਕਦਾ ਹੈ, ਪਰਉਪਕਾਰੀ ਦਾ ਹਿਰਦਾ ਮੈਲਾ ਹੋ ਸਕਦਾ ਹੈ, ਪ੍ਰੇਮੀ ਦਾ ਹਿਰਦਾ ਤਾਂ ਸ਼ੁੱਧ ਹੁੰਦਾ ਹੈ। ਜਿਸ ਨਾਲ ਪ੍ਰੇਮ ਹੋਵੇ, ਉਸ ਤੋਂ ਸਦਕੇ ਹੋਣ ਨੂੰ ਜੀਅ ਕਰਦਾ ਹੈ। ਜਿਸ ਨਾਲ ਦੁਸ਼ਮਣੀ ਹੋਵੇ, ਉਸ ਦਾ ਖੋਹਣ ਨੂੰ ਜੀਅ ਕਰਦਾ ਹੈ। ਪ੍ਰੇਮ ਹੈ ਤਾਂ ਜੀਅ ਕਰਦਾ ਹੈ ਇਸਨੂੰ ਸੁੱਖ ਦੇ ਦੇਈਏ, ਆਰਾਮ ਦੇ ਦੇਈਏ ਤੇ ਜੇ ਕਿਤੇ ਮੋਹ ਪੈ ਜਾਏ ਤਾਂ ਇਸ ਨੂੰ ਆਪਣੀ ਜਿੰਦ ਜਾਨ ਦੇ ਦੇਈਏ। ਪਰ ਜੇ ਦੁਸ਼ਮਣੀ ਹੈ, ਘ੍ਰਿਣਾ ਹੈ ਤਾਂ ਖੋਹਣ ਨੂੰ ਜੀਅ ਕਰਦਾ ਹੈ। ਇਸ ਦੀ ਇੱਜ਼ਤ ਖੋਹ

ਲਈਏ, ਇਸ ਦੀ ਧਨ ਸੰਪਦਾ ਖੋਹ ਲਈਏ, ਇਸ ਦੀ ਮਾਨ-ਮਰਿਆਦਾ ਖੋਹ ਲਈਏ ਅਤੇ ਮੌਕਾ ਮਿਲ ਜਾਏ ਤਾਂ ਇਸ ਦੀ ਜਿੰਦ-ਜਾਨ ਖੋਹ ਲਈਏ।

ਪ੍ਰੇਮ ਕੁਰਬਾਨੀ ਦੇਣ 'ਤੇ ਮਜਬੂਰ ਕਰਦਾ ਹੈ ਅਤੇ ਪ੍ਰੇਮ ਤੋਂ ਬਿਨਾਂ ਹਿਰਦੇ ਦੀ ਸ਼ੁੱਧੀ ਨਹੀਂ। ਪ੍ਰੇਮ ਪ੍ਰਮਾਤਮਾ ਦਾ ਰੂਪ ਹੈ। ਮਹਾਂ ਕਵੀ ਤੁਲਸੀ ਕਹਿੰਦੇ ਹਨ ਕਿ ਜਿਵੇਂ ਰੌਸ਼ਨੀ ਸੂਰਜ ਹੈ, ਸੂਰਜ ਰੌਸ਼ਨੀ ਹੈ। ਪ੍ਰੇਮ ਪ੍ਰਮਾਤਮਾ ਹੈ, ਪ੍ਰਮਾਤਮਾ ਪ੍ਰੇਮ ਹੈ। ਕਲਗੀਧਰ ਪਿਤਾ ਕਹਿੰਦੇ ਹਨ-

*ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

(ਜਾਪੁ ਸਾਹਿਬ)

ਜਦੋਂ ਸਿੱਖ ਇੰਨਾ ਪਾਵਨ ਹੋ ਗਿਆ ਤਾਂ ਇਸਨੂੰ ਕੁਝ ਸੌਗਾਤਾਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਖ਼ਸ਼ਿਸ਼ ਕੀਤੀਆਂ ਹਨ, ਜਿਨ੍ਹਾਂ ਨੂੰ ਕਹਿੰਦੇ ਹਨ ਰਹਿਤ-ਬਹਿਤ। ਕੁਝ ਮਾਨਸਿਕ ਰਹਿਤ ਹੈ, ਕੁਝ ਸਰੀਰਕ ਰਹਿਤ ਹੈ ਅਤੇ ਇਹ ਰਹਿਤ ਜਿਸ ਕੋਲ ਹੈ ਉਸਨੂੰ ਮੇਰੇ ਪਾਤਿਸ਼ਾਹ ਨੇ ਕਹਿ ਦਿੱਤਾ-

*ਰਹਿਣੀ ਰਹੈ ਸੋਈ ਸਿਖ ਮੇਰਾ,*
*ਓਹੁ ਠਾਕੁਰੁ ਮੈ ਉਸ ਕਾ ਚੇਰਾ॥*

(ਰਹਿਤਨਾਮਾ ਭਾ: ਦੇਸਾ ਸਿੰਘ)

ਉਹ ਤਾਂ ਮੇਰਾ ਮਾਲਕ ਹੈ, ਮੈਂ ਉਸਦਾ ਨੌਕਰ ਹਾਂ। ਇਹ ਮਾਨਸਿਕ ਅਤੇ ਸਰੀਰਕ ਰਹਿਤ ਕੀ ਹੈ ? ਜਿਸ ਸਿੰਘਾਸਣ ਉਤੇ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪ ਬੈਠਣਾ ਹੈ, ਜਿਸ ਉਤੇ ਗੁਰੂ ਨੇ ਆਪ ਬੈਠਣਾ ਹੈ, ਜਿਸ ਉਤੇ ਪ੍ਰਭੂ ਨੇ ਆਪ ਬੈਠਣਾ ਹੈ, ਉਹ ਸਿੰਘਾਸਣ ਤਾਂ ਮਹਾਨ ਚਾਹੀਦਾ ਹੈ। ਖ਼ਾਲਸਾ ਪ੍ਰਮਾਤਮਾ ਦਾ ਸਿੰਘਾਸਣ ਹੈ। ਜਿੰਨਾ ਕੋਈ ਮਹਾਨ ਹੁੰਦਾ ਹੈ, ਉਸ ਦਾ ਆਸਣ ਵੀ ਉੱਨਾ ਹੀ ਮਹਾਨ ਹੁੰਦਾ ਹੈ।

ਖ਼ਾਲਸੇ ਦੀ ਬੈਰੂਨੀ ਰੂਪ ਰੇਖਾ ਨੂੰ ਕਕਾਰ ਕਹਿੰਦੇ ਹਨ। ਅੰਦਰੂਨੀ ਨੂੰ ਵਿਚਾਰ ਕਹਿੰਦੇ ਹਨ।

*ਸਿਖੀ ਸਿਖਿਆ ਗੁਰ ਵੀਚਾਰਿ॥*

(ਅੰਗ ੪੬੫)

ਜਿਸ ਦੇ ਵਿਚਾਰਾਂ ਵਿਚ ਗੁਰੂ ਹੈ, ਜਿਸ ਦੇ ਵਿਚਾਰਾਂ ਵਿਚ ਪ੍ਰਮਾਤਮਾ ਹੈ, ਜਿਸ ਦੇ ਵਿਚਾਰਾਂ ਵਿਚ ਪ੍ਰੇਮ ਹੈ, ਇਹ ਸਿੱਖੀ ਸਰੂਪ ਹੈ। ਕਕਾਰ ਵਿਚ ਕੜਾ ਹੈ, ਕਛਹਿਰਾ ਹੈ, ਕੇਸ ਹੈ, ਕੰਘਾ ਹੈ, ਕਿਰਪਾਨ ਹੈ। ਪੰਜਾਬੀ ਦਾ ਜੋ 'ਕ' ਹੈ, ਜੋ ਇੰਗਲਿਸ਼ ਦਾ 'K' ਹੈ ਅਰਬੀ, ਫ਼ਾਰਸੀ, ਉਰਦੂ ਵਿਚ ਇਸਨੂੰ ਕਾਫ਼ ਕਹਿੰਦੇ ਹਨ। ਸਿੱਖੀ ਦੀਆਂ ਨਿਸ਼ਾਨੀਆਂ ਪੰਜ ਕਾਫ਼ ਵਿਚ ਬੰਦ ਹਨ। ਉਹ ਪੰਜ ਕਾਫ਼ ਕਿਹੜੇ ਹਨ, ਉਹ ਪੰਜ ਕਕੇ ਹਨ— ਕੜਾ ਹੈ, ਕਛਹਿਰਾ ਹੈ, ਕੰਘਾ ਹੈ, ਕਿਰਪਾਨ ਹੈ, ਕੇਸ ਹਨ। ਕੇਸਾਂ ਤੋਂ ਬਿਨਾਂ ਬਾਕੀ ਚਾਰ ਨਿਸ਼ਾਨੀਆਂ ਪ੍ਰਵਾਨ

ਨਹੀਂ। ਕੜਾ ਹੈ ਤੇ ਕੇਸ ਨਹੀਂ, ਇਹ ਖ਼ਾਲਸਾ ਨਹੀਂ। ਕਛਹਿਰਾ ਹੈ, ਕਿਰਪਾਨ ਹੈ, ਕੇਸ ਨਹੀਂ, ਇਹ ਖ਼ਾਲਸਾ ਨਹੀਂ। ਚਾਰੇ ਦੇ ਚਾਰੇ ਕਕਾਰ ਰੱਖੇ ਹੋਏ ਹਨ, ਪਰ ਕੇਸ ਨਹੀਂ, ਇਹ ਮਨੁੱਖ ਹੈ, ਕਿਸੇ ਹੋਰ ਸੰਪਰਦਾ ਦਾ ਗਿਆਨੀ ਹੋ ਸਕਦਾ ਹੈ, ਘੱਟ ਤੋਂ ਘੱਟ ਇਹ ਖ਼ਾਲਸਾ ਨਹੀਂ। ਕੇਸਾਂ ਤੋਂ ਬਿਨਾਂ ਬਾਕੀ ਚਾਰੇ ਨਿਸ਼ਾਨੀਆਂ ਫ਼ਜ਼ੂਲ ਹਨ, ਕਿਉਂਕਿ ਕੇਸਾਂ ਵਿਚ ਖ਼ਾਲਸਾ ਝਲਕਦਾ ਹੈ। ਕੇਸਾਂ ਦੀ ਆਪਣੀ ਦੁਨੀਆਂ ਹੈ, ਆਪਣੀ ਮਹਾਨਤਾ ਹੈ ਅਤੇ ਪ੍ਰਮਾਤਮਾ ਵੱਲੋਂ ਦਿੱਤਾ ਹੋਇਆ ਇਹ ਮਹਾਨ ਸ਼ਿੰਗਾਰ ਹੈ।

ਜਦੋਂ ਮਨੁੱਖ ਨਾਮ ਅਭਿਆਸ ਵਿਚ ਬੈਠਦਾ ਹੈ ਤਾਂ ਦਸਮ ਦੁਆਰ ਸਿਰ ਵਿਚ ਹੈ। ਇਹ ਜਦੋਂ ਦੁਆਰ ਖੁੱਲ੍ਹਦਾ ਹੈ ਤਾਂ ਰੱਸ ਦੇ ਝਰਨੇ ਵੱਗ ਪੈਂਦੇ ਹਨ ਅਤੇ ਇਹ ਰੱਸ ਸਿਰ ਦੇ ਵਿਚ ਜਮ੍ਹਾ ਹੋ ਜਾਂਦਾ ਹੈ। ਇਹ ਰੱਸ ਛੇਤੀ ਖ਼ਾਰਿਜ ਨਾ ਹੋ ਜਾਏ, ਚਲਾ ਨਾ ਜਾਏ, ਕਾਫ਼ੀ ਸਮੇਂ ਤੱਕ ਬਣਿਆ ਰਹੇ। ਜਿਵੇਂ ਕੋਈ ਮਿੱਠੀ ਚੀਜ਼ ਮਨੁੱਖ ਨੇ ਖਾਧੀ ਹੈ, ਇਕ ਮਿੰਟ, ਦੋ ਮਿੰਟ ਤਾਂ ਮੂੰਹ ਵਿਚ ਮਿਠਾਸ ਰਹਿਣੀ ਹੈ। ਜਿਵੇਂ ਕੋਈ ਕੌੜਾ ਪਦਾਰਥ ਮਨੁੱਖ ਨੇ ਚੱਖਿਆ ਹੈ ਤਾਂ ਛੱਕਣ ਤੋਂ ਬਾਅਦ ਇਕ-ਦੋ ਮਿੰਟ ਤਾਂ ਕੌੜਾਪਣ ਮੂੰਹ ਵਿਚ ਰਹਿੰਦਾ ਹੈ। ਜਿਵੇਂ ਕਿਸੇ ਨੇ ਨਾਮ ਜੱਪਿਆ ਹੈ, ਮਹਾਂ-ਰੱਸ ਮਾਣਿਆ ਹੈ, ਉਹ ਮਹਾਂ-ਰੱਸ ਕੁਝ ਸਮੇਂ ਤੱਕ ਤਾਂ ਰਹਿੰਦਾ ਹੈ। ਜ਼ਿਆਦਾ ਸਮੇਂ ਤੱਕ ਰਹੇ, ਕੇਸ ਮਦਦ ਕਰਦੇ ਹਨ। ਫਿਰ ਕੇਸਾਂ ਵਿਚੋਂ ਵੀ ਇਹ ਸ਼ਕਤੀ, ਇਹ ਰੱਸ ਨਿਕਲ ਨਾ ਜਾਏ ਤਾਂ ਦਸਤਾਰ ਮਦਦ ਕਰਦੀ ਹੈ। ਇਸ ਲਈ ਬਾਕੀ ਦੇ ਜੋ ਕੱਪੜੇ ਅਸੀਂ ਪਹਿਨੇ ਹਨ, ਸਮਾਜਿਕ ਹਨ। ਦਸਤਾਰ ਸਮਾਜਿਕ ਨਹੀਂ ਹੈ, ਧਾਰਮਿਕ ਹੈ। ਪਜਾਮਾ ਪਹਿਨਿਆ ਹੈ, ਟਾਈ ਪਹਿਨੀ ਹੈ, ਪੈਂਟ ਪਹਿਨੀ ਹੈ, ਕੁਝ ਵੀ ਜਿਸਮ 'ਤੇ ਧਾਰਨ ਕੀਤਾ ਹੈ ਜਾਂ ਕਿਸੇ ਬੀਬੀ ਇਸਤਰੀ ਨੇ ਤਨ ਉੱਤੇ ਜੋ ਵੀ ਧਾਰਨ ਕੀਤਾ ਹੈ, ਸਭ ਸਮਾਜਿਕ ਹੈ।

ਮਸਤਕ ਦੀ ਦਸਤਾਰ ਤਾਂ ਧਾਰਮਿਕ ਹੈ। ਇਸ ਲਈ ਕੋਈ ਤਨ 'ਤੇ ਹੋਰ ਕੱਪੜਾ ਨਹੀਂ ਤਾਂ ਇਸਨੂੰ ਬੇਇੱਜ਼ਤੀ ਦੀ ਨਿਸ਼ਾਨੀ ਨਹੀਂ ਮੰਨਦੇ। ਪਰ ਸਿਰ 'ਤੇ ਪੱਗ ਨਹੀਂ ਤਾਂ ਅਗਲਾ ਕਹਿੰਦਾ ਹੈ ਕਿ ਅਗਲੇ ਦੀ ਤਾਂ ਪੱਗ ਲਹਿ ਗਈ। ਪੱਗ ਇੱਜ਼ਤ ਹੈ, ਪੱਗ ਧਰਮ ਹੈ, ਪੱਗ ਅਣਖ ਹੈ, ਪੱਗ ਰੱਸ ਹੈ। ਇਸਦੇ ਵਿਚ ਹੀ ਸਾਰਾ ਰੱਸ ਹੈ। ਇਹੀ ਕਾਰਨ ਹੈ ਕਿ ਆਦਿ ਕਾਲ ਤੋਂ ਵੇਦ ਪਾਠੀ ਸਿਰ ਉੱਤੇ ਬਹੁਤ ਵੱਡਾ ਪੱਗੜ ਬੰਨ੍ਹ ਕੇ ਹੀ ਵੇਦਾਂ ਦਾ ਪਾਠ ਕਰਦੇ ਸਨ। ਨੰਗੇ ਸਿਰ ਕੋਈ ਨਿਮਾਜ਼ੀ ਨਿਮਾਜ਼ ਨਹੀਂ ਪੜ੍ਹਦਾ। ਮੁਹੰਮਦ ਸਾਹਿਬ ਬਹੁਤ ਸੁੰਦਰ ਆਪਣੇ ਸਿਰ 'ਤੇ ਦਸਤਾਰ ਸਜਾਉਂਦੇ ਸਨ। ਦਸਤਾਰ ਸ਼ਬਦ ਅਰਬੀ ਦਾ ਹੈ। ਸੋ ਇਸਲਾਮੀ ਜਗਤ ਅਰਬ ਦਾ ਦਸਤਾਰ ਸਜਾਉਂਦਾ ਸੀ।

ਸਮੇਂ ਦੇ ਨਾਲ ਨਾਲ ਬ੍ਰਾਹਮਣਾਂ ਦੇ ਸਿਰ 'ਤੇ ਵੀ ਦਸਤਾਰ ਨਹੀਂ ਰਹੀ ਤੇ ਮੁਸਲਮਾਨਾਂ ਦੇ ਸਿਰ 'ਤੇ ਵੀ ਦਸਤਾਰ ਨਹੀਂ ਰਹੀ। ਕਹਿੰਦੇ ਹਨ ਸੋਨਾ, ਚਾਂਦੀ, ਹੀਰਾ, ਮੋਤੀ ਘਰ ਵਿਚ ਬਹੁਤਾਤ ਵਿਚ ਹੋਵੇ ਤਾਂ ਸੇਫ਼ ਦੀ ਲੋੜ ਪੈ ਜਾਂਦੀ ਹੈ, ਤਿਜੋਰੀ ਦੀ ਲੋੜ ਪੈ ਜਾਂਦੀ ਹੈ। ਪਰ ਹੈ ਹੀ ਨਹੀਂ ਕੁਝ ਤਾਂ ਫਿਰ ਤਿਜੋਰੀ ਦੀ ਲੋੜ ਨਹੀਂ। ਮਸਤਕ ਰੱਸ ਨਾਲ ਭਰਿਆ ਹੋਇਆ

ਹੈ, ਰੂਹਾਨੀਅਤ ਨਾਲ ਭਰਿਆ ਹੋਇਆ ਹੈ ਤਾਂ ਕੇਸਾਂ ਦੀ ਲੋੜ ਹੈ, ਪੱਗ ਦੀ ਲੋੜ ਹੈ। ਸਿਰ ਹੀ ਖ਼ਾਲੀ ਹੈ, ਸਿਰ ਦੇ ਵਿਚ ਹੀ ਕੁਝ ਨਹੀਂ ਤਾਂ ਫਿਰ ਕੁਦਰਤੀ ਗੱਲ ਹੈ ਕੇਸਾਂ ਦੀ ਲੋੜ ਮਹਿਸੂਸ ਨਹੀਂ ਹੋਵੇਗੀ, ਦਸਤਾਰ ਦੀ ਲੋੜ ਮਹਿਸੂਸ ਨਹੀਂ ਹੋਵੇਗੀ। ਜੇ ਸਿਰ ਵਿਚ ਕੁਝ ਹੈ, ਤਾਂ ਉਹ ਕੇਸਾਂ ਨਾਲ, ਦਸਤਾਰ ਨਾਲ ਪਿਆਰ ਪਾਉਂਦੇ ਹਨ। ਕੇਸ ਰੱਬੀ ਸੁਹੱਪਣ ਵੀ ਹਨ। ਮੋਰ ਦੇ ਸਾਹਮਣੇ ਮੋਰਨੀ ਬਿਲਕੁਲ ਫਿੱਕੀ ਲੱਗਦੀ ਹੈ। ਮੋਰ ਦੇ ਲੰਬੇ-ਲੰਬੇ ਪੰਖ ਸ਼ਿੰਗਾਰ ਹਨ। ਜਿਹੜਾ ਸ਼ਿੰਗਾਰ ਕੁਦਰਤ ਨੇ ਸ਼ੇਰ ਨੂੰ ਦਿੱਤਾ ਹੈ, ਮੋਰ ਨੂੰ ਦਿੱਤਾ ਹੈ, ਹੋਰ ਪੰਛੀਆਂ ਅਤੇ ਪਸ਼ੂਆਂ ਨੂੰ ਦਿੱਤਾ ਹੈ, ਉਹੀ ਸ਼ਿੰਗਾਰ ਦਾੜ੍ਹੇ ਦੇ ਰੂਪ ਵਿਚ, ਕੇਸਾਂ ਦੇ ਰੂਪ ਵਿਚ ਪ੍ਰਮਾਤਮਾ ਨੇ ਪੁਰਸ਼ ਨੂੰ ਦਿੱਤਾ ਹੈ। ਸਿਰ ਦੇ ਕੇਸ ਤਾਂ ਇਸਤਰੀ ਦੇ ਵੀ ਹਨ ਪਰ ਮੁਖੜੇ ਦਾ ਦਾੜ੍ਹਾ ਨਹੀਂ।

ਮੁਖੜੇ ਦਾ ਦਾੜ੍ਹਾ ਸ਼ਿੰਗਾਰ ਹੈ ਅਤੇ ਇਹ ਕੀਮਤੀ ਸ਼ਿੰਗਾਰ ਹੈ। ਸ਼ੇਰ ਨੇ ਕਦੀ ਇਹ ਨਹੀਂ ਚਾਹਿਆ ਕਿ ਮੇਰੀ ਗਰਦਨ ਦੇ ਵਾਲ ਕੋਈ ਕੱਟ ਦੇਵੇ। ਮੋਰ ਨੇ ਕਦੀ ਨਹੀਂ ਇਹ ਚਾਹਿਆ ਕਿ ਕੋਈ ਮੇਰੇ ਸਾਰੇ ਪੰਖ ਕੱਟ ਦੇਵੇ। ਪਰ ਮਨੁੱਖ ਤਾਂ ਆਪ ਹੀ ਨਾਈ ਦੀ ਦੁਕਾਨ 'ਤੇ ਬੈਠ ਕੇ ਦਾੜ੍ਹੇ ਨੂੰ ਕੱਟ ਕੇ ਪਰ੍ਹਾਂ ਕਰਦਾ ਹੈ। ਜਿਸਦੀ ਦਾੜ੍ਹੀ ਆਵੇ ਨਾ ਉਸਨੂੰ ਖੋਦਾ ਕਹਿੰਦੇ ਹਨ। ਖੋਦਾ ਬੰਦਾ ਅਕਸਰ ਦਵਾਈਆਂ ਦੀ ਤਲਾਸ਼ ਵਿਚ ਹੁੰਦਾ ਹੈ ਕਿ ਕੋਈ ਅਜਿਹੀ ਦਵਾਈ ਮਿਲ ਜਾਏ ਜਿਸ ਨਾਲ ਮੁਖੜੇ 'ਤੇ ਦਾੜ੍ਹੀ ਆ ਜਾਏ। ਹੈਰਾਨਗੀ ਦੀ ਗੱਲ ਹੈ ਕਿ ਮੁਖੜੇ 'ਤੇ ਦਾੜ੍ਹੀ ਨਾ ਹੋਵੇ ਤਾਂ ਮਨੁੱਖ ਦਵਾਈ ਲੱਭਦਾ ਹੈ ਤੇ ਜੇ ਦਾੜ੍ਹਾ ਆ ਜਾਏ ਤਾਂ ਫਿਰ ਨਾਈ ਲੱਭਦਾ ਹੈ। ਪੁਰਸ਼ ਦੀ ਇਹ ਮੰਗ ਕਿ ਕਾਸ਼ ! ਮੇਰਾ ਮੁਖੜਾ ਇਸਤਰੀ ਵਰਗਾ ਹੁੰਦਾ ਅਤੇ ਇਸਤਰੀ ਦੀ ਇਹ ਮੰਗ ਕਿ ਕਾਸ਼ ! ਮੈਂ ਪੁਰਸ਼ ਵਰਗੀ ਹੁੰਦੀ। ਇਹੀ ਕਾਰਨ ਹੈ ਕਿ ਪੁਰਸ਼ਾਂ ਵਰਗੇ ਕੱਪੜੇ ਪਹਿਨੇਗੀ। ਕੱਦ ਵਿਚ ਪਰੀਪੂਰਨ ਪ੍ਰਮਾਤਮਾ ਨੇ ਇਸਤਰੀ ਨੂੰ ਪੁਰਸ਼ ਨਾਲੋਂ ਛੋਟਾ ਬਣਾਇਆ ਹੈ ਤੇ ਉੱਚੀ ਅੱਡੀ ਦੇ ਸੈਂਡਲ ਪਹਿਨ ਕੇ ਬਰਾਬਰੀ ਕਰਨ ਦੀ ਕੋਸ਼ਿਸ਼ ਕਰੇਗੀ। ਜੇਕਰ ਚੰਬੇਲੀ ਗੁਲਾਬ ਬਣਨ ਦੀ ਕੋਸ਼ਿਸ਼ ਕਰੇ ਤਾਂ ਚੰਬੇਲੀ ਗੁਲਾਬ ਤਾਂ ਨਹੀਂ ਬਣ ਸਕੇਗੀ ਪਰ ਚੰਬੇਲੀ ਚੰਗੀ ਚੰਬੇਲੀ ਵੀ ਨਹੀਂ ਬਣ ਸਕੇਗੀ। ਪੁਰਸ਼ ਇਸਤਰੀ ਬਣਨ ਦੀ ਕੋਸ਼ਿਸ਼ ਕਰੇ ਤਾਂ ਉਹ ਇਸਤਰੀ ਬਣ ਨਹੀਂ ਸਕੇਗਾ ਪਰ ਚੰਗਾ ਪੁਰਸ਼ ਵੀ ਨਹੀਂ ਬਣ ਸਕੇਗਾ। ਜੇਕਰ ਇਸਤਰੀ ਨੇ ਪੁਰਸ਼ ਦੀ ਨਕਲ ਕੀਤੀ ਤਾਂ ਪੁਰਸ਼ ਬਣ ਨਹੀਂ ਸਕੇਗੀ ਪਰ ਇਹ ਜੋ ਚੰਗੀ ਇਸਤਰੀ ਬਣ ਸਕਦੀ ਸੀ, ਉਹ ਵੀ ਨਹੀਂ ਬਣ ਸਕੇਗੀ।

ਮੁਖੜੇ ਦਾ ਦਾੜ੍ਹਾ ਪ੍ਰਮਾਤਮਾ ਵੱਲੋਂ ਮਿਲਿਆ ਹੋਇਆ ਇਕ ਮਹਾਨ ਸ਼ਿੰਗਾਰ ਹੈ। ਇਹ ਧਾਰਮਿਕ ਸਰੂਪ ਹੈ। ਤਾਂ ਹੀ ਜਦੋਂ ਰਾਮ ਲੀਲਾ ਹੁੰਦੀ ਹੈ ਤਾਂ ਫਿਰ ਰਾਮ ਦਾ ਜੂੜਾ ਚਾਹੀਦਾ ਹੈ, ਵਿਸ਼ਵਾ-ਮਿੱਤਰ ਦੀ ਦਾੜ੍ਹੀ ਚਾਹੀਦੀ ਹੈ। ਇਹ ਗੱਲ ਵੱਖਰੀ ਹੈ ਕਿ ਬਜ਼ਾਰੋਂ ਨਕਲੀ ਜੂੜੇ ਖ਼ਰੀਦ ਕੇ, ਨਕਲੀ ਦਾੜ੍ਹੀਆਂ ਖ਼ਰੀਦ ਕੇ ਵਿਸ਼ਿਸ਼ਟ ਬਣਾਇਆ ਜਾਂਦਾ ਹੈ, ਵਿਸ਼ਵਾ-ਮਿੱਤਰ ਬਣਾਇਆ ਜਾਂਦਾ ਹੈ, ਸ੍ਰੀ ਰਾਮ ਦਾ ਜੂੜਾ ਬਣਾਇਆ ਜਾਂਦਾ ਹੈ। ਇਹ ਮਾਣ ਕੇਵਲ ਖ਼ਾਲਸੇ ਕੋਲ ਹੀ ਹੈ। ਸਾਡੇ ਸਿਰ 'ਤੇ ਜੂੜਾ ਰਾਮ ਵਰਗਾ ਹੈ। ਸਾਡੇ ਮੁਖੜੇ 'ਤੇ ਦਾੜ੍ਹੀ ਵਿਸ਼ਵਾ-ਮਿੱਤਰ

ਵਰਗੀ ਹੈ। ਇਹ ਅਵਤਾਰਾਂ ਦਾ ਰੂਪ ਹੈ। ਇਹ ਧਰਮ ਦੀ ਰੂਪ ਰੇਖਾ ਹੈ। ਕੇਸ ਕੁਦਰਤੀ ਵੀ ਹਨ ਅਤੇ ਰੂਹਾਨੀਅਤ ਦੇ ਪ੍ਰਤੀਕ ਵੀ ਹਨ।

ਖ਼ਾਲਸੇ ਦੇ ਕਦਮਾਂ ਉਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕਦਮ ਰੱਖ ਦਿੱਤਾ। ਕਿਹਾ ਮੇਰੀ ਆਤਮਾ ਦੇ ਦਰਸ਼ਨ ਕਰਨੇ ਹਨ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨਾ ਅਤੇ ਮੇਰੀ ਕਾਇਆ ਦੇ ਦਰਸ਼ਨ ਕਰਨੇ ਹਨ ਤਾਂ ਫਿਰ ਖ਼ਾਲਸੇ ਦੇ ਦਰਸ਼ਨ ਕਰਨਾ। ਖ਼ਾਲਸੇ ਦਾ ਦੀਦਾਰ ਗੁਰੂ ਦਾ ਦੀਦਾਰ ਹੈ। ਸ਼ਬਦ ਦਾ ਦੀਦਾਰ ਪ੍ਰਮਾਤਮਾ ਦਾ ਦੀਦਾਰ ਹੈ। ਕਹਿੰਦੇ ਹਨ, ਇਕ ਸ਼ਰੀਫ ਮਾਂ ਮਮਤਾ ਨਾਲ ਬੱਚੇ ਨੂੰ ਪਾਲ ਰਹੀ ਹੈ ਅਤੇ ਉਹ ਬੱਚਾ ਵੱਡਾ ਹੋ ਕੇ ਆਪਣੇ ਗੁਣਾਂ ਨੂੰ ਚਾਰੋਂ ਪਾਸੇ ਫੈਲਾਂਦਾ ਹੈ। ਲੋਕੀਂ ਉਸਨੂੰ ਕਹਿੰਦੇ ਹਨ ਕਿ ਧੰਨ ਹੈ ਇਸ ਦੀ ਮਾਂ ਅਤੇ ਲੋਕੀਂ ਕਹਿੰਦੇ ਹਨ ਕਿ ਤੂੰ ਤਾਂ ਮਾਂ-ਬਾਪ ਨੂੰ ਸ਼ਿੰਗਾਰ ਛੱਡਿਆ ਹੈ। ਬੱਚਾ ਭੈੜਾ ਹੋਵੇ ਤਾਂ ਤਾਂ ਮਾਂ-ਬਾਪ ਨੂੰ ਗਾਲ੍ਹਾਂ ਦਿੰਦੇ ਹਨ। ਫਿਰ ਜਣਨੀ ਨੂੰ ਲਾਹਨਤ ਹੈ ਅਜਿਹੀ ਭੈੜੀ ਔਲਾਦ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ—ਐ ਖ਼ਾਲਸਾ ! ਤੂੰ ਇੰਨਾ ਸੰਵਰਿਆ ਹੈਂ, ਇੰਨਾ ਸ਼ਿੰਗਾਰਿਆ ਗਿਆ ਹੈਂ ਕਿ ਤੂੰ ਮੈਨੂੰ ਵੀ ਸ਼ਿੰਗਾਰ ਦਿੱਤਾ ਹੈ। ਲੋਕੀਂ ਕਹਿ ਰਹੇ ਹਨ ਕਿ ਜੇਕਰ ਖ਼ਾਲਸਾ ਇੰਨਾ ਮਹਾਨ ਹੈ ਤਾਂ ਇਸਦੀ ਸਾਜਨਾ ਕਰਨ ਵਾਲਾ ਕਿੰਨਾ ਮਹਾਨ ਹੈ।

*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀਂ ਮੋ ਸੋ ਗਰੀਬ ਕਰੋਰ ਪਰੇ॥*

ਇਸਨੂੰ ਕੋਈ ਅਤਿ-ਕਥਨੀ ਨਾ ਸਮਝ ਬੈਠੇ ਤਾਂ ਸਤਿਗੁਰੂ ਇਥੋਂ ਤੱਕ ਕਹਿੰਦੇ ਹਨ-

*ਯਾ ਮਹਿ ਰੰਚਿ ਨ ਮਿਥਯਾ ਭਾਖੀ॥*
*ਪਾਰਬ੍ਰਹਮ ਗੁਰੁ ਨਾਨਕ ਸਾਖੀ॥*

ਮੈਂ ਪਾਰਬ੍ਰਹਮ ਗੁਰੂ ਨਾਨਕ ਨੂੰ ਸਾਖੀ ਕਰਕੇ ਕਹਿੰਦਾ ਹਾਂ ਕਿ ਖ਼ਾਲਸਾ ਮੇਰਾ ਰੂਪ ਹੈ, ਖ਼ਾਲਸਾ ਪ੍ਰਭੂ ਦਾ ਰੂਪ ਹੈ। ਆਦਿ ਕਾਲ ਤੋਂ ਧਾਰਮਿਕ ਸਰੂਪ ਕੇਸਾਧਾਰੀ ਹੈ। ਕੰਘਾ ਕੇਸਾਂ ਦੀ ਸਫ਼ਾਈ ਹਿੱਤ ਹੈ ਅਤੇ ਸਿਰ ਦੀ ਕਿਸੇ ਹੱਦ ਤੱਕ ਮਸਾਜ ਹਿੱਤ ਹੈ। ਬਾਰ-ਬਾਰ ਕੰਘਾ ਫੇਰਨਾ ਇਕ ਤਾਂ ਕੇਸ ਤਰਤੀਬ ਹੇਠ ਰਹਿੰਦੇ ਹਨ, ਇਕ ਮਸਤਕ ਦਾ ਥਕੇਵਾਂ ਵੀ ਲਹਿ ਜਾਂਦਾ ਹੈ। ਬਹੁਤ ਸੋਚਦਾ ਰਿਹਾ ਤਾਂ ਮਸਤਕ ਥੱਕ ਜਾਏਗਾ। ਕਿਵੇਂ ਚੱਲਦਿਆਂ-ਚੱਲਦਿਆਂ ਪੈਰ ਥੱਕ ਜਾਂਦੇ ਹਨ, ਕਰਦਿਆਂ-ਕਰਦਿਆਂ ਹੱਥ ਥੱਕ ਜਾਂਦੇ ਹਨ, ਬੋਲਦਿਆਂ-ਬੋਲਦਿਆਂ ਕੰਠ ਥੱਕ ਜਾਂਦਾ ਹੈ, ਦੇਖਦਿਆਂ-ਦੇਖਦਿਆਂ ਅੱਖਾਂ ਥੱਕ ਜਾਂਦੀਆਂ ਹਨ, ਸੋਚਦਿਆਂ-ਸੋਚਦਿਆਂ ਮਸਤਕ ਵੀ ਥੱਕ ਜਾਂਦਾ ਹੈ। ਥਕੇਵਾਂ ਲਾਹੁਣ ਲਈ ਹਰ ਇੰਦਰੇ ਦਾ ਅਲੱਗ-ਅਲੱਗ ਵਿਸਰਾਮ ਹੈ ਤਾਂ ਮਸਤਕ ਦੇ ਵਿਸਰਾਮ ਲਈ ਕੇਸਾਂ ਵਿਚ ਕੰਘਾ ਫੇਰਨ ਨਾਲ ਥਕੇਵਾਂ ਲਹਿ

ਜਾਂਦਾ ਹੈ। ਕਛਹਿਰਾ ਪਰਦਾ ਹੈ ਅਤੇ ਕਿਸੇ ਨਾ ਕਿਸੇ ਰੂਪ ਵਿਚ ਸਾਰੇ ਜਗਤ ਨੇ ਧਾਰਨ ਕਰ ਲਿਆ ਹੈ। ਕੜਾ ਇਕ ਪ੍ਰਣ ਹੈ। ਹਮੇਸ਼ਾ ਕੋਈ ਕੰਮ ਕਰੀਏ ਤਾਂ ਸੱਜਾ ਹੱਥ ਅੱਗੇ ਹੁੰਦਾ ਹੈ ਅਤੇ ਕੜਾ ਇਹ ਯਾਦ ਦਿਲਾਉਂਦਾ ਹੈ ਕਿ ਤੇਰਾ ਹੱਥ ਗੁਰੂ ਨੇ ਫੜਿਆ ਹੈ।

ਕੜਾ ਗੁਰੂ ਦੀ ਨਿਸ਼ਾਨੀ ਹੈ। ਕਿਸੇ ਗ਼ਲਤ ਕੰਮ ਨੂੰ ਇਹ ਹੱਥ ਨਹੀਂ ਪੈਣੇ ਚਾਹੀਦੇ। ਕਿਰਪਾਨ ਇਸ ਲਈ ਹੈ ਕਿ ਅੰਦਰ ਭਾਵ ਬਣਿਆ ਰਹੇ ਕਿ ਮੈਂ ਸੰਤ ਵੀ ਹਾਂ ਅਤੇ ਸਿਰਫ਼ ਸੰਤ ਹੀ ਨਹੀਂ, ਸਿਪਾਹੀ ਵੀ ਹਾਂ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਸਤਰਾਂ ਨੂੰ ਆਪਣਾ ਗੁਰੂ ਵੀ ਕਹਿ ਦਿੱਤਾ। ਪ੍ਰਮਾਤਮਾ ਦਾ ਨਾਮ ਮੇਰੇ ਮਨ ਦੀ ਰੱਖਿਆ ਕਰਦਾ ਹੈ, ਸ਼ਸਤਰ ਮੇਰੇ ਤਨ ਦੀ ਰੱਖਿਆ ਕਰਦੇ ਹਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਜ਼ਿੰਦਗੀ ਦੇ ਪੜਾਅ

ਸਤਿਕਾਰ ਯੋਗ ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥*

(ਅੰਗ ੩੪੬)

ਭਾਰਤ ਦੇਸ਼ ਆਪਣੇ ਆਦਿ ਕਾਲ ਤੋਂ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਰਿਹਾ ਹੈ। ਮਨੁੱਖ ਨੂੰ ਨਾਪਣ ਦਾ ਢੰਗ ਧਰਮ ਸੀ, ਦੈਵੀ ਗੁਣ ਸਨ। ਮਨੁੱਖ ਨੂੰ ਕੁਲ ਦੇ ਮੁਤਾਬਿਕ, ਉਸ ਦੇ ਸੁਹੱਪਣ ਦੇ ਮੁਤਾਬਿਕ ਨਹੀਂ ਨਾਪਿਆ ਜਾਂਦਾ ਸੀ, ਰੱਬੀ ਗੁਣਾਂ ਦੇ ਮੁਤਾਬਿਕ ਨਾਪਿਆ ਜਾਂਦਾ ਸੀ। ਧਨ ਸੰਪਦਾ ਕਿੰਨੀ ਹੈ, ਪਦਾਰਥ ਕਿੰਨੇ ਹਨ, ਕਿੰਨੀਆਂ ਮਹਿਲ-ਮਾੜੀਆਂ ਹਨ, ਇਹ ਨਾਪ ਤੋਲ ਦਾ ਪੈਮਾਨਾ ਨਹੀਂ ਸੀ। ਇਸ ਕੋਲ ਦਇਆ ਕਿੰਨੀ ਹੈ, ਇਸ ਕੋਲ ਪ੍ਰੇਮ ਕਿੰਨਾ ਹੈ, ਇਸ ਕੋਲ ਗਿਆਨ ਕਿੰਨਾ ਹੈ, ਇਸ ਕੋਲ ਵਿਨਿਮਰਤਾ ਕਿੰਨੀ ਹੈ, ਮਨੁੱਖ ਨੂੰ ਨਾਪਣ-ਤੋਲਣ ਦੇ ਇਹ ਪੈਮਾਨੇ ਆਦਿ ਕਾਲ ਤੋਂ ਰਹੇ ਹਨ। ਪਰ ਸਮੇਂ ਦਾ ਵੇਗ, ਇਸ ਵਿਚ ਪਰਿਵਰਤਨ ਆਇਆ। ਇਸਨੂੰ ਕਹਿੰਦੇ ਹਨ ਯੁੱਗ ਦੀ ਤਬਦੀਲੀ।

ਯੁੱਗ ਪਸ਼ੂਆਂ ਦੀ ਦੁਨੀਆਂ ਵਿਚ ਨਹੀਂ ਬਦਲਦੇ, ਯੁੱਗ ਪੰਛੀਆਂ ਦੀ ਦੁਨੀਆਂ ਵਿਚ ਵੀ ਨਹੀਂ ਬਦਲਦੇ, ਯੁੱਗ ਕੀੜੇ-ਮਕੌੜਿਆਂ ਦੀ ਦੁਨੀਆਂ ਵਿਚ ਵੀ ਨਹੀਂ ਬਦਲਦੇ, ਯੁੱਗ ਬਨਸਪਤੀ ਦੀ ਦੁਨੀਆਂ ਵਿਚ ਵੀ ਨਹੀਂ ਬਦਲਦੇ। ਸੂਰਜ, ਚੰਦ, ਤਾਰੇ, ਜ਼ਮੀਨ, ਆਸਮਾਨ ਇਹਨਾਂ ਨੂੰ ਦੇਖ ਕੇ ਕੋਈ ਅੰਦਾਜ਼ਾ ਨਹੀਂ ਲੱਗਦਾ ਕਿ ਯੁੱਗ ਬਦਲ ਗਿਆ ਹੈ, ਕਿਉਂਕਿ ਯੁੱਗ ਸਿਰਫ਼ ਮਨੁੱਖ ਦੀ ਦੁਨੀਆਂ ਵਿਚ ਬਦਲਦੇ ਹਨ। ਇਹ ਦੋ ਤਰ੍ਹਾਂ ਦੇ ਵੇਗ ਨਾਲ ਬਦਲਦੇ ਹਨ—ਸਮੇਂ ਨੂੰ ਆਧਾਰ ਬਣਾ ਕੇ, ਯੁੱਗਾਂ ਦੀ ਵੰਡ ਕਰਕੇ। ਮਨੁੱਖ ਦੇ ਮਾਨਸਿਕ ਮੰਡਲ ਨੂੰ ਆਧਾਰ ਬਣਾ ਕੇ ਯੁੱਗਾਂ ਦੀ ਵੰਡ ਹੋਈ।

ਅੱਜ ਤੋਂ ਹਜ਼ਾਰਾਂ ਸਾਲ ਪਹਿਲੇ ਸਭ ਖੁੱਡਾਂ ਵਿਚ ਰਹਿੰਦੇ ਸਨ। ਮਨੁੱਖ ਦਾ ਆਹਾਰ

ਉਹਨਾਂ ਦੀ ਮਿੱਟੀ ਸੀ, ਅੱਜ ਵੀ ਉਹੀ ਹੈ। ਹਜ਼ਾਰਾਂ ਸਾਲ ਪਹਿਲਾਂ ਪੰਛੀ ਘੌਂਸਲਿਆਂ ਵਿਚ ਰਹਿੰਦੇ ਸਨ, ਅੱਜ ਵੀ ਘੌਂਸਲਿਆਂ ਵਿਚ ਰਹਿੰਦੇ ਹਨ। ਚੌਪਾਏ ਜਾਨਵਰ ਦੀ ਜ਼ਿੰਦਗੀ ਵਿਚ ਕੋਈ ਤਬਦੀਲੀ ਨਹੀਂ ਹੋਈ। ਹਜ਼ਾਰਾਂ ਸਾਲ ਪਹਿਲਾਂ ਜੋ ਸੂਰਜ ਸੀ, ਅੱਜ ਵੀ ਉਹੀ ਹੈ। ਹਜ਼ਾਰਾਂ ਸਾਲ ਪਹਿਲਾਂ ਜੋ ਚੰਦਰਮਾ ਸੀ, ਅੱਜ ਵੀ ਉਹੀ ਹੈ। ਉਹੀ ਤਾਰੇ, ਉਹੀ ਪਉਣ-ਪਾਣੀ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਪਾਵਨ ਵਾਕ ਵਿਚ ਇੰਝ ਫ਼ੁਰਮਾਣ ਕਰਦੇ ਹਨ-

*ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥*

(ਅੰਗ ੯੦੨)

ਦਿਨੀਅਰ ਦਾ ਭਾਵ ਹੈ ਸੂਰਜ। ਉਹੀ ਸੂਰਜ ਹੈ, ਉਹੀ ਚੰਦਰਮਾ ਹੈ, ਉਹੀ ਧਰਤੀ ਹੈ, ਉਹੀ ਸਾਗਰ ਹੈ।

*ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥*

(੯੦੨)

ਉਹਨਾਂ ਦਿਨਾਂ ਵਿਚ ਵੀ ਹਜ਼ਾਰਾਂ ਸਾਲ ਪਹਿਲਾਂ ਮਨੁੱਖ ਪੰਜ ਤੱਤ ਦਾ ਪੁੱਤਲਾ ਸੀ, ਅੱਜ ਵੀ ਪੰਜ ਤੱਤਾਂ ਦਾ ਪੁੱਤਲਾ ਹੈ। ਬਾਹਰ ਨਿਗਾਹ ਮਾਰੀਏ ਤਾਂ ਕੁਝ ਵੀ ਨਹੀਂ ਬਦਲਿਆ। ਫਿਰ ਸਾਡੇ ਦੇਸ਼ ਦੇ ਧਾਰਮਿਕ ਗ੍ਰੰਥ ਤੇ ਧਾਰਮਿਕ ਪੁਰਸ਼ ਕਿਉਂ ਕਹਿੰਦੇ ਹਨ ਕਿ ਯੁੱਗ ਬਦਲ ਗਿਆ ਹੈ ਅਤੇ ਇਸ ਯੁੱਗ ਦਾ ਨਾਮ ਕਲਿਯੁਗ ਹੈ।

ਦਰਅਸਲ ਮਨੁੱਖ ਦੀ ਮਾਨਸਿਕ ਤਬਦੀਲੀ 'ਤੇ ਹੀ ਯੁੱਗਾਂ ਦੀ ਤਬਦੀਲੀ ਖੜੀ ਹੈ। ਮਨ ਦੇ ਬਦਲਦਿਆਂ ਯੁੱਗ ਬਦਲ ਜਾਂਦਾ ਹੈ। ਇਸ ਤਰ੍ਹਾਂ ਮਨ ਜਿਨ੍ਹਾਂ ਯੁੱਗਾਂ ਵਿਚ ਰਹਿੰਦਾ ਹੈ, ਉਹਨਾਂ ਦੀ ਗਿਣਤੀ ਚਾਰ ਕਰ ਲਈ ਗਈ ਹੈ—ਸਤਿਯੁਗ, ਤ੍ਰੇਤਾ, ਦੁਆਪੁਰ, ਕਲਿਯੁਗ। ਇਕ ਅੰਦਾਜ਼ੇ ਦੇ ਮੁਤਾਬਿਕ ਹਰ ਢਾਈ ਹਜ਼ਾਰ ਸਾਲ ਤੋਂ ਬਾਅਦ ਯੁੱਗ ਬਦਲ ਜਾਂਦਾ ਹੈ। ਕੋਈ ਲੱਖਾਂ ਸਾਲ ਬਾਅਦ ਯੁੱਗ ਨਹੀਂ ਬਦਲਦਾ। ਜਿਵੇਂ ਇਤਿਹਾਸਕ ਤੱਥ ਕਹਿੰਦੇ ਹਨ ਕਿ 5 ਹਜ਼ਾਰ ਸਾਲ ਪਹਿਲਾਂ ਹੋਏ ਹਨ ਸ੍ਰੀ ਰਾਮ, ਸਾਢੇ ਤਿੰਨ ਹਜ਼ਾਰ ਸਾਲ ਪਹਿਲਾਂ ਹੋਏ ਹਨ ਸ੍ਰੀ ਕ੍ਰਿਸ਼ਨ ਅਤੇ ਸਾਢੇ ਪੰਜ ਸੌ ਸਾਲ ਪਹਿਲਾਂ ਹੋਏ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ। 5 ਹਜ਼ਾਰ ਸਾਲ ਵਿਚ ਅਸੀਂ ਇਹ ਬਦਲੇ ਹੋਏ ਤਿੰਨ ਯੁੱਗ ਦੇਖਦੇ ਹਾਂ। ਸਬੂਤ ਵੀ ਕੁਝ ਇਹੀ ਪ੍ਰਦਰਸ਼ਿਤ ਕਰਦੇ ਹਨ ਕਿ ਹਰ ਢਾਈ ਹਜ਼ਾਰ ਸਾਲ ਤੋਂ ਬਾਅਦ ਯੁੱਗ ਬਦਲ ਜਾਂਦਾ ਹੈ। ਲੱਖਾਂ ਸਾਲ ਦੀਆਂ ਯਾਦਗਾਰਾਂ ਜ਼ਮੀਨ 'ਤੇ ਰਹਿਣੀਆਂ ਬੜੀਆਂ ਔਖੀਆਂ ਹਨ। ਬਿੰਦਰਾਬਨ ਮੌਜੂਦ ਹੈ, ਗੋਕੁਲ ਮੌਜੂਦ ਹੈ, ਮਥੁਰਾ ਮੌਜੂਦ ਹੈ, ਵੱਗਦੀ ਹੋਈ ਉਹੀ ਜਮੁਨਾ, ਗੰਗਾ ਮੌਜੂਦ ਹੈ। ਇਹ ਮੌਜੂਦਗੀ ਦੱਸਦੀ ਹੈ ਕਿ ਕੋਈ ਲੱਖਾਂ ਸਾਲ ਨਹੀਂ ਹੋਏ, ਖੇਡ ਹਜ਼ਾਰਾਂ ਸਾਲ ਦੀ ਹੈ।

10 ਹਜ਼ਾਰ ਸਾਲ ਵਿਚ ਚਾਰੇ ਯੁੱਗ ਬਦਲ ਜਾਂਦੇ ਹਨ। ਮੁਲਤਾਨ ਵਿਚ ਬਾਬਾ ਫ਼ਰੀਦ ਜੀ ਦੇ ਸਮੇਂ 14 ਸੇਰ ਦਾ ਮਣ ਸੀ। 10 ਹਜ਼ਾਰ ਨੂੰ ਲੱਖ ਕਹਿੰਦੇ ਸਨ ਅਤੇ 10 ਲੱਖ ਨੂੰ ਕਰੋੜ ਕਹਿੰਦੇ ਸਨ ਅਤੇ 10 ਕਰੋੜ ਨੂੰ 20 ਅਰਬ ਕਹਿੰਦੇ ਸਨ। 100 ਹਜ਼ਾਰ ਦਾ ਲੱਖ ਨਹੀਂ ਸੀ, 10 ਹਜ਼ਾਰ ਦਾ ਲੱਖ ਸੀ। ਨਾਪ-ਤੋਲ ਦੇ ਪੈਮਾਨੇ ਆਦਿ ਕਾਲ ਤੋਂ ਬਦਲਦੇ ਪਏ ਹਨ। ਯੁੱਗਾਂ ਨੂੰ ਨਾਪਿਆ ਜਾਂਦਾ ਰਿਹਾ ਹੈ ਸਮੇਂ ਨੂੰ ਆਧਾਰ ਬਣਾ ਕੇ, ਯੁੱਗਾਂ ਨੂੰ ਨਾਪਿਆ ਜਾਂਦਾ ਰਿਹਾ ਹੈ ਮਨੁੱਖ ਦੇ ਮਨ ਨੂੰ ਆਧਾਰ ਬਣਾ ਕੇ। 20 ਫ਼ੀਸਦੀ ਮਨੁੱਖਾਂ ਦੀ ਸੋਚਣੀ, ਵਿਚਾਰਧਾਰਾ, ਸਮਝ ਬਦਲ ਜਾਏ ਅਤੇ ਯਕਸੂਈ ਹੋ ਜਾਏ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਯੁੱਗ ਬਦਲ ਗਿਆ ਹੈ।

ਸਤਿਯੁਗ, ਤ੍ਰੇਤਾ ਅਤੇ ਦੁਆਪਰ ਦੀ ਥੋੜੀ ਵਿਚਾਰ ਰੱਖ ਕੇ ਆਪਾਂ ਕਲਿਯੁਗ ਦੀ ਵਿਚਾਰ ਨੂੰ ਸੁਣਾਵਾਂਗੇ। ਇਹ ਤਾਂ ਸਪੱਸ਼ਟ ਹੈ ਕਿ ਸਮੇਂ ਦਾ ਪ੍ਰਭਾਉ ਮਨੁੱਖੀ ਮਨ 'ਤੇ ਹੈ ਅਤੇ ਮਨੁੱਖ ਦਾ ਮਨ ਫਿਰ ਆਪਣੇ ਤੋਂ ਕਮਜ਼ੋਰ ਨੂੰ ਪ੍ਰਭਾਵਿਤ ਕਰਦਾ ਹੈ। ਦਿਨ ਭਰ ਵੀ ਅਜਿਹਾ ਚੱਲਦਾ ਰਹਿੰਦਾ ਹੈ। ਅਸੀਂ ਸ਼ਕਤੀਸ਼ਾਲੀ ਤੋਂ ਪ੍ਰਭਾਵਿਤ ਹੋ ਜਾਂਦੇ ਹਾਂ ਤੇ ਕਮਜ਼ੋਰ 'ਤੇ ਆਪਣਾ ਪ੍ਰਭਾਂਵ ਪਾਉਂਦੇ ਹਾਂ। ਇਸੇ ਤਰ੍ਹਾਂ ਜੀਵਨ ਬਤੀਤ ਹੁੰਦਾ ਹੈ। ਅਜਿਹਾ ਕੀ ਬਦਲਿਆ ਹੈ ਕਿ ਕਹਿਣਾ ਪਿਆ ਇਹ ਤ੍ਰੇਤਾ ਹੈ, ਇਹ ਤਾਂ ਦੁਆਪਰ ਹੈ, ਇਹ ਤਾਂ ਕਲਿਯੁਗ ਹੈ ? ਇਹ ਤਬਦੀਲੀ ਸੂਰਜ ਦੇ ਆਧਾਰ 'ਤੇ ਤਾਂ ਹੋ ਨਹੀਂ ਸਕਦੀ, ਸੂਰਜ ਤਾਂ ਉਹੀ ਹੈ। ਤਬਦੀਲੀ ਦਾ ਆਧਾਰ ਮਨੁੱਖ ਦਾ ਮਾਨਸਿਕ ਮੰਡਲ ਹੈ। ਖ਼ਿਆਲ ਦੇ ਬਦਲਦਿਆਂ, ਵਿਚਾਰ ਦੇ ਬਦਲਦਿਆਂ, ਸੋਚਣੀ ਦੇ ਬਦਲਦਿਆਂ, ਕਿਰਤ ਦੇ ਬਦਲਦਿਆਂ, ਸੁਭਾਅ ਦੇ ਬਦਲਦਿਆਂ ਯੁੱਗ ਬਦਲ ਜਾਂਦੇ ਹਨ। ਕਿਸ ਤਰ੍ਹਾਂ ਅਸੀਂ ਨਾਪਾਂਗੇ ਕਿ ਸਾਡਾ ਮਾਨਸਿਕ ਮੰਡਲ ਬਦਲ ਗਿਆ ਹੈ ਜਾਂ ਯੁੱਗ ਬਦਲ ਗਿਆ ਹੈ ? ਇਸ ਤਬਦੀਲੀ ਨੂੰ ਮੇਰੇ ਪਾਤਿਸ਼ਾਹ ਨੇ ਜਿਸ ਢੰਗ ਨਾਲ ਵਰਣਨ ਕੀਤਾ ਹੈ, ਸਾਹਿਬ ਕਹਿੰਦੇ ਹਨ-

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥*
*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥*

(ਅੰਗ ੧੬੧)

ਜਿਸ ਦੌਰ ਦੇ ਵਿਚ ਅਸੀਂ ਜੀਅ ਰਹੇ ਹਾਂ, ਮਨੁੱਖ ਦੇ ਨਾਲ ਧਰਮ ਨਹੀਂ ਚੱਲਦਾ। ਕਲੀ ਕਾ ਜਨਮ ਚੰਡਾਲ ਦੇ ਘਰ ਹੋਇਆ। ਦੇਖਦੇ ਹਾਂ ਕਿ ਮਨੁੱਖ ਦੇ ਨਾਲ ਰਾਜਨੀਤੀ ਚੱਲ ਰਹੀ ਹੈ। ਮਨੁੱਖ ਦੇ ਨਾਲ ਸਮਾਜਕ ਨੀਤੀ ਚੱਲ ਰਹੀ ਹੈ। ਮਨੁੱਖ ਦੇ ਨਾਲ ਅਰਥ-ਵਿਵਸਥਾ ਚੱਲ ਰਹੀ ਹੈ, ਕਾਰੋਬਾਰ ਚੱਲ ਰਿਹਾ ਹੈ, ਪਰ ਮਨੁੱਖ ਦੇ ਨਾਲ ਧਰਮ ਨਹੀਂ ਚੱਲ ਰਿਹਾ। ਬੜੇ ਸੌਖੇ ਢੰਗ ਨਾਲ ਮਨੁੱਖ ਨਾਲ ਸਮਾਜ ਚੱਲ ਰਿਹਾ ਹੈ, ਪਰਿਵਾਰਕ ਜ਼ਿੰਦਗੀ ਚੱਲ ਰਹੀ ਹੈ। ਮਨੁੱਖ ਚੱਲ ਰਿਹਾ ਹੈ ਤੇ ਧਰਮ ਰੁੱਕ ਗਿਆ ਹੈ। ਮਨੁੱਖ ਚੱਲ ਰਿਹਾ ਹੈ, ਤਾਂ ਸਮਾਜਿਕ ਨਿਯਮ

ਚੱਲ ਰਿਹਾ ਹੈ। ਮਨੁੱਖ ਚੱਲ ਰਿਹਾ ਹੈ, ਤਾਂ ਰਾਜਨੀਤੀ ਚੱਲ ਰਹੀ ਹੈ। ਮਨੁੱਖ ਚੱਲ ਰਿਹਾ ਹੈ, ਪਰ ਧਰਮ ਨਹੀਂ ਚੱਲ ਰਿਹਾ। ਮਹਾਰਾਜ ਕਹਿੰਦੇ ਹਨ-

*ਧਰਮ ਕੀ ਗਤਿ ਰਹੀ।*

ਧਰਮ ਦਾ ਚੱਲਣਾ ਰਹਿ ਗਿਆ। ਹਰ ਢਾਈ ਸਾਲ ਤੋਂ ਬਾਅਦ ਮਨੁੱਖ ਦੀ ਸੋਚਣੀ, ਵਿਚਾਰਧਾਰਾ, ਰਹਿਣ-ਸਹਿਣ ਤੇ ਖਾਣ-ਪਾਣ ਦੇ ਢੰਗ ਬਦਲ ਜਾਂਦੇ ਹਨ।

ਧਾਰਮਿਕ ਇਤਿਹਾਸ ਦੇ ਮੁਤਾਬਿਕ ਚਾਰ ਯੁੱਗਾਂ ਵਿਚ ਚਾਰ ਅਵਤਾਰ ਹੋਏ ਹਨ, ਜਿਸਨੂੰ ਭੱਟ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ-

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥*

(ਅੰਗ ੧੩੯੦)

ਅਵਤਾਰ ਪਸ਼ੂਆਂ ਵਿਚ ਨਹੀਂ ਹੁੰਦੇ, ਕਿਉਂਕਿ ਪਸ਼ੂਆਂ ਦੀ ਜ਼ਿੰਦਗੀ ਨਹੀਂ ਬਦਲਦੀ। ਜੀਵਨ ਦੀ ਤਬਦੀਲੀ 'ਤੇ ਯੁੱਗਾਂ ਦੀ ਤਬਦੀਲੀ ਖੜੀ ਹੈ। ਹਜ਼ਾਰਾਂ ਸਾਲ ਪਹਿਲਾਂ ਵੀ ਗਊ ਘਾਸ ਖਾਂਦੀ ਸੀ, ਅੱਜ ਵੀ ਘਾਸ ਖਾਂਦੀ ਹੈ। ਹਜ਼ਾਰਾਂ ਸਾਲ ਪਹਿਲਾਂ ਸ਼ੇਰ ਕੱਚਾ ਮਾਸ ਖਾਂਦਾ ਸੀ, ਅੱਜ ਵੀ ਸ਼ੇਰ ਕੱਚਾ ਮਾਸ ਹੀ ਖਾਂਦਾ ਹੈ। ਮਨੁੱਖ ਦੀ ਦੁਨੀਆਂ ਵਿਚ ਬੜਾ ਭਾਰੀ ਪਰੀਵਰਤਨ ਹੋਇਆ ਹੈ। ਪਹਾੜਾਂ ਦੀਆਂ ਕੰਧਰਾਂ ਵਿਚ ਰਹਿਣ ਵਾਲਾ ਇਹ ਮਨੁੱਖ, ਰੁੱਖਾਂ ਥੱਲੇ ਰਾਤ ਕੱਟਣ ਵਾਲਾ ਮਨੁੱਖ ਅੱਜ ਇਮਾਰਤਾਂ ਦਾ ਮਾਲਕ ਬਣ ਗਿਆ ਹੈ। ਜੰਗਲੀ ਫਲਾਂ ਨੂੰ ਖਾ ਕੇ ਉਪਜੀਵਕਾ ਚਲਾਉਣ ਵਾਲਾ, ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਖਾ ਕੇ ਆਪਣਾ ਪੇਟ ਭਰਨ ਵਾਲਾ, ਕੱਚਾ ਮਾਸ ਖਾ ਕੇ ਆਪਣੀ ਭੁੱਖ ਮਿਟਾਉਣ ਵਾਲਾ ਇਹ ਮਨੁੱਖ ਅੱਜ ਹਜ਼ਾਰਾਂ ਤਰ੍ਹਾਂ ਦੇ ਪਕਵਾਨਾਂ ਦਾ ਜਨਮਦਾਤਾ ਹੈ। ਨੰਗਾ ਘੁੰਮਣ ਵਾਲਾ ਇਹ ਮਨੁੱਖ, ਪਸ਼ੂ-ਪੰਛੀ ਵੀ ਨੰਗੇ ਸਨ। ਮਹਾਰਾਜ ਕਹਿੰਦੇ ਹਨ-

*ਵਿਸਮਾਦੁ ਨਾਗੇ ਫਿਰਹਿ ਜੰਤ॥*

(ਅੰਗ ੪੬੩)

ਮੈਂ ਹੈਰਾਨ ਹਾਂ ਕਿ ਪਸ਼ੂ ਤਾਂ ਨੰਗੇ ਹਨ, ਪੰਛੀ ਤਾਂ ਨੰਗੇ ਹਨ ਅਤੇ ਨਗਨਤਾ ਦਾ ਬੋਧ ਉਹਨਾਂ ਨੂੰ ਬਿਲਕੁਲ ਨਹੀਂ ਹੈ। ਮਨੁੱਖ ਵੀ ਨੰਗਾ ਸੀ, ਪਰ ਇਕ ਦਿਨ ਇਸ ਨੂੰ ਨਗਨਤਾ

ਦਾ ਅਹਿਸਾਸ ਹੋਇਆ। ਇਸਲਾਮ ਕਹਿੰਦਾ ਹੈ ਕਿ ਆਦਮਜ਼ਾਦ, ਇਨਸਾਨੀਅਤ ਉਸ ਦਿਨ ਸ਼ੁਰੂ ਹੋਈ ਜ਼ਮੀਨ 'ਤੇ ਜਿਸ ਦਿਨ ਇਨਸਾਨ ਨੂੰ ਆਪਣੀ ਨਗਨਤਾ ਦਾ ਅਹਿਸਾਸ ਹੋਇਆ। ਕੇਲੇ ਦੇ ਪੱਤੇ ਤੇ ਬੋਹੜ ਦੀ ਛਾਲ ਨਾਲ ਇਸਨੇ ਆਪਣਾ ਤਨ ਢੱਕਿਆ। ਅੱਜ ਹਜ਼ਾਰਾਂ ਤਰ੍ਹਾਂ ਦੇ ਕੱਪੜਿਆਂ ਦਾ ਮਨੁੱਖ ਜਨਮਦਾਤਾ ਹੈ। ਝੁੱਗੀ ਬਣਾ ਕੇ ਰਹਿਣ ਵਾਲਾ ਅੱਜ ਇਮਾਰਤਾਂ ਦਾ ਮਾਲਕ ਹੈ। ਇਕ ਥਾਂ ਤੋਂ ਦੂਜੀ ਥਾਂ 'ਤੇ ਜਾਣਾ ਪੈਦਲ ਹੀ ਹੁੰਦਾ ਸੀ, ਇਸ ਲਈ ਦਰਿਆ ਪਾਰ ਦੇ ਲੋਕਾਂ ਦੀ ਜਾਣਕਾਰੀ ਨਹੀਂ ਹੁੰਦੀ ਸੀ। ਸਹਿਜੇ ਸਹਿਜੇ ਮਨੁੱਖ ਨੇ ਪਸ਼ੂਆਂ ਨੂੰ ਆਪਣਾ ਵਾਹਨ ਬਣਾਇਆ। ਘੋੜੇ, ਬਲਦ, ਊਠ ਇਸ ਦੀ ਅਸਵਾਰੀ ਬਣੇ ਅਤੇ ਇਸ ਦੀ ਸੀਮਤ ਜਾਣਕਾਰੀ ਵਿਚ ਵਾਧਾ ਹੋਇਆ। ਇਸਨੇ ਦੂਰ ਦੁਰਾਡੇ ਜਾਣਾ ਆਰੰਭ ਕੀਤਾ। ਅੱਜ ਆਵਾਜ਼ ਤੋਂ ਵੀ ਤਿੱਖੇ ਹਵਾਈ ਜਹਾਜ਼ ਮੌਜੂਦ ਹਨ।

ਅਸੀਂ ਦੇਖਦੇ ਹਾਂ ਕਿ ਮਨੁੱਖ ਦਾ ਰਹਿਣ-ਸਹਿਣ ਰੋਜ਼ ਰੋਜ਼ ਬਦਲਦਾ ਗਿਆ। ਇਸੇ ਤਬਦੀਲੀ ਨੂੰ ਬਾਹਰ ਦੀ ਯੁੱਗ ਦੀ ਤਬਦੀਲੀ ਦੱਸਦੇ ਹਨ। ਫਿਰ ਮਨੁੱਖ ਦੀ ਮਾਨਸਿਕ ਤਬਦੀਲੀ ਦੇ ਆਧਾਰ 'ਤੇ ਯੁੱਗਾਂ ਦੀ ਤਬਦੀਲੀ ਬਦਲ ਗਈ। ਜੀਵਨ ਦਾ ਜੋ ਮਨੁੱਖ ਲਕਸ਼ ਰੱਖੇ ਬਹੁ-ਗਿਣਤੀ ਵਿਚ ਤੇ ਪ੍ਰਾਪਤੀ ਦਾ ਸਾਧਨ ਰੱਖੇ ਜਿਵੇਂ ਛੋਟੇ ਸਾਧਨਾਂ ਨਾਲ ਵੱਡੇ ਲਕਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਗ਼ਲਤ ਸਾਧਨਾਂ ਨਾਲ ਵੀ ਲਕਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਵੇਂ ਲਕਸ਼ ਤਾਂ ਇਹ ਹੈ ਕਿ ਇਕ ਨਗਾਰੇ ਨੂੰ ਮੜ੍ਹਨਾ ਹੈ, ਪਰ ਕੋਈ ਇਹ ਆਖੇ ਕਿ ਚੂਹੇ ਦੀ ਖੱਲ ਨਾਲ ਮੜ੍ਹਨਾ ਹੈ ਤਾਂ ਚੂਹੇ ਦੀ ਖੱਲ ਨਾਲ ਨਗਾਰਾ ਨਹੀਂ ਮੜ੍ਹਿਆ ਜਾਂਦਾ, ਉਹ ਤਾਂ ਊਠ ਦੀ ਖੱਲ ਨਾਲ ਮੜ੍ਹਿਆ ਜਾਂਦਾ ਹੈ। ਰੇਤ ਨੂੰ ਨਿਚੋੜਨ ਨਾਲ ਤੇਲ ਨਹੀਂ ਨਿਕਲਦਾ, ਇਹ ਤਾਂ ਤਿੱਲਾਂ ਨੂੰ ਨਿਚੋੜਨ ਨਾਲ ਤੇਲ ਨਿਕਲੇਗਾ। ਜੇਕਰ ਕੋਈ ਆਖੇ ਕਿ ਜੇ ਤਿੱਲਾਂ ਨੂੰ ਪੀੜਨ ਨਾਲ ਤੇਲ ਨਿਕਲ ਸਕਦਾ ਹੈ ਤਾਂ ਆਪਾਂ ਰੇਤ ਨੂੰ ਕੋਹਲੂ ਵਿਚ ਪਾਉਂਦੇ ਹਾਂ। ਨਹੀਂ, ਗ਼ਲਤ ਸਾਧਨਾਂ ਨਾਲ ਲਕਸ਼ ਦੀ ਪ੍ਰਾਪਤੀ ਨਹੀਂ ਹੋਵੇਗੀ ਅਤੇ ਛੋਟੇ ਸਾਧਨਾਂ ਨਾਲ ਵੀ ਵੱਡੇ ਲਕਸ਼ ਦੀ ਪ੍ਰਾਪਤੀ ਨਹੀਂ ਹੋਵੇਗੀ।

ਮਨੁੱਖ ਦੇ ਜੀਵਨ ਦਾ ਮੂਲ ਲਕਸ਼ ਤਾਂ ਹੁੰਦਾ ਹੈ ਸੁੱਖ। ਮਨੁੱਖ ਸੁੱਖ ਹਰ ਸਮੇਂ ਚਾਹੁੰਦਾ ਹੈ ਅਤੇ ਹਰ ਹਾਲਤ ਵਿਚ ਪ੍ਰਾਪਤ ਕਰਦਾ ਹੈ। ਇਹ ਇਸ ਦੇ ਜੀਵਨ ਦਾ ਲਕਸ਼ ਰਿਹਾ ਹੈ। ਇਸ ਦੀ ਰੂਪ-ਰੇਖਾ ਜਿਸ ਤਰੀਕੇ ਨਾਲ ਬਦਲਦੀ ਰਹੀ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਸ ਦੀ ਵਿਆਖਿਆ ਬੜੇ ਸੋਹਣੇ ਢੰਗ ਨਾਲ ਕੀਤੀ ਹੈ। ਯੁੱਗਾਂ ਦੀ ਤਬਦੀਲੀ ਸਮੇਂ 'ਤੇ ਖੜੀ ਹੈ, ਯੁੱਗਾਂ ਦੀ ਤਬਦੀਲੀ ਮਨੁੱਖ ਦੇ ਮਾਨਸਿਕ ਮੰਡਲ 'ਤੇ ਖੜੀ ਹੈ।

ਚਾਰ ਯੁੱਗ ਬਣਾਏ ਹਨ ਜੀਵਨ ਦੇ ਚਾਰ ਰੂਪ ਦੇਖ ਕੇ। ਇਕ ਤਾਂ ਉਹ ਜਦੋਂ ਮਨੁੱਖ ਮਾਤਾ ਦੇ ਗਰਭ ਵਿਚ ਹੁੰਦਾ ਹੈ। ਇਹ ਵੀ ਉਸ ਦਾ ਇਕ ਸਮਾਂ ਹੈ। ਫਿਰ ਮਾਂ ਦੀ ਗੋਦ ਨੂੰ ਤਿਆਗ ਕੇ ਇਹ ਧਰਤੀ ਦੀ ਗੋਦ ਵਿਚ ਆਇਆ। ਇਹ ਦੂਜਾ ਯੁੱਗ ਆਰੰਭ ਹੋਇਆ। ਫਿਰ ਸਹਿਜੇ ਸਹਿਜੇ ਵੱਡਾ ਹੋ ਕੇ ਜਵਾਨ ਹੋਇਆ ਤੇ ਤਰਜ਼ੇ-ਜ਼ਿੰਦਗੀ ਬਦਲ ਗਈ, ਇਹ ਤੀਜਾ

ਯੁੱਗ ਹੋਇਆ। ਫਿਰ ਸਹਿਜੇ ਸਹਿਜੇ ਬਿਰਧ ਹੋ ਗਿਆ, ਇਹ ਚੌਥਾ ਯੁੱਗ ਹੋਇਆ। ਜੀਵਨ ਦੇ ਚਾਰ ਭਾਗ ਹਨ—ਗਰਭ ਕਾਲ ਦੀ ਅਵਸਥਾ, ਬਚਪਨਾ, ਜਵਾਨੀ ਅਤੇ ਬੁਢੇਪਾ। ਗਰਭ ਕਾਲ ਦੀ ਅਵਸਥਾ ਸਤਿਯੁਗ, ਬਚਪਨਾ ਤ੍ਰੇਤਾ, ਜਵਾਨੀ ਦੁਆਪਰ ਤੇ ਬੁਢੇਪਾ ਕਲਿਯੁਗ। ਇਸਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਿਸ ਢੰਗ ਨਾਲ ਬਿਆਨ ਕੀਤਾ ਹੈ ਉਹ ਹੈ ਕਿ ਗਰਭ ਕਾਲ ਦਾ ਜੋ ਬੱਚਾ ਹੈ ਇਕ ਅੰਦਾਜ਼ੇ ਦੇ ਮੁਤਾਬਿਕ ਭਾਰਤ ਦੇ ਤਮਾਮ ਰਿਸ਼ੀ ਮੁਨੀ ਕਹਿੰਦੇ ਹਨ ਕਿ ਬੱਚਾ ਬ੍ਰਹਮ ਗਿਆਨੀ ਹੁੰਦਾ ਹੈ। ਜੇਕਰ ਯੋਗ ਦਾ ਮਨੁੱਖ ਨੂੰ ਜੀਵਨ ਵਿਚ ਅਨੁਭਵ ਨਾ ਹੋਵੇ ਤਾਂ ਯੋਗ ਸਾਧਨਾ ਮਨੁੱਖ ਕਰ ਵੀ ਨਹੀਂ ਸਕਦਾ। ਜੇਕਰ ਪਰਮ ਆਨੰਦ ਇਸਨੇ ਮਾਣਿਆ ਨਹੀਂ ਤਾਂ ਜੀਵਨ ਵਿਚ ਕਦੀ ਇਸ ਦੀ ਤਲਬ ਵੀ ਨਹੀਂ ਕਰ ਸਕੇਗਾ। ਪਰਮ ਸੁੱਖ ਇਸਨੇ ਦੇਖਿਆ ਨਹੀਂ ਤਾਂ ਉਸ ਦੀ ਚਾਹ ਵੀ ਨਹੀਂ ਹੋਵੇਗੀ। ਅਜਿਹਾ ਰੱਸ ਮਨੁੱਖ ਨੂੰ ਚਾਹੀਦਾ ਹੈ ਜੋ ਕਦੀ ਬੇਰੱਸ ਨਾ ਹੋਵੇ ਤਾਂ ਜ਼ਰੂਰ ਅਜਿਹਾ ਰੱਸ ਇਸ ਦੇ ਅਨੁਭਵ ਵਿਚ ਹੈ। ਇਸਨੂੰ ਅਜਿਹਾ ਸੁੱਖ ਚਾਹੀਦਾ ਹੈ ਜੋ ਕਦੀ ਦੁੱਖ ਦੇ ਵਿਚ ਨਾ ਬਦਲੇ ਤਾਂ ਅਜਿਹੇ ਸੁੱਖ ਦਾ ਅਨੁਭਵ ਇਸ ਦੇ ਕੋਲ ਹੈ। ਅਜਿਹਾ ਪਰਮ ਧਨ ਚਾਹੀਦਾ ਹੈ ਜੋ ਦਿਨ ਦਿਨ ਵੱਧਦਾ ਜਾਏ, ਕਦੀ ਘਟੇ ਨਾ। ਮਹਾਰਾਜ ਵੀ ਕਹਿੰਦੇ ਹਨ-

*ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥*

(ਅੰਗ ੩੦੦)

ਅਜਿਹੇ ਪਰਮ ਧਨ ਦਾ ਅਨੁਭਵ ਇਸ ਮਨੁੱਖ ਕੋਲ ਹੈ, ਇਸੇ ਲਈ ਜੀਵਨ ਭਰ ਅਜਿਹੇ ਧਨ ਦੀ ਚਾਹਤ ਕਰਦਾ ਹੈ। ਅਜਿਹੀ ਸ਼ਕਤੀ ਚਾਹੀਦੀ ਹੈ ਜੋ ਕਦੀ ਕਮਜ਼ੋਰੀ ਵਿਚ ਨਾ ਬਦਲੇ ਤਾਂ ਅਜਿਹਾ ਅਨੁਭਵ ਇਸ ਦੇ ਕੋਲ ਹੈ। ਅਜਿਹਾ ਅਨੁਭਵ ਕਦੋਂ ਇਸਨੂੰ ਪ੍ਰਾਪਤ ਹੋਇਆ ਅਤੇ ਕਿਵੇਂ ਪ੍ਰਾਪਤ ਹੋਇਆ ? ਅਜਿਹਾ ਅਨੁਭਵ ਇਸਨੂੰ ਗਰਭ ਕਾਲ ਵਿਚ ਪ੍ਰਾਪਤ ਹੋਇਆ ਅਤੇ ਪ੍ਰਾਕਿਰਤਕ ਨਿਯਮ ਪ੍ਰਭੂ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੋਇਆ।

ਜੀਵਨ ਭਰ ਇਕ ਯੋਗੀ ਕੋਸ਼ਿਸ਼ ਕਰਦਾ ਹੈ ਆਪਣੇ ਇੰਦਰਿਆਂ ਨੂੰ ਰੋਕਣ ਦੀ, ਮਨ ਨੂੰ ਰੋਕਣ ਦੀ। ਗਰਭ ਕਾਲ ਵਿਚ ਬੱਚੇ ਦਾ ਮਨ ਵੀ ਰੁੱਕਿਆ ਹੋਇਆ ਹੈ ਅਤੇ ਇੰਦਰੀਆਂ ਦੇ ਦਰਵਾਜ਼ੇ ਬੰਦ ਹਨ। ਤਕਰੀਬਨ ਤਕਰੀਬਨ ਦੱਸੇ ਇੰਦਰੀਆਂ ਦੇ ਦੁਆਰ ਬੰਦ ਹਨ। ਭਗਤ ਕਬੀਰ ਜੀ ਕਹਿੰਦੇ ਹਨ-

*ਮੂੰਦਿ ਲੀਏ ਦਰਵਾਜੇ॥*
*ਬਾਜੀਅਲੇ ਅਨਹਦ ਬਾਜੇ॥*

(ਅੰਗ ੬੫੬)

ਸਾਡੇ ਅੰਦਰ ਅਨਹਦ ਦਾ ਵਾਜਾ ਵੱਜਣ ਲੱਗ ਪਿਆ। ਕਿਵੇਂ ? ਮੈਂ ਇੰਦਰਿਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ। ਕੀ ਵਾਕਿਆ ਹੀ ਕਬੀਰ ਨੇ ਅੱਖਾਂ ਮੂੰਦ ਲਈਆਂ ? ਕੰਨਾਂ ਵਿਚ

ਰੂੰ ਪਾ ਲਈ ? ਨਹੀਂ, ਹੁਣ ਅੱਖਾਂ ਤਾਂ ਖੁੱਲ੍ਹੀਆਂ ਹਨ, ਪਰ ਅੱਖਾਂ ਦੇ ਰਾਹੀਂ ਮਨ ਨਹੀਂ ਭਟਕਦਾ। ਹੁਣ ਕੰਨ ਤਾਂ ਖੁੱਲ੍ਹੇ ਹਨ, ਪਰ ਬਿਖੇ ਨਾਦ ਨਹੀਂ ਸੁਣ ਰਹੇ, ਇਹ ਅਨਾਹਦ ਨਾਦ ਨੂੰ ਸੁਣ ਰਹੇ ਹਨ। ਖਲੜੀ ਤਾਂ ਸਪਰਸ਼ ਕਰਦੀ ਹੈ, ਪਰ ਪ੍ਰਮਾਤਮਾ ਨੂੰ ਕਰਦੀ ਹੈ। ਨਾਸਿਕਾ ਸੁੰਘਦੀ ਹੈ, ਪਰ ਪ੍ਰਮਾਤਮਾ ਦੀ ਸੁਗੰਧ ਨੂੰ ਸੁੰਘਦੀ ਹੈ। ਇਹ ਅਨੁਭਵ ਬੱਚੇ ਨੂੰ ਮਾਤਾ ਦੇ ਗਰਭ ਵਿਚ ਨਸੀਬ ਸੀ। ਇਸ ਦਾ ਧਿਆਨ ਜੁੜਿਆ ਹੋਇਆ ਸੀ ਅਤੇ ਇੰਦਰਿਆਂ ਦੇ ਦੁਆਰ ਬੰਦ ਸਨ। ਹਰ ਮਨੁੱਖੀ ਬੱਚਾ ਮਾਤਾ ਦੇ ਗਰਭ ਵਿਚ ਮਹਾਂ ਜੋਗੀ ਹੈ, ਮਹਾਨ ਸੰਤ ਹੈ, ਮਹਾਨ ਭਗਤ ਹੈ। ਫਿਰ ਜੀਵਨ ਭਰ ਇਹ ਉਸੇ ਮਹਾਨ ਰੱਸ, ਉਸੇ ਮਹਾਨ ਸ਼ਕਤੀ, ਉਸੇ ਮਹਾਨ ਮਹਿਕ ਦੀ ਤਲਾਸ਼ ਵਿਚ ਰਹਿੰਦਾ ਹੈ, ਜੋ ਗਰਭ ਕਾਲ ਵਿਚ ਪ੍ਰਾਕਿਰਤਕ ਰੂਪ ਵਿਚ ਇਸਨੂੰ ਪ੍ਰਾਪਤ ਹੋਈ ਸੀ। ਪਰ ਜ਼ਮੀਨ 'ਤੇ ਆ ਕੇ ਜਨਮ ਲੈਣ ਤੋਂ ਬਾਅਦ ਸ਼ਕਤੀ ਇਸਨੂੰ ਤਪੱਸਿਆ ਨਾਲ, ਸਾਧਨਾ ਨਾਲ ਪ੍ਰਾਪਤ ਕਰਨੀ ਪਵੇਗੀ। ਯੋਗ ਸਾਧਨਾ ਨਾਲ ਮਿਹਨਤ, ਜੱਪ-ਤੱਪ ਤੇ ਸਤਿਸੰਗ ਦੇ ਆਸਰੇ 'ਤੇ ਇਹ ਸਭ ਕੁਝ ਪ੍ਰਾਪਤ ਕਰਨਾ ਹੋਵੇ ਤਾਂ ਯੁੱਗਾਂ ਦੀ ਤਬਦੀਲੀ ਮਾਨਸਿਕ ਮੰਡਲ 'ਤੇ ਖੜੀ ਹੈ। ਗਰਭ ਕਾਲ ਦੇ ਬੱਚੇ ਦਾ ਮਨ ਸਤਿਯੁਗ ਹੈ ਅਤੇ ਜੋ ਜ਼ਮੀਨ 'ਤੇ ਆ ਗਿਆ, ਉਸ ਬੱਚੇ ਦਾ ਮਨ ਤ੍ਰੇਤਾ ਹੈ, ਜਵਾਨ ਦਾ ਮਨ ਦੁਆਪਰ ਹੈ ਅਤੇ ਬੁੱਢੇ ਦਾ ਮਨ ਕਲਿਯੁਗ ਹੈ। ਇਸਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥*

(ਅੰਗ ੩੪੬)

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

*ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥*

(ਅੰਗ ੪੦੬)

ਕਲਿਯੁਗ ਸ੍ਰੇਸ਼ਟ ਯੁੱਗ ਹੈ, ਪਰ ਆਮ ਕਿਹਾ ਜਾਂਦਾ ਹੈ ਕਿ ਸਤਿਯੁਗ ਉੱਤਮ ਯੁੱਗ ਹੈ। ਇਹ ਦੋਵੇਂ ਗੱਲਾਂ ਆਪਣੇ ਆਪ ਵਿਚ ਠੀਕ ਹਨ। ਗਰਭ ਕਾਲ ਦਾ ਬੱਚਾ ਨਿਸਚਿੰਤ ਹੈ। ਆਦਿ ਕਾਲ ਵਿਚ ਜਿਹੜੀ ਮਨੁੱਖਤਾ ਸੀ, ਉਹ ਨਿਸਚਿੰਤ ਸੀ। ਬਾਬਾ ਆਦਮ ਚਿੰਤਾਤੁਰ ਨਹੀਂ ਸੀ। ਜੀਵਨ ਦੀਆਂ ਲੋੜਾਂ ਬਿਲਕੁਲ ਸੀਮਤ ਸਨ। ਕਬੀਲੇ ਦਾ ਬੋਝ, ਪਰਿਵਾਰ ਦਾ ਬੋਝ ਮਨੁੱਖ 'ਤੇ ਨਹੀਂ ਸੀ। ਮਨੁੱਖ ਸੰਤੋਖੀ ਸੀ, ਪਰ ਸੁਭਾਵਿਕ ਸੀ। ਮਨੁੱਖ ਸਤਿਵਾਦੀ ਸੀ ਤਾਂ ਮਹਿਜ਼ ਇਹ ਉਸ ਦਾ ਸੁਭਾਉ ਸੀ। ਉਸਨੂੰ ਲੋੜ ਹੀ ਨਹੀਂ ਸੀ ਮਿੱਥਿਆ ਦੀ, ਝੂਠ ਦੀ। ਲਿਹਾਜ਼ਾ ਆਦੀ ਮਨੁੱਖ ਸਤਿਯੁਗੀ ਸੀ। ਜਦੋਂ ਜੀਵਨ ਦਾ ਲਕਸ਼ ਸਤਿ ਸੀ ਤਾਂ ਪ੍ਰਾਪਤੀ ਦਾ ਸਾਧਨ ਸੰਤੋਖ ਸੀ। ਮਨੁੱਖ ਸੰਤੁਸ਼ਟ ਸੀ। ਅਜਿਹਾ ਜੋ ਜੀਅ ਰਿਹਾ ਸੀ ਇਸ ਦੀ ਕੋਈ ਮਿਹਨਤ ਨਹੀਂ ਸੀ, ਇਸ ਦੀ ਕੋਈ ਉਪਲਬਧੀ ਨਹੀਂ ਸੀ।

ਗਰਭ ਕਾਲ ਦੇ ਬੱਚੇ ਲਈ ਨਿਸਚਿੰਤ ਹੋਣਾ ਅਤੇ ਪਰਮ ਰੱਸ ਵਿਚ ਹੋਣਾ ਇਹ ਉਸ ਦੀ ਉਪਲਬੱਧੀ ਨਹੀਂ ਹੈ, ਇਹ ਇਸਨੂੰ ਦਾਨ ਦੇ ਰੂਪ ਵਿਚ ਪ੍ਰਕਿਰਤੀ ਵਿਚੋਂ ਮਿਲਿਆ ਹੈ। ਸਤਿਯੁਗ ਦੀ ਪਿਆਸ ਮਨੁੱਖ ਦੇ ਪ੍ਰਾਣਾਂ ਵਿਚ ਹੈ। ਸ਼ਕਤੀ ਦਾ ਨਿਕਾਸ ਬਹੁਤ ਹੋ ਗਿਆ ਸੁਣ ਸੁਣ ਕੇ ਵੀ ਮਨੁੱਖ ਥੱਕ ਜਾਂਦਾ ਹੈ। ਚੱਲ ਚੱਲ ਕੇ ਮਨੁੱਖ ਥੱਕ ਜਾਂਦਾ ਹੈ। ਦੇਖ ਦੇਖ ਕੇ ਮਨੁੱਖ ਥੱਕ ਜਾਂਦਾ ਹੈ। ਗਰਭ ਕਾਲ ਦਾ ਬੱਚਾ ਨਾ ਕੁਝ ਕਰ ਰਿਹਾ ਹੈ, ਨਾ ਚੱਲ ਰਿਹਾ ਹੈ, ਨਾ ਦੇਖ ਰਿਹਾ ਹੈ, ਨਾ ਬੋਲ ਰਿਹਾ ਹੈ, ਨਾ ਸੁਣ ਰਿਹਾ ਹੈ, ਸਿਰਫ਼ ਆਪਣੇ ਆਪ ਵਿਚ ਲੀਨ ਹੈ ਤਾਂ ਸ਼ਕਤੀ ਦਾ ਸੰਗ੍ਰਹਿ ਹੋ ਰਿਹਾ ਹੈ। ਸ਼ਕਤੀ ਰੋਜ਼ ਰੋਜ਼ ਵੱਧਦੀ ਜਾ ਰਹੀ ਹੈ। ਇਕਾਗਰਤਾ ਬਣੀ ਹੋਈ ਹੈ, ਕਿਉਂਕਿ ਖਿੰਡਾਉ ਦੇ ਕੋਈ ਸਾਧਨ ਹਨ, ਤਾਂ ਮਹਾਂ ਰੱਸ ਵੀ ਬਣਿਆ ਹੋਇਆ ਹੈ। ਰੱਸ ਮਨ ਦੀ ਇਕਾਗਰਤਾ ਵਿਚ ਹੈ ਨਾ ਕਿ ਕਿਸੇ ਵਿਸ਼ੇ ਵਸਤੂ ਵਿਚ ਹੈ। ਜਿੱਥੇ ਮਨ ਟਿੱਕ ਜਾਂਦਾ ਹੈ, ਰੱਸ ਬਣ ਜਾਂਦਾ ਹੈ ਅਤੇ ਸਦੀਵੀ ਟਿੱਕ ਗਿਆ ਤਾਂ ਸਦੀਵੀ ਰੱਸ ਦੀ ਪ੍ਰਾਪਤੀ ਹੋ ਗਈ।

ਗਰਭ ਕਾਲ ਦਾ ਬੱਚਾ ਬ੍ਰਹਮ ਗਿਆਨੀ ਹੈ। ਹਰ ਬੱਚਾ ਪ੍ਰਮਾਤਮਾ ਦੀ ਤਰਫ਼ੋਂ ਭਗਵਾਨ ਹੋ ਕੇ ਆਉਂਦਾ ਹੈ ਅਤੇ ਹਰ ਜੀਵ ਲਗਪਗ ਸੰਸਾਰ ਤੋਂ ਜਾਣ ਲੱਗਿਆਂ ਸ਼ੈਤਾਨ ਦੀ ਤਰ੍ਹਾਂ ਜਾਂਦਾ ਹੈ। ਭਗਵਾਨ ਦਾ ਦੁਆਰ ਬੰਦ ਮਿਲਦਾ ਹੈ ਉਸਨੂੰ। ਜੀਵਨ ਭਰ ਮਨੁੱਖ ਭਗਵਾਨ ਹੋਣਾ ਲੋਚਦਾ ਹੈ। ਅਜਿਹੀ ਸ਼ਕਤੀ ਚਾਹੀਦੀ ਹੈ ਜੋ ਕਦੀ ਕਮਜ਼ੋਰੀ ਵਿਚ ਨਾ ਬਦਲੇ। ਮਨੁੱਖ ਲਕਸ਼ ਬਹੁਤ ਵੱਡੇ ਵੱਡੇ ਰੱਖਦਾ ਹੈ, ਕਿਉਂਕਿ ਇਹ ਉਸ ਦੇ ਅਨੁਭਵ ਵਿਚ ਹੈ, ਪਰ ਸਾਧਨ ਜਾਂ ਤਾਂ ਜੁਟਾ ਨਹੀਂ ਪਾਉਂਦਾ ਜਾਂ ਸਾਧਨ ਛੋਟੇ ਹੁੰਦੇ ਹਨ ਜਾਂ ਸਾਧਨ ਗ਼ਲਤ ਹੁੰਦੇ ਹਨ। ਇਸ ਕਾਰਨ ,ਕਰਕੇ ਚਾਹਤ ਸੁੱਖ ਦੀ ਤੇ ਜੀਉਂਦਾ ਦੁੱਖ ਵਿਚ ਹੈ। ਚਾਹਤ ਪਰਮ ਸ਼ਕਤੀ ਦੀ ਹੈ ਪਰ ਮਹਾਂ-ਕਮਜ਼ੋਰ ਹੈ, ਅਜਿਹਾ ਉਹ ਅਨੁਭਵ ਕਰਦਾ ਹੈ। ਭਾਵੇਂ ਜ਼ਿੰਦਗੀ ਦੀ ਭੱਜ ਦੌੜ ਇਸਨੂੰ ਬਹੁਤ ਕੁਝ ਪ੍ਰਾਪਤ ਕਰਾ ਦਿੰਦੀ ਹੈ, ਪਰ ਬਹੁਤ ਕੁਝ ਪ੍ਰਾਪਤ ਕਰਨਾ ਇੰਝ ਹੁੰਦਾ ਹੈ ਜਿਵੇਂ ਕੁਝ ਵੀ ਨਹੀਂ ਮਿਲਦਾ। ਬਹੁਤਾ ਧਨ ਪ੍ਰਾਪਤ ਕਰਕੇ ਇਕ ਲਾਭ ਹੈ। ਕੀ ? ਅੰਦਰ ਦੀ ਨਿਧਨਤਾ ਝਲਕਣ ਲੱਗ ਪੈਂਦੀ ਹੈ।

ਇਕ ਗ਼ਰੀਬ ਮਨੁੱਖ ਨੂੰ ਅੰਦਰ ਦੀ ਗ਼ਰੀਬੀ ਨਹੀਂ ਦਿਖਾਈ ਦਿੰਦੀ, ਕਿਉਂਕਿ ਅਜੇ ਵਿਚਾਰਾ ਬਾਹਰ ਦੀ ਗ਼ਰੀਬੀ ਵਿਚ ਉਲਝਿਆ ਹੋਇਆ ਹੈ। ਜੇਕਰ ਇਕ ਬੈਰੂਨੀ ਤੌਰ 'ਤੇ ਗ਼ਰੀਬ ਹੈ ਤੇ ਉਸਨੂੰ ਅੰਦਰ ਦੀ ਗ਼ਰੀਬੀ ਦਿਖਾਈ ਦੇਣ ਲੱਗ ਪਈ ਹੈ ਤਾਂ ਇਹ ਉਸ ਦੀ ਪੂਰਬਲੀ ਤਪੱਸਿਆ ਹੋਵੇਗੀ। ਪਰ ਇਕ ਚੋਟੀ ਦੇ ਧਨਵਾਨ ਨੂੰ ਅੰਦਰ ਦੀ ਗ਼ਰੀਬੀ ਨਾ ਦਿਖਾਈ ਦੇਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਦੇ ਕੋਲ ਦਿਮਾਗ਼ ਨਾਮ ਦੀ ਕੋਈ ਚੀਜ਼ ਨਹੀਂ ਹੈ। ਸੂਝ-ਬੂਝ ਨਾਮ ਦੀ ਕੋਈ ਚੀਜ਼ ਨਹੀਂ ਹੈ। ਮਨੁੱਖ ਹੋ ਕੇ ਇਹ ਪਸ਼ੂ ਦੀ ਤਰ੍ਹਾਂ ਜੀਅ ਰਿਹਾ ਹੈ। ਬਹੁਤਾ ਗਿਆਨ ਪ੍ਰਾਪਤ ਕਰਕੇ ਅੰਦਰ ਦੀ ਨਾਸਮਝੀ ਝਲਕਣ ਲੱਗ ਪੈਂਦੀ ਹੈ। ਇਕ ਅਗਿਆਨੀ ਮਨੁੱਖ ਜੋ ਬੈਰੂਨੀ ਤੌਰ 'ਤੇ ਅਗਿਆਨੀ ਹੈ, ਅਜੇ ਬਾਹਰ ਦੇ ਸੰਸਾਰ ਬਾਰੇ

ਕੁਝ ਵੀ ਨਹੀਂ ਜਾਣਦਾ, ਉਸਨੂੰ ਅੰਦਰ ਦੀ ਨਾਸਮਝੀ ਦਿਖਾਈ ਨਹੀਂ ਦਿੰਦੀ। ਬਾਹਰੋਂ ਤਾਂ ਅਨਪੜ੍ਹ ਹੈ, ਅਜੇ ਬਹੁਤ ਕੁਝ ਨਹੀਂ ਜਾਣਦਾ ਤੇ ਅੰਦਰ ਦਾ ਅਗਿਆਨ ਦਿਖਾਈ ਦੇਣ ਲੱਗ ਪਿਆ ਹੈ ਤਾਂ ਇਹ ਉਸ ਦੀ ਪੂਰਬਲੀ ਤਪੱਸਿਆ ਹੋਵੇਗੀ। ਬਹੁਤਾ ਗਿਆਨ ਪ੍ਰਾਪਤ ਕਰਕੇ ਵੀ ਅੰਦਰ ਦਾ ਅਗਿਆਨ ਨਹੀਂ ਦਿਖਾਈ ਦੇ ਰਿਹਾ ਤਾਂ ਅਜਿਹਾ ਮਨੁੱਖ ਮਨੁੱਖ ਨਹੀਂ ਹੈ, ਪਸ਼ੂ ਹੈ। ਉਸ ਦੇ ਕੋਲ ਦਿਲ-ਦਿਮਾਗ਼ ਨਾਮ ਦੀ ਕੋਈ ਚੀਜ਼ ਨਹੀਂ ਹੈ।

ਜਿਸ ਗਿਆਨ ਨੇ ਜ਼ਿੰਦਗੀ ਨੂੰ ਬਦਲਿਆ ਨਾ ਹੋਵੇ ਤੇ ਦੁਸ਼ਟਪੁਣਾ ਦਿੱਤਾ ਹੋਵੇ, ਅਜਿਹੇ ਗਿਆਨ ਨੂੰ ਗਿਆਨ ਕਹਿਣਾ ਵੀ ਗਿਆਨ ਦੀ ਤੌਹੀਨ ਹੈ। ਅਜੋਕਾ ਗਿਆਨ ਚਾਹੇ ਸਕੂਲ ਤੋਂ ਮਿਲ ਰਿਹਾ ਹੈ, ਚਾਹੇ ਕਾਲਜਾਂ ਤੋਂ ਮਿਲ ਰਿਹਾ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*

(ਅੰਗ ੧੪੦)

ਇਹ ਪੜ੍ਹਾਈ ਲਿਖਾਈ ਤਾਂ ਮੂਰਖਪੁਣਾ ਵਧਾ ਰਹੀ ਹੈ। ਲੋਭ ਵੱਧ ਰਿਹਾ ਹੈ, ਕਾਮ ਵੱਧ ਰਿਹਾ ਹੈ, ਵਾਸ਼ਨਾ ਵੱਧ ਰਹੀ ਹੈ। ਇਕ ਅਨਪੜ੍ਹ ਮਨੁੱਖ ਵਿਚ ਇੰਨੀ ਕਾਮ ਵਾਸ਼ਨਾ ਨਹੀਂ ਹੁੰਦੀ, ਜਿੰਨੀ ਪੜ੍ਹੇ ਲਿਖੇ ਵਿਚ ਹੁੰਦੀ ਹੈ। ਇਕ ਅਨਪੜ੍ਹ ਮਨੁੱਖ ਵਿਚ ਇੰਨਾ ਲੋਭ ਨਹੀਂ ਹੁੰਦਾ, ਜਿੰਨਾ ਪੜ੍ਹੇ-ਲਿਖੇ ਵਿਚ ਹੁੰਦਾ ਹੈ। ਇਕ ਅਨਪੜ੍ਹ ਮਨੁੱਖ ਇੰਨਾ ਹੰਕਾਰੀ ਨਹੀਂ ਹੁੰਦਾ ਜਿੰਨਾ ਪੜ੍ਹਿਆ ਲਿਖਿਆ ਹੰਕਾਰੀ ਹੁੰਦਾ ਹੈ। ਇਸ ਤਰੀਕੇ ਨਾਲ ਬਹੁਤ ਗਿਆਨ ਪ੍ਰਾਪਤ ਕਰਕੇ ਅਖ਼ੀਰ ਅੰਜਾਮ ਇਹੀ ਹੁੰਦਾ ਹੈ ਕਿ ਅੰਦਰ ਦੀ ਅਗਿਆਨਤਾ ਝਲਕਣ ਲੱਗ ਪੈਂਦੀ ਹੈ ਤਾਂ ਗੱਲ ਸਪੱਸ਼ਟ ਹੋ ਗਈ ਕਿ ਬਹੁਤ ਕੁਝ ਪ੍ਰਾਪਤ ਕਰਕੇ ਵੀ ਪਤਾ ਚੱਲਦਾ ਹੈ ਕਿ ਕੁਝ ਨਹੀਂ ਮਿਲਿਆ। ਪ੍ਰਮਾਤਮਾ ਦੇ ਮਾਰਗ 'ਤੇ ਚੱਲ ਚੱਲ ਕੇ ਜੇ ਕੁਝ ਨਾ ਵੀ ਮਿਲੇ ਤਾਂ ਵੀ ਬਹੁਤ ਕੁਝ ਮਿਲ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਦੁਨੀਆਂ ਦੇ ਬਾਦਸ਼ਾਹ ਵੀ ਗ਼ਰੀਬ ਮੁਫ਼ਲਿਸ ਫ਼ਕੀਰ ਕਹਿਲਾਉਂਦੇ ਹਨ, ਉਸ ਦੁਨੀਆਂ ਦੇ ਫ਼ਕੀਰ ਵੀ ਸ਼ਹਿਨਸ਼ਾਹ ਕਹਿਲਾਉਂਦੇ ਹਨ।

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*

(ਜਪੁ ਜੀ ਸਾਹਿਬ)

ਚੱਲਿਆ ਹੈ ਪ੍ਰਮਾਤਮਾ ਦੇ ਮਾਰਗ 'ਤੇ, ਕਰਦਾ ਪਿਆ ਹੈ ਜੱਪ-ਤੱਪ ਅਤੇ ਜੇਕਰ ਨਹੀਂ ਕੁਝ ਮਿਲਿਆ ਤਾਂ ਵੀ ਬਹੁਤ ਕੁਝ ਮਿਲ ਜਾਂਦਾ ਹੈ। ਉਹ ਆਨੰਦ ਨਾ ਮਿਲਿਆ ਪਰ ਆਨੰਦ ਦੀ ਕੁਝ ਝਲਕ ਮਿਲ ਗਈ। ਚੱਲੋ ਪ੍ਰਮਾਤਮਾ ਨਹੀਂ ਮਿਲਿਆ, ਪ੍ਰਮਾਤਮਾ ਦੀ ਤੜਪ ਤਾਂ ਮਿਲ ਗਈ। ਈਸ਼ਵਰ ਨਹੀਂ ਮਿਲਿਆ, ਈਸ਼ਵਰ ਦੀ ਲਗਨ ਤਾਂ ਮਿਲ ਗਈ। ਉਸ ਦੀ ਚਾਹਤ ਦਾ ਮਿਲ ਜਾਣਾ ਵੀ ਸਭ ਕੁਝ ਦਾ ਮਿਲ ਜਾਣਾ ਹੈ। ਸੰਸਾਰ ਵਿਚ ਸਭ ਕੁਝ ਦਾ ਪ੍ਰਾਪਤ ਹੋ ਜਾਣਾ ਵੀ ਅਖ਼ੀਰ ਵਿਚ ਅਨੁਭਵ ਹੁੰਦਾ ਹੈ ਕਿ ਕੁਝ ਵੀ ਨਹੀਂ ਹੈ।

ਸਤਿਯੁਗੀ ਜੀਵ ਸੰਤੁਸ਼ਟੀ ਵਿਚ ਹੈ।

*ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥*

(ਅੰਗ ੪੭੦)

ਸੰਤੁਸ਼ਟ ਮਨੁੱਖ ਮਰਿਆਦਾ ਵਿਚ ਹੁੰਦਾ ਹੈ। ਇਕ ਬੱਚਾ ਮਾਤਾ ਦੇ ਗਰਭ ਵਿਚ ਮਰਿਆਦਾ ਵਿਚ ਹੈ, ਸੰਤੁਸ਼ਟ ਹੈ। ਜੋ ਅਨੁਭਵ ਇਸ ਬੱਚੇ ਨੂੰ ਮਾਤਾ ਦੇ ਗਰਭ ਵਿਚ ਹੋਇਆ, ਧਰਤੀ ਦੀ ਗਰਭ ਵਿਚ ਪੈ ਕੇ ਮਨੁੱਖ ਨੂੰ ਉਹੀ ਅਨੁਭਵ ਪ੍ਰਾਪਤ ਕਰਨਾ ਹੋਵੇਗਾ। ਜਿੰਨੇ ਚਿਰ ਤੱਕ ਉਸ ਅਨੁਭਵ ਨੂੰ ਇਸਨੇ ਪ੍ਰਾਪਤ ਨਹੀਂ ਕੀਤਾ, ਬਾਰ ਬਾਰ ਪ੍ਰਮਾਤਮਾ ਇਸਨੂੰ ਗਰਭ ਵਿਚ ਪਾ ਕੇ ਇਹ ਅਨੁਭਵ ਉਸ ਦੀ ਝੋਲੀ ਵਿਚ ਪਾਂਦਾ ਰਹੇਗਾ ਤਾਂਕਿ ਧਰਤੀ ਦੀ ਗੋਦ ਵਿਚ ਜਦੋਂ ਇਹ ਜਾਏ, ਇਹ ਆਨੰਦ, ਇਹ ਸਬਰ, ਸੰਤੋਖ, ਮਰਿਆਦਾ ਇਸ ਦੀ ਝੋਲੀ ਵਿਚ ਹੋਵੇ। ਮਾਤਾ ਦੇ ਗਰਭ ਵਿਚ ਤਾਂ ਜੀਵਨ ਸਤਿਯੁਗੀ ਹੈ, ਧਰਤੀ ਦੀ ਗੋਦ ਵਿਚ ਆਉਂਦਿਆਂ ਕਲਿਯੁਗੀ ਹੋ ਜਾਂਦਾ ਹੈ। ਤ੍ਰੇਤੇ ਯੁੱਗ ਵਿਚ ਪੈ ਜਾਂਦਾ ਹੈ, ਦੁਆਪੁਰ ਵਿਚ ਪੈ ਜਾਂਦਾ ਹੈ। ਤ੍ਰੇਤਾ ਮਨੁੱਖਤਾ ਦਾ ਬਚਪਨਾ ਹੈ। ਮਨੁੱਖ ਦਾ ਸਰੀਰਕ ਬਚਪਨਾ ਨਹੀਂ, ਮਨੁੱਖਤਾ ਦਾ ਬਚਪਨਾ। ਦੁਆਪਰ ਯੁੱਗ ਮਨੁੱਖਤਾ ਦੀ ਜੁਆਨੀ ਹੈ ਅਤੇ ਕਲਿਯੁਗ ਮਨੁੱਖਤਾ ਦਾ ਬੁਢੇਪਾ ਹੈ।

ਕਹਿੰਦੇ ਹਨ, ਸਤਿਯੁਗ ਵਿਚ ਕੋਈ ਅਵਤਾਰ ਨਹੀਂ ਹੋਇਆ। ਜੇਕਰ ਹੋਇਆ ਹੈ ਤਾਂ ਬੋਨਾ ਹੋਇਆ ਹੈ। ਵਾਕਿਆ ਪੂਰਨ ਅਵਤਾਰ ਦੀ ਲੋੜ ਨਹੀਂ ਸੀ। ਜੋ ਧਰਮ ਵਿਚ ਜੀਅ ਰਿਹਾ ਹੈ, ਜੋ ਸੰਤੋਖ ਵਿਚ ਜੀਅ ਰਿਹਾ ਹੈ, ਉਸਨੂੰ ਕਿਹੜੇ ਅਵਤਾਰ ਦੀ ਲੋੜ ਹੈ ? ਚੱਲੋ ਕੋਈ ਨਰਸ, ਕੋਈ ਡਾਕਟਰ ਮਾਂ ਨੂੰ ਜ਼ਰਾ ਖਾਣ-ਪੀਣ ਦਾ ਢੰਗ ਦੱਸ ਦੇਵੇ, ਪਰ ਉਹ ਵੀ ਬੱਚੇ ਨੂੰ ਦੱਸਣ ਦੀ ਲੋੜ ਨਹੀਂ। ਥੋੜਾ ਜਿਹਾ ਉਸਨੂੰ ਸੰਜਮ ਦੱਸ ਦੇਵੇ, ਪਰ ਉਹ ਵੀ ਬੱਚੇ ਨੂੰ ਦੱਸਣ ਦੀ ਲੋੜ ਨਹੀਂ। ਮਾਂ ਦਾ ਸੰਜਮ, ਖਾਣ-ਪਾਣ ਦਾ ਸੰਜਮ ਬੱਚੇ ਲਈ ਲਾਭਕਾਰੀ ਹੋ ਜਾਵੇਗਾ। ਬੱਚੇ 'ਤੇ ਕੋਈ ਜ਼ਿੰਮੇਵਾਰੀ ਨਹੀਂ। ਕਿਉਂਕਿ ਆਹਾਰ ਉਹ ਲੈ ਨਹੀਂ ਰਿਹਾ। ਨਿਰਾਹਾਰੀ ਹੈ। ਕਹਿੰਦੇ ਹਨ, ਪ੍ਰਮਾਤਮਾ ਨਿਰਾਹਾਰੀ ਹੈ। ਪ੍ਰਮਾਤਮਾ ਸੰਤੁਸ਼ਟ ਹੈ, ਗਰਭ ਕਾਲ ਦਾ ਬੱਚਾ ਸੰਤੁਸ਼ਟ ਹੈ। ਸਤਿਯੁਗ ਮਨੁੱਖ ਦਾ ਅਨੁਭਵ ਹੈ। ਸਤਿਯੁਗ ਧਰਤੀ 'ਤੇ ਕਦੀ ਨਹੀਂ ਆਇਆ। ਸਤਿਯੁਗ ਜੀਵਨ ਦਾ ਲਕਸ਼ ਤਾਂ ਹੈ, ਪਰ ਇਹ ਲਕਸ਼ ਕਿਸੇ ਇਕ-ਅੱਧ ਮਨੁੱਖ ਨੂੰ ਤਾਂ ਪ੍ਰਾਪਤ ਹੋ ਜਾਂਦਾ ਹੈ, ਪਰ ਪੂਰੀ ਮਨੁੱਖਤਾ ਨੂੰ ਨਹੀਂ। ਇਸ ਲਈ ਪੂਰੀ ਮਨੁੱਖਤਾ ਉੱਤੇ ਨਿਗਾਹ ਮਾਰਾਂਗੇ ਤਾਂ ਇਹਨਾਂ ਵਿਚ ਬਥੇਰੇ ਕਲਿਯੁਗੀ ਹੋਣਗੇ, ਕੋਈ ਟਾਵਾਂ-ਟਾਵਾਂ ਦੁਆਪਰ ਦੀ, ਕੋਈ ਥੋੜੇ ਜਹੇ ਤ੍ਰੇਤੇ ਯੁੱਗ ਦੇ। ਸਤਿਯੁਗ ਤਾਂ ਬੱਸ ਸੁਪਨਾ ਹੀ ਹੈ। ਮਾਨਸਿਕ ਮੰਡਲ ਵਿਚ ਇਹ ਯੁੱਗ ਬਦਲਦੇ ਹਨ। ਸਤਿਯੁਗ ਨੂੰ ਗਿਣਤੀ ਵਿਚ ਲਿਆਉਣਾ ਗਰਭ ਕਾਲ ਦੇ ਬੱਚੇ ਦਾ ਨਿਰੀਖਣ ਕਰਨਾ ਫ਼ਜ਼ੂਲ ਹੈ। ਜਿਵੇਂ ਹੀ ਬੱਚਾ ਮਾਤਾ ਦੇ ਗਰਭ ਨੂੰ ਤਿਆਗ ਕੇ ਧਰਤੀ ਦੀ ਗੋਦ ਵਿਚ ਆਉਂਦਾ ਹੈ ਤਾਂ ਗੁਰੂ ਨਾਨਕ ਜੀ ਕਹਿੰਦੇ ਹਨ-

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥*

(ਅੰਗ ੯੨੧)

ਜਗਤ ਪਰਿਵਰਤਨਸ਼ੀਲ ਹੈ। ਹਰ ਰੂਪ ਬਦਲਦਾ ਰਹਿੰਦਾ ਹੈ, ਹਰ ਰੰਗ ਬਦਲਦਾ ਰਹਿੰਦਾ ਹੈ। ਪਰਿਵਰਤਨ ਸੰਸਾਰ ਹੈ, ਸੰਸਾਰ ਪਰਿਵਰਤਨ ਹੈ। ਬਾਹਰ ਦੇ ਤੱਲ 'ਤੇ ਪ੍ਰਕਿਰਤੀ ਵਿਚ ਤਾਂ ਇਹ ਪਰਿਵਰਤਨ ਚੱਲਦਾ ਹੈ। ਰੁੱਤਾਂ ਬਦਲਦੀਆਂ ਹਨ, ਥਿੱਤਾਂ ਬਦਲਦੀਆਂ ਹਨ, ਮਹੀਨੇ ਬਦਲਦੇ ਹਨ, ਸਾਲ ਬਦਲਦੇ ਹਨ ਅਤੇ ਧਾਰਮਿਕ ਦ੍ਰਿਸ਼ਟੀਕੋਨ ਵਾਲੇ ਅਜਿਹਾ ਕਹਿੰਦੇ ਹਨ ਕਿ ਇਕ ਪੱਲ ਵਰਗਾ ਦੂਜਾ ਪੱਲ ਨਹੀਂ ਹੈ। ਪੱਲ-ਪੱਲ ਦੇ ਵਿਚ ਤਬਦੀਲੀ ਹੈ। ਜਿੱਥੇ ਪ੍ਰਕਿਰਤੀ ਵਿਚ ਪੱਲ-ਪੱਲ ਦੇ ਵਿਚ ਤਬਦੀਲੀ ਹੈ, ਇਕ ਇਕ ਖਿਨ ਵਿਚ ਪ੍ਰਕਿਰਤੀ ਰੂਪ ਬਦਲ ਰਹੀ ਹੈ। ਚਾਹੇ ਉਹ ਬਨਸਪਤੀ ਦਾ ਰੂਪ ਹੈ, ਪਸ਼ੂ-ਪੰਛੀ ਹਨ, ਸੂਰਜ-ਤਾਰੇ ਹਨ, ਪੱਲ ਪੱਲ ਵਿਚ ਤਬਦੀਲ ਹੋ ਰਹੇ ਹਨ।

ਇਕ ਹੋਰ ਪਰਿਵਰਤਨ ਚੱਲਦਾ ਹੈ ਮਨੁੱਖ ਦੇ ਮਾਨਸਿਕ ਤੱਲ 'ਤੇ। ਸਿਆਣਿਆਂ ਨੇ, ਅਵਤਾਰੀਆਂ ਨੇ ਇਸ ਪਰਿਵਰਤਨ ਨੂੰ ਅਜਿਹਾ ਕਿਹਾ ਹੈ ਕਿ ਇਹ ਖ਼ਾਸ ਹਾਲਤਾਂ ਮਨ ਦੇ ਤੱਲ 'ਤੇ ਚਾਰ ਬਦਲਦੀਆਂ ਹਨ। ਇਕ ਨੂੰ ਸਤਿਯੁਗ ਕਹਿ ਦਿੱਤਾ। ਇਕ ਨੂੰ ਤ੍ਰੇਤਾ ਕਹਿ ਦਿੱਤਾ। ਇਕ ਦੁਆਪਰ ਤੇ ਇਕ ਕਲਿਯੁਗ।

ਸਮੇਂ ਦੇ ਵਿਚ ਜੋ ਕੁਝ ਵੀ ਹੈ ਸਭ ਕੁਝ ਬਦਲਦਾ ਹੈ ਅਤੇ ਸਮਾਂ ਸਭ ਨੂੰ ਬਦਲਦਾ ਹੈ। ਕਾਲ ਸਭ ਨੂੰ ਬਦਲਦਾ ਹੈ। ਬੱਚਾ ਜਵਾਨ ਹੁੰਦਾ ਹੈ, ਜਵਾਨ ਬੁੱਢਾ ਹੁੰਦਾ ਹੈ, ਬੁੱਢਾ ਖ਼ਾਕ ਹੁੰਦਾ ਹੈ, ਖ਼ਾਕ ਤੋਂ ਫਿਰ ਉੱਤਪਤੀ ਹੁੰਦੀ ਹੈ। ਕਾਲ ਦੀ ਕਿਰਿਆ ਪਰਿਵਰਤਨਸ਼ੀਲ ਹੈ। ਕਾਲ ਸਭ ਕੁਝ ਬਦਲ ਦਿੰਦਾ ਹੈ, ਭਾਵੇਂ ਉਹ ਮਨੁੱਖ ਦਾ ਮਾਨਸਿਕ ਮੰਡਲ ਹੀ ਕਿਉਂ ਨਾ ਹੋਵੇ। ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿੰਨੇ ਸਰੀਰ ਕਾਇਆ ਬ੍ਰਹਿਮੰਡ ਵਿਚ ਹਨ, ਮਨੁੱਖ ਸਭ ਤੋਂ ਮਹਾਨ ਹੈ। ਅਜਿਹਾ ਬਹਾਦਰ ਸ਼ਾਹ ਜ਼ਫ਼ਰ ਨੇ ਵੀ ਕਿਹਾ ਹੈ-

*ਬਨਾਇਆ ਹੈ ਜ਼ਫ਼ਰ ਖ਼ਲਕ ਨੇ*
*ਕਬ ਇਨਸਾਨ ਸੇ ਬੜ ਕਰ।*

ਜੈਸਾ ਮਨੁੱਖ ਹੈ, ਕਾਇਨਾਤ ਵਿਚ ਅਜਿਹਾ ਹੋਰ ਕੋਈ ਨਹੀਂ। ਮਨੁੱਖ ਸਭ ਤੋਂ ਮਹਾਨ ਹੈ। ਕਿਸ ਪੱਖੋਂ ਮਹਾਨ ਹੈ ? ਇਸ ਕੋਲ ਵਿਚਾਰ-ਸ਼ਕਤੀ ਹੈ। ਇਸ ਕੋਲ ਸੋਚ-ਸ਼ਕਤੀ ਹੈ। ਇਸ ਕੋਲ ਚਿੰਤਨ ਵੀ ਹੈ। ਚਿੰਤਨ ਦੇ ਆਸਰੇ 'ਤੇ, ਵਿਚਾਰ ਦੇ ਆਸਰੇ 'ਤੇ ਮਨੁੱਖ ਸੁਪ੍ਰੀਮ ਨਿਰੰਕਾਰ ਦਾ ਰੂਪ ਹੋ ਸਕਦਾ ਹੈ। ਇਹ ਕਾਇਆ ਪ੍ਰਮਾਤਮਾ ਦੇ ਮਿਲਣ ਦਾ ਇਕ ਸਾਧਨ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਣ ਕਰਦੇ ਹਨ-

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਰਹਰਾਸਿ ਸਾਹਿਬ)

ਇਕ ਮੌਕਾ ਹੈ ਗੋਬਿੰਦ ਨੂੰ ਮਿਲਣ ਦਾ। ਜਿਵੇਂ ਪ੍ਰਕਿਰਤੀ ਵਿਚ ਪਲਟਾ ਆਉਂਦਾ ਹੈ, ਇਵੇਂ ਜ਼ਮੀਨ ਦੀ ਗਰਦਿਸ਼ ਦੇ ਨਾਲ, ਸੂਰਜ ਦੀ ਗਰਦਿਸ਼ ਦੇ ਨਾਲ ਰੁੱਤਾਂ ਬਦਲਦੀਆਂ ਹਨ, ਥਿੱਤਾਂ ਦੇ ਨਾਲ। ਮਾਨਸਿਕ ਮੰਡਲ ਵਿਚ ਜੋ ਪਲਟਾ ਆਉਂਦਾ ਹੈ, ਉਹ ਮਨ ਦੀ ਗਰਦਿਸ਼ ਦੇ ਨਾਲ ਹੀ ਆਉਂਦਾ ਹੈ। ਵਿਚਾਰ ਸਾਰੇ ਦੇ ਸਾਰੇ ਬਦਲ ਗਏ, ਸੋਚਣੀ ਸਾਰੀ ਦੀ ਸਾਰੀ ਬਦਲ ਗਈ ਅਤੇ ਚਿੰਤਨ ਬਦਲ ਗਿਆ ਤਾਂ ਮਨ ਦੇ ਤੱਲ 'ਤੇ ਯੁੱਗ ਬਦਲ ਗਿਆ। ਜਦੋਂ ਮਨ ਦੇ ਤੱਲ 'ਤੇ ਯੁੱਗ ਬਦਲ ਜਾਂਦਾ ਹੈ ਤਾਂ ਫਿਰ ਮਨੁੱਖ ਦਾ ਮਨ ਬੈਰੂਨੀ ਕਰਮਾਂ ਦੇ ਰਾਹੀਂ ਉਸ ਛਾਪ ਨੂੰ ਪ੍ਰਗਟ ਕਰਦਾ ਹੈ। ਉਹਨਾਂ ਕਰਮਾਂ ਦੀ ਤਬਦੀਲੀ ਨੂੰ ਦੇਖਕੇ ਸਿਆਣੇ ਕਹਿ ਦਿੰਦੇ ਹਨ ਕਿ ਯੁੱਗ ਬਦਲ ਗਿਆ।

ਆਰੰਭਤਾ ਸਤਿਯੁਗ ਤੋਂ ਹੈ। ਸਤਿ ਦੇ ਅਰਥ ਹਨ ਕਾਇਮ-ਦਾਇਮ, ਸਤਿ ਦੇ ਅਰਥ ਹਨ ਸਦੀਵੀ, ਸਤਿ ਦੇ ਅਰਥ ਹਨ ਉੱਚਾ ਆਚਰਨ ਅਤੇ ਸਤਿ ਦੇ ਅਰਥ ਹਨ ਸੱਚ। ਜਦੋਂ ਜੀਵਨ ਸੱਚ-ਆਸ਼ਰਿਤ ਹੋਵੇ ਅਤੇ ਜੀਵਨ ਦੇ ਹਰ ਕਰਮ ਦੇ ਉੱਤੇ ਸੱਚ ਦੀ ਮੋਹਰ ਹੋਵੇ, ਬੋਲਣਾ ਸੱਚ ਹੋਵੇ, ਸੋਚਣਾ ਸੱਚ ਹੋਵੇ, ਸੁਣਨਾ ਸੱਚ ਹੋਵੇ ਅਤੇ ਜੀਵਨ ਦੀ ਹਰ ਕਿਰਿਆ ਦੇ ਉੱਤੇ ਸੱਚ ਦੀ ਛਾਪ ਹੋਵੇ ਤਾਂ ਅਜਿਹੇ ਵਾਤਾਵਰਨ ਨੂੰ ਮਨੁੱਖੀ ਦੁਨੀਆਂ ਵਿਚ ਸਤਿਯੁਗ ਕਹਿ ਦਿੰਦੇ ਹਨ।

ਯੁੱਗ ਬਦਲਦੇ ਹਨ ਸਿਰਫ਼ ਮਨੁੱਖ ਦੀ ਦੁਨੀਆਂ ਵਿਚ। ਹਜ਼ਾਰਾਂ ਸਾਲ ਪਹਿਲਾਂ ਕਿੱਕਰ ਨੂੰ ਕੰਢੇ ਲੱਗਦੇ ਸਨ ਤਾਂ ਅੱਜ ਕੋਈ ਅੰਗੂਰ ਨਹੀਂ ਲੱਗਦੇ। ਅੰਗੂਰ ਦੀਆਂ ਬੇਲਾਂ ਨੂੰ ਹਜ਼ਾਰਾਂ ਸਾਲ ਪਹਿਲਾਂ ਅੰਗੂਰ ਲੱਗਦੇ ਸਨ ਤਾਂ ਅੱਜ ਕੋਈ ਕੰਡੇ ਨਹੀਂ ਲੱਗਦੇ। ਬਨਸਪਤੀ ਦੀ ਦੁਨੀਆਂ ਵਿਚ ਤਬਦੀਲੀ ਨਹੀਂ ਹੁੰਦੀ। ਪਸ਼ੂਆਂ ਦੀ ਦੁਨੀਆਂ ਵਿਚ ਵੀ ਕੋਈ ਤਬਦੀਲੀ ਨਹੀਂ ਹੁੰਦੀ। ਹਜ਼ਾਰਾਂ ਸਾਲ ਪਹਿਲਾਂ ਸ਼ੇਰ ਸ਼ਿਕਾਰ ਕਰਕੇ ਕੱਚਾ ਮਾਸ ਖਾਂਦੇ ਸਨ, ਅੱਜ ਵੀ ਇਸੇ ਤਰ੍ਹਾਂ ਹੈ। ਹਜ਼ਾਰਾਂ ਸਾਲ ਪਹਿਲਾਂ ਵੀ ਗਊ ਤੇ ਹਿਰਨ ਘਾਸ ਖਾਂਦੀ ਸੀ, ਅੱਜ ਵੀ ਘਾਸ ਖਾਂਦੀ ਹੈ। ਪਰ ਮਨੁੱਖ ਦੀ ਕਿਰਿਆ ਬਹੁਤ ਬਦਲ ਗਈ ਹੈ। ਰਹਿੰਦਾ ਸੀ ਪਹਿਲਾਂ ਪਹਾੜਾਂ ਦੀਆਂ ਕੰਧਰਾਂ ਵਿਚ, ਅੰਦਰ ਸੰਤੋਖ ਸੀ, ਲੋੜਾਂ ਸੀਮਤ ਸਨ। ਮਹਾਰਾਜ ਕਹਿੰਦੇ ਹਨ-

*ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥*

(ਅੰਗ ੪੭੦)

ਜੀਵਨ ਦਾ ਲਕਸ਼ ਹੈ ਧਰਮ ਅਤੇ ਸੰਤੋਖ ਪ੍ਰਾਪਤੀ ਦਾ ਸਾਧਨ। ਧਾਰਮਿਕ ਮਨੁੱਖ ਸੰਤੁਸ਼ਟ ਹੋਵੇਗਾ, ਸੰਤੁਸ਼ਟ ਮਨੁੱਖ ਹੀ ਧਾਰਮਿਕ ਹੁੰਦਾ ਹੈ। ਲੋਭੀ ਮਨੁੱਖ ਦਿਨ ਭਰ ਨਿਮਾਜ਼

ਪੜ੍ਹੇ, ਧਾਰਮਿਕ ਨਹੀਂ ਹੈ। ਲੋਭੀ ਮਨੁੱਖ ਦਿਨ ਭਰ ਪੂਜਾ ਪਾਠ ਕਰਕੇ, ਧਾਰਮਿਕ ਨਹੀਂ ਹੈ। ਹੰਕਾਰੀ ਕਿਵੇਂ ਧਾਰਮਿਕ ਹੋ ਸਕਦਾ ਹੈ। ਵਾਸ਼ਨਾ ਦੇ ਵਿਚ ਗ੍ਰਸਿਆ ਹੋਇਆ ਮਨੁੱਖ, ਕ੍ਰੋਧ ਵਿਚ ਤੱਪਿਆ ਹੋਇਆ ਮਨੁੱਖ ਤੇ ਮੋਹ ਦੇ ਅੰਧਕਾਰ ਵਿਚ ਭਟਕਦਾ ਹੋਇਆ ਮਨੁੱਖ ਧਾਰਮਿਕ ਨਹੀਂ ਹੋ ਸਕਦਾ। ਧਾਰਮਿਕ ਮਨੁੱਖ ਉਹੀ ਹੈ ਜੋ ਸੰਤੁਸ਼ਟ ਹੈ।

ਹਜ਼ਾਰਾਂ ਸਾਲ ਪਹਿਲੇ ਦਾ ਮਨੁੱਖ ਸੰਤੁਸ਼ਟ ਸੀ। ਲੋੜਾਂ ਵੀ ਸੀਮਤ ਸਨ। ਪਹਾੜਾਂ ਵਿਚ ਜੋ ਕੁਦਰਤੀ ਗੁਫਾਵਾਂ ਬਣੀਆਂ ਹਨ, ਉਹੀ ਇਸ ਦਾ ਘਰ ਸੀ। ਇਸਨੂੰ ਘਰ ਬਣਾਉਣ ਦੀ ਲੋੜ ਨਹੀਂ ਸੀ। ਦਰੱਖ਼ਤਾਂ ਦੇ ਫਲ ਇਸ ਦਾ ਆਹਾਰ ਸੀ, ਇਸਨੂੰ ਕੋਈ ਖੇਤੀਬਾੜੀ ਕਰਨ ਦੀ ਲੋੜ ਨਹੀਂ ਸੀ। ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਕੱਚਾ ਮਾਸ ਖਾ ਜਾਣਾ ਇਹ ਮਨੁੱਖ ਦਾ ਆਹਾਰ ਸੀ। ਰੁੱਤ ਦੇ ਮੁਤਾਬਿਕ ਫਲ-ਫੁੱਲ ਖਾ ਲੈਣੇ। ਸੰਤੁਸ਼ਟ ਮਨੁੱਖ ਧਾਰਮਿਕ ਹੁੰਦਾ ਹੈ, ਪਰ ਸਤਿਯੁਗੀ ਮਨੁੱਖ ਦਾ ਧਾਰਮਿਕ ਹੋਣਾ ਇਕ ਤਰੀਕੇ ਦੇ ਨਾਲ ਅਗਿਆਨ-ਆਸ਼ਰਤ ਸੀ, ਗਿਆਨ-ਆਸ਼ਰਤ ਨਹੀਂ ਸੀ। ਸੁਭਾਅ ਕਰਕੇ ਸੰਤੋਖੀ ਸੀ। ਜਿਵੇਂ ਪਸ਼ੂ ਆਪਣੇ ਸੁਭਾਅ ਵਿਚ ਜੀਅ ਰਹੇ ਸਨ, ਇਸੇ ਤਰ੍ਹਾਂ ਮਨੁੱਖ ਸੰਤੁਸ਼ਟ ਸੀ। ਅਜਿਹਾ ਅੰਦਾਜ਼ਾ ਹੈ ਕਿ ਹਰ ਢਾਈ ਹਜ਼ਾਰ ਸਾਲ ਤੋਂ ਬਾਅਦ ਯੁੱਗ ਬਦਲ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਐਲਾਨੀਆ ਕਹਿੰਦੇ ਹਨ-

*ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥*

(ਅੰਗ ੯੦੨)

ਉਦੋਂ ਵੀ ਰਾਤ ਨੂੰ ਹੀ ਚੰਦਰਮਾ ਚਮਕਦਾ ਸੀ ਅਤੇ ਦਿਨ ਨੂੰ ਸੂਰਜ ਦੀ ਚਮਕ ਵਿਚ ਮੱਧਮ ਪੈ ਜਾਂਦਾ ਸੀ। ਪਰ ਅੱਜ ਅਜਿਹਾ ਨਹੀਂ ਕਿ ਦਿਨ ਨੂੰ ਚੰਦਰਮਾ ਚਮਕਦਾ ਹੋਵੇ ਤੇ ਰਾਤ ਨੂੰ ਸੂਰਜ। ਅੱਜ ਵੀ ਉਹੀ ਹੈ।

*ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥*

(ਅੰਗ ੯੦੨)

ਉਹਨਾਂ ਦਿਨਾਂ ਵਿਚ ਪਸ਼ੂ ਜਿਵੇਂ ਜੀਵਨ ਬਤੀਤ ਕਰਦੇ ਸਨ, ਅੱਜ ਵੀ ਉਸੇ ਤਰ੍ਹਾਂ ਜੀਅ ਰਹੇ ਹਨ। ਵਿਚਾਰ ਬਦਲ ਗਏ ਤਾਂ ਸੰਸਾਰ ਬਦਲ ਗਿਆ। ਇਹ ਤਬਦੀਲੀ ਯੁੱਗ ਦੀ ਤਬਦੀਲੀ ਕਹਿਲਾਈ। ਜਿਵੇਂ ਜੀਵਨ ਨੂੰ ਗੁਰਬਾਣੀ ਨੇ ਚਾਰ ਭਾਗਾਂ ਵਿਚ ਵੰਡਿਆ ਹੈ- ਪਹਿਲਾ ਭਾਗ ਮਾਤਾ ਦੇ ਗਰਭ ਦਾ, ਦੂਜਾ ਬਚਪਨਾ, ਤੀਸਰਾ ਜਵਾਨੀ ਅਤੇ ਚੌਥਾ ਬੁਢਾਪਾ। ਗਰਭ ਕਾਲ ਦੀ ਅਵਸਥਾ ਬੱਚੇ ਵਰਗੀ ਨਹੀਂ ਹੈ ਅਤੇ ਬੱਚਾ ਜਵਾਨ ਵਰਗਾ ਨਹੀਂ ਹੈ ਅਤੇ ਜਵਾਨ ਬੁੱਢੇ ਵਰਗਾ ਨਹੀਂ ਹੈ। ਸਤਿਯੁਗ ਤ੍ਰੇਤੇ ਵਰਗਾ ਨਹੀਂ ਹੈ, ਤ੍ਰੇਤਾ ਸਤਿਯੁਗ ਵਰਗਾ ਨਹੀਂ ਹੈ। ਤ੍ਰੇਤਾ ਦੁਆਪਰ ਵਰਗਾ ਨਹੀਂ ਹੈ, ਦੁਆਪਰ ਤ੍ਰੇਤੇ ਵਰਗਾ ਨਹੀਂ ਹੈ। ਦੁਆਪਰ ਕਲਿਯੁਗ ਵਰਗਾ ਨਹੀਂ ਹੈ, ਕਲਿਯੁਗ ਦੁਆਪਰ ਵਰਗਾ ਨਹੀਂ ਹੈ। ਜੀਵਨ-ਸ਼ੈਲੀ ਹਰ ਯੁੱਗ ਦੀ ਆਪਣੀ ਸੀ। ਇਕ ਪਾਸੇ ਸਾਰੇ ਰਿਸ਼ੀ ਮੁਨੀ ਗੁਰੂ ਪੈਗ਼ੰਬਰ ਕਹਿੰਦੇ ਹਨ ਕਿ ਕਲਿਯੁਗ

ਸਭ ਤੋਂ ਮਾੜਾ ਯੁੱਗ ਹੈ। ਗੁਰੂ ਨਾਨਕ ਦੇਵ ਜੀ ਆਪ ਕਹਿੰਦੇ ਹਨ। ਗੁਰੂ ਅਮਰਦਾਸ ਜੀ ਆਪ ਕਹਿੰਦੇ ਹਨ—

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥*
*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥*

(ਅੰਗ ੧੬੧)

ਕਲਿਯੁਗ ਤਾਂ ਚੰਡਾਲ ਹੈ। ਗੁਰੂ ਅਮਰਦਾਸ ਜੀ ਮਹਾਰਾਜ ਅਜਿਹਾ ਫੁਰਮਾਣ ਕਰਦੇ ਹਨ, ਪਰ ਅਜਿਹਾ ਹੀ ਕਿਹਾ ਹੈ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਿ ਕਲਿਯੁਗ ਦੇ ਵਿਚ ਨਾਮ ਜੱਪਣਾ ਕਠਿਨ ਹੈ। ਫਿਰ ਕਹਿੰਦੇ ਹਨ ਕਿ ਬਦਲਦਾ ਕੀ ਹੈ ? ਗਰਭ ਕਾਲ ਦਾ ਬੱਚਾ ਗਰਭ ਵਿਚ ਹੀ ਸੰਤੁਸ਼ਟ ਹੈ। ਉਸ ਦੀਆਂ ਲੋੜਾਂ ਕੁਝ ਵੀ ਨਹੀਂ ਹਨ। ਮਾਂ ਦਾ ਆਹਾਰ ਬੱਚੇ ਦਾ ਆਹਾਰ ਬਣਦਾ ਹੈ। ਮਾਂ ਦਾ ਪੀਤਾ ਹੋਇਆ ਪਾਣੀ ਉਹੀ ਬੱਚੇ ਨੂੰ ਪ੍ਰਾਪਤ ਹੁੰਦਾ ਹੈ। ਮਾਂ ਸੁਆਸ ਲੈਂਦੀ ਹੈ ਤਾਂ ਉਸ ਦੇ ਸੁਆਸਾਂ ਨਾਲ ਹੀ ਬੱਚਾ ਸੁਆਸ ਲੈਂਦਾ ਹੈ। ਪਰ ਧਰਮ ਕਹਿੰਦਾ ਹੈ ਕਿ ਮਾਂ ਦੇ ਵਿਚਾਰਾਂ ਤੋਂ ਵੀ ਬੱਚਾ ਪ੍ਰਭਾਵਿਤ ਹੁੰਦਾ ਹੈ। ਮਾਂ ਦੇ ਵਿਚਾਰ ਬੱਚੇ ਦੇ ਵਿਚਾਰ ਹਨ। ਮਾਂ ਦੇ ਵਿਚਾਰਾਂ ਨਾਲ ਬੱਚੇ ਦਾ ਮਨ ਪ੍ਰਭਾਵਿਤ ਹੁੰਦਾ ਰਿਹਾ ਅਤੇ ਬੱਚੇ ਦਾ ਮਨ ਬਣਦਾ ਗਿਆ। ਅੱਜ ਸਹਿਜੇ ਸਹਿਜੇ ਸਾਇੰਸ ਵਿਗਿਆਨ ਇਸਨੂੰ ਕਬੂਲਣ ਲੱਗਾ ਹੈ, ਨਹੀਂ ਤਾਂ ਭਾਰਤ ਦੇ ਵਿਚ ਹਜ਼ਾਰਾਂ ਸਾਲ ਦੀ ਮਨੌਤ ਹੈ ਕਿ ਗਰਭ ਕਾਲ ਦਾ ਬੱਚਾ ਮਾਂ ਦੇ ਆਹਾਰ ਨਾਲ ਬਣਦਾ ਹੈ, ਉਸ ਦਾ ਸਰੀਰ ਮਾਂ ਦੇ ਆਹਾਰ ਨਾਲ ਬਣਦਾ ਹੈ। ਧਰਮ ਅਜਿਹਾ ਕਹਿੰਦਾ ਰਿਹਾ ਹੈ ਕਿ ਮਾਂ ਦੇ ਵਿਚਾਰ ਬੱਚੇ ਦਾ ਮਨ ਹੈ। ਇਹੀ ਕਾਰਨ ਹੈ ਕਿ ਬੁਰੇ ਵਿਚਾਰ ਦੇ ਬੱਚੇ ਨੂੰ ਦੇਖ ਕੇ ਜ਼ਮੀਨ 'ਤੇ ਵਿਚਰਦਿਆਂ, ਬੁਰੀਆਂ ਹਰਕਤਾਂ ਕਰਦਿਆਂ ਦੇਖ ਕੇ ਲੋਕੀਂ ਉਸ ਦੀ ਮਾਂ ਨੂੰ ਗਾਲ੍ਹ ਕੱਢ ਦਿੰਦੇ ਹਨ। ਹੈਰਾਨਗੀ ਹੈ ਕਿ ਅਜਿਹਾ ਕਿਉਂ ? ਬੁਰਾ ਬੱਚੇ ਨੇ ਕੀਤਾ ਹੈ ਤੇ ਗਾਲ੍ਹਾਂ ਮਾਂ ਨੂੰ ਪੈ ਗਈਆਂ। ਗ਼ਲਤ ਤਾਂ ਬੱਚੇ ਨੇ ਕੀਤਾ, ਪਰ ਗਾਲ੍ਹ ਮਾਂ ਨੂੰ ਪੈ ਗਈ।

ਭਾਰਤ ਦੇ ਸਾਰੇ ਅਵਤਾਰੀ ਪੁਰਸ਼ਾਂ ਨੇ ਬੱਚਾ ਗ਼ਲਤ ਹੈ, ਇਸ ਲਈ ਕਹਿ ਦਿੱਤਾ ਕਿ ਮਾਂ ਗ਼ਲਤ ਹੈ। ਸਾਡੇ ਦੇਸ਼ ਦੀ ਤਾਂ ਕਥਾ ਹੈ ਕਿ ਅਭਿਮਨੂੰ ਨੇ ਯੁੱਧ ਦੇ ਮੈਦਾਨ ਵਿਚ ਕਿਵੇਂ ਲੜਨਾ ਹੈ ਅਤੇ ਵੈਰੀ ਨੂੰ ਕਿਵੇਂ ਜਿੱਤਣਾ ਹੈ, ਇਹ ਸਾਰਾ ਗਿਆਨ ਗਰਭ ਵਿਚ ਪ੍ਰਾਪਤ ਕਰ ਲਿਆ। ਕੱਲ ਤੱਕ ਤਾਂ ਇਹ ਗਾਥਾ ਕਲਪਨਾ ਪ੍ਰਤੀਤ ਹੁੰਦੀ ਸੀ, ਪਰ ਅੱਜ ਇਸ ਦੀ ਵਾਸਤਵਿਕਤਾ ਵਿਗਿਆਨ ਨੇ ਵੀ ਕਬੂਲ ਕਰ ਲਈ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਤਾਂ ਕਹਿੰਦੇ ਹਨ ਕਿ ਮਾਂ ਦੇ ਵਿਚਾਰ ਬੱਚੇ ਦੇ ਵਿਚਾਰ ਹਨ। ਮਾਂ ਦਾ ਆਹਾਰ ਉਹੀ ਬੱਚੇ ਦਾ ਆਹਾਰ ਹੈ। ਜਿੱਥੇ ਬੱਚੇ ਨੂੰ ਮਾਂ ਦਾ ਖਾਧਾ ਹੋਇਆ ਆਹਾਰ ਮਿਲ ਰਿਹਾ ਹੈ, ਉਥੇ ਮਾਂ ਦੇ ਵਿਚਾਰ ਵੀ ਉਸ ਦੇ ਮਨ ਵਿਚ ਵਿਵਸਥ ਹੋ ਰਹੇ ਹਨ। ਕੁਝ ਇਸ ਬੱਚੇ ਦੇ ਪੂਰਬਲੇ ਸੰਸਕਾਰ ਅਤੇ ਕੁਝ ਮਾਂ ਦੇ ਵਿਚਾਰਾਂ ਨਾਲ ਬੱਚੇ ਦੇ

ਮਨ ਦੀ ਘਾੜਤ ਘੜੀ ਗਈ। ਜੇਕਰ ਇਹ ਬੱਚਾ ਸ਼ੁਭ ਹੈ, ਧਰਤੀ 'ਤੇ ਆ ਕੇ ਨੇਕ ਹੈ ਤਾਂ ਫਿਰ ਅਜਿਹਾ ਸਮਝਿਆ ਜਾਂਦਾ ਹੈ ਕਿ ਇਸ ਦੇ ਪਿਛਲੇ ਸੰਸਕਾਰ ਅਤੇ ਮਾਂ ਦੇ ਵਿਚਾਰ ਬੜੇ ਪਾਵਨ ਹਨ। ਫ਼ਰੀਦ ਵਰਗੇ ਫ਼ਕੀਰ ਵੀ ਕਹਿ ਉੱਠੇ-

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥*

(ਅੰਗ ੪੮੮)

ਜਿਨ੍ਹਾਂ ਨੇ ਆਪਣੇ ਜੀਵਨ ਨੂੰ ਸਫਲ ਕੀਤਾ ਹੈ, ਜਨਮ ਨੂੰ ਸਫਲ ਕੀਤਾ ਹੈ, ਪੂਜਣ ਯੋਗ ਹੈ ਉਹਨਾਂ ਦੀ ਮਾਂ। ਠੀਕ ਹੈ, ਜੀਵ ਦੇ ਆਪਣੇ ਸੰਸਕਾਰ ਸਨ, ਪਰ ਮਾਂ ਦੇ ਸ਼ੁਭ ਵਿਚਾਰਾਂ ਨੇ, ਜੋ ਗਰਭ ਕਾਲ ਵਿਚ ਇਸ ਬੱਚੇ ਨੂੰ ਮਿਲੇ ਹਨ, ਉਹਨਾਂ ਸ਼ੁਭ ਸੰਸਕਾਰਾਂ ਨੂੰ ਤਗ਼ਵੀਅਤ ਦਿੱਤੀ, ਸ਼ਕਤੀ ਦਿੱਤੀ ਤਾਂ ਹੀ ਇਹ ਬੱਚਾ ਇੰਨਾ ਮਹਾਨ ਹੈ।

ਸਤਿਯੁਗ ਦੇ ਵਿਚ ਪਰਿਵਾਰਕ ਜੀਵਨ, ਸਮਾਜਿਕ ਜੀਵਨ ਇੰਨਾ ਸੰਜਮੀ ਸੀ, ਇੰਨਾ ਸੰਤੋਖੀ ਸੀ ਕਿ ਬੱਚੇ ਸੰਤੁਸ਼ਟ ਪੈਦਾ ਹੁੰਦੇ ਸਨ ਅਤੇ ਸੁਭਾਵਿਕ ਤੌਰ 'ਤੇ ਸਚਾਈ ਉਹਨਾਂ ਦੇ ਮੱਥੇ 'ਤੇ ਝਲਕਦੀ ਸੀ। ਜੀਵਨ ਦੀਆਂ ਲੋੜਾਂ ਸੀਮਤ ਸਨ। ਲੋਭ ਨਹੀਂ ਸੀ ਤੇ ਫਿਰ ਝੂਠ ਵੀ ਨਹੀਂ ਸੀ। ਲੋਭ ਵੀ ਨਹੀਂ ਸੀ ਤਾਂ ਫਿਰ ਪਾਪ ਵੀ ਨਹੀਂ ਸੀ। ਲੋਭ ਨਹੀਂ ਸੀ ਤਾਂ ਫਿਰ ਛੱਲ-ਕਪਟ ਵੀ ਨਹੀਂ ਸੀ। ਇਸ ਲਈ ਉਸ ਯੁੱਗ ਨੂੰ ਕਹਿ ਦਿੱਤਾ ਗਿਆ ਸਤਿਯੁਗ। ਅਜਿਹੇ ਯੁੱਗ ਵਿਚ ਕਿਸੇ ਅਵਤਾਰ ਦੀ ਲੋੜ ਨਹੀਂ। ਇਸ ਲਈ ਸਤਿਯੁਗ ਵਿਚ ਕੋਈ ਅਵਤਾਰ ਨਹੀਂ ਸੀ। ਕਿਸੇ ਅਵਤਾਰ ਦਾ ਜ਼ਿਕਰ ਨਹੀਂ। ਹਾਂ ਤ੍ਰੇਤੇ ਵਿਚ ਹੋਏ ਹਨ ਸ੍ਰੀ ਰਾਮ। ਦੁਆਪਰ ਵਿਚ ਹੋਏ ਹਨ ਸ੍ਰੀ ਕ੍ਰਿਸ਼ਨ। ਕਲਿਯੁਗ ਵਿਚ ਹੋਏ ਹਨ ਸ੍ਰੀ ਗੁਰੂ ਨਾਨਕ ਦੇਵ ਜੀ, ਪਰ ਪੁੱਛੀਏ ਸਤਿਯੁਗ ਵਿਚ ਕੌਣ ਹੋਇਆ ? ਲੋੜ ਹੀ ਨਹੀਂ। ਗਰਭ ਅਵਸਥਾ ਵਿਚ ਮਾਂ ਨੂੰ ਹੀ ਸਮਝਾਉਣ ਦੀ ਲੋੜ ਹੈ ਕਿ ਬੱਚੇ ਨੂੰ ਵਿਚਾਰ ਠੀਕ ਮਿਲਣ, ਬੱਚੇ ਨੂੰ ਆਹਾਰ ਠੀਕ ਮਿਲੇ। ਉਹ ਵਿਚਾਰ ਆਪਣੇ ਮਨ ਵਿਚ ਲਿਆਉ ਜਿਸ ਨਾਲ ਬੱਚੇ ਦੇ ਮਨ ਦੀ ਘਾੜਤ ਸਹੀ ਬਣੇ ਤੇ ਚੰਗੀ ਬਣੇ। ਇਸ ਤਰ੍ਹਾਂ ਦਾ ਸਲਾਹ ਮਸ਼ਵਰਾ ਮਾਂ ਨੂੰ ਦੇਣ ਵਾਲਾ ਚਾਹੀਦਾ ਹੈ ਤਾਂ ਬੌਨਾ ਅਵਤਾਰ ਕਹਿੰਦੇ ਹਨ। ਬੜਾ ਸੁੰਦਰ ਭੱਟਾਂ ਦਾ ਸਵੱਯਾ ਹੈ-

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*

(ਅੰਗ ੧੩੯੦)

ਸਤਿਯੁਗੀ ਜ਼ਿੰਦਗੀ ਸੁਭਾਵਿਕ ਸੀ। ਬਾਕੀ ਤਿੰਨ ਯੁੱਗਾਂ ਵਿਚ ਸਤਿਯੁਗ ਦਾ ਸੁਪਨਾ ਹੀ ਰਹਿੰਦਾ ਹੈ, ਉਸਨੂੰ ਸਾਕਾਰ ਕਰਨਾ ਕਠਿਨ ਹੋ ਜਾਂਦਾ ਹੈ। ਤ੍ਰੇਤਾ ਯੁੱਗ ਆਇਆ ਤਾਂ ਮਨੁੱਖ ਦੀਆਂ ਕੁਝ ਲੋੜਾਂ ਵੱਧੀਆਂ। ਲੋੜਾਂ ਵੱਧੀਆਂ ਤਾਂ ਲੋਭ ਵੱਧਿਆ। ਲੋਭ ਵੱਧਿਆ ਤਾਂ ਕ੍ਰੋਧ ਵੀ ਵੱਧਿਆ। ਜਿਹੜੇ ਲੋਕ ਕਿਸੇ ਦੀ ਲੋਭ ਪੂਰਤੀ ਵਿਚ ਬਾਧਾ ਖੜੀ ਕਰਦੇ ਸਨ ਤਾਂ ਕ੍ਰੋਧ ਹੁੰਦਾ ਸੀ। ਜਿਹੜੇ ਜੀਵ ਲੋਭ ਪੂਰਤੀ ਦੇ ਸਾਧਨ ਜੁਟਾਉਂਦੇ ਸਨ ਤਾਂ ਉਹਨਾਂ ਨਾਲ ਮੋਹ ਹੁੰਦਾ

ਸੀ। ਇਸ ਤਰ੍ਹਾਂ ਤ੍ਰੇਤੇ ਵਿਚ ਲੋੜਾਂ ਵੱਧ ਗਈਆਂ। ਲੋੜਾਂ ਦਾ ਇਹ ਵਾਧਾ ਮਨੁੱਖ ਨੂੰ ਭ੍ਰਸ਼ਟ ਕਰ ਗਿਆ ਅਤੇ ਮਨੁੱਖ ਤ੍ਰੇਤੇ ਯੁੱਗ ਵਿਚ ਭਰੱਸ਼ਟ ਹੋਇਆ। ਮਹਾਰਾਜ ਕਹਿੰਦੇ ਹਨ, ਜਿਹੜਾ ਧਰਮ ਸਤਿਯੁਗ ਵਿਚ ਚਾਰ ਕਲਾਂ 'ਤੇ ਟਿੱਕਿਆ ਹੋਇਆ ਸੀ, ਉਹ ਤ੍ਰੇਤੇ ਵਿਚ ਤਿੰਨ ਕਲਾਂ 'ਤੇ ਟਿੱਕ ਗਿਆ। ਇਕ ਕਲਾ ਤਾਂ ਜਾਂਦੀ ਰਹੀ। ਕਿਹੜੀ ? ਸੰਤੁਸ਼ਟੀ ਜਾਂਦੀ ਰਹੀ। ਸੰਤੋਖ ਤਾਂ ਧਰਮ ਦੀ ਮੁੱਖ ਕਲਾ ਹੈ।

ਸੰਤੁਸ਼ਟ ਮਨੁੱਖ ਹਰ ਸਮੇਂ ਤ੍ਰਿਪਤ ਰਹਿੰਦਾ ਹੈ। ਤ੍ਰਿਸ਼ਨਾਲੂ ਮਨੁੱਖ ਹਰ ਸਮੇਂ ਭੁੱਖਾ ਰਹਿੰਦਾ ਹੈ। ਭੁੱਖੇ ਨੂੰ ਭਿਖਾਰੀ ਕਹਿੰਦੇ ਹਨ। ਲਿਹਾਜ਼ਾ ਸੰਤੁਸ਼ਟ ਮਨੁੱਖ ਰਾਜਾ ਹੈ। ਸਤਿਯੁਗ ਵਿਚ ਤਾਂ ਸਾਰੇ ਰਾਜੇ ਸਨ।

*ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥*

(ਅੰਗ ੪੭੦)

ਜ਼ਿੰਦਗੀ ਦਾ ਲਕਸ਼ ਬਣ ਗਿਆ ਤਾਕਤ ਪ੍ਰਾਪਤ ਕਰੋ ਤਾਂਕਿ ਆਪਣੀਆਂ ਲੋੜਾਂ ਨੂੰ ਪ੍ਰਾਪਤ ਕਰ ਸਕੀਏ। ਬਿਨਾਂ ਸ਼ਕਤੀ ਤੋਂ ਇਸ ਸਭ ਕੁਝ ਦੀ ਪ੍ਰਾਪਤੀ ਨਹੀਂ ਹੋਣੀ। ਤ੍ਰੇਤੇ ਯੁੱਗ ਵਿਚ ਰਾਜਨੀਤੀ ਦਾ ਜਨਮ ਹੋਇਆ। ਤ੍ਰੇਤੇ ਯੁੱਗ ਵਿਚ ਹੀ ਵੱਡੇ-ਵੱਡੇ ਕਬੀਲਿਆਂ ਦਾ ਜਨਮ ਹੋਇਆ। ਤ੍ਰੇਤੇ ਯੁੱਗ ਵਿਚ ਹੀ ਧਰਮ ਦੇ ਵੱਡੇ ਵੱਡੇ ਆਸ਼ਰਮਾਂ ਦਾ ਜ਼ਿਕਰ ਹੋਇਆ। ਸਤਿਯੁਗ ਵਿਚ ਕੋਈ ਆਸ਼ਰਮ ਹੋਵੇ, ਅਜਿਹਾ ਇਤਿਹਾਸ ਵਿਚ ਨਹੀਂ ਮਿਲਦਾ। ਸਤਿਯੁਗ ਵਿਚ ਕੋਈ ਰਿਸ਼ੀ-ਮੁਨੀ ਸਿਖਸ਼ਾ-ਦੀਖਸ਼ਾ ਦਿੰਦਾ ਹੋਵੇ, ਅਜਿਹਾ ਇਤਿਹਾਸ ਵਿਚ ਨਹੀਂ ਮਿਲਦਾ। ਸਤਿਯੁਗ ਵਿਚ ਕੋਈ ਪੂਰਨ ਅਵਤਾਰੀ ਪੁਰਸ਼ ਹੋਇਆ ਹੋਵੇ, ਅਜਿਹਾ ਇਤਿਹਾਸ ਵਿਚ ਨਹੀਂ ਮਿਲਦਾ। ਜੇਕਰ ਦਵਾਖ਼ਾਨਿਆਂ ਦੀ ਲੋੜ ਪੈ ਗਈ ਹੈ, ਹਸਪਤਾਲਾਂ ਦੀ ਲੋੜ ਪੈ ਗਈ ਹੈ ਤਾਂ ਜ਼ਰੂਰ ਬੀਮਾਰ ਹੋਣਗੇ। ਜੇਕਰ ਕੋਈ ਮਨੁੱਖ ਐਲਾਨੀਆ ਕਹੇ ਕਿ ਸਾਡੇ ਸ਼ਹਿਰ ਵਿਚ ਬਹੁਤ ਸਾਰੇ ਹਸਪਤਾਲ ਹਨ ਤਾਂ ਇਹ ਸ਼ਹਿਰ ਦੀ ਮਹਿਮਾ ਨਹੀਂ। ਇੰਨੇ ਸਾਰੇ ਹਸਪਤਾਲ ਦੱਸਦੇ ਹਨ ਕਿ ਇਸ ਸ਼ਹਿਰ ਵਿਚ ਰੋਗੀ ਬਹੁਤ ਹੋਣਗੇ।

ਤ੍ਰੇਤੇ ਵਿਚ ਸੰਤ-ਮਹੰਤ-ਅਵਤਾਰੀ ਪੁਰਸ਼ਾਂ ਦੀ ਭਰਮਾਰ ਹੋਈ ਅਤੇ ਸਿਰਮੌਰ ਅਵਤਾਰ ਮਰਿਆਦਾ ਪਰਸ਼ੋਤਮ ਸ੍ਰੀ ਰਾਮ ਆਏ। ਛੀਨਾ ਝੱਪਟੀ ਨਾ ਹੋ ਸਕੇ, ਤਸ਼ੱਦਦ ਨਾ ਹੋਵੇ ਅਤੇ ਕਪਟ ਨਾ ਹੋਵੇ, ਜ਼ੁਲਮ ਨਾ ਹੋਵੇ ਤਾਂ ਆਪ ਨੂੰ ਮਰਿਆਦਾ ਬਣਾਉਣੀ ਪਈ। ਇਸ ਕਰਕੇ ਆਪ ਨਾਲ ਲਕਬ ਜੁੜਿਆ ਮਰਿਆਦਾ ਪ੍ਰਸ਼ੋਤਮ ਸ੍ਰੀ ਰਾਮ। ਉਹ ਮਨੁੱਖ ਜਿਸਨੂੰ ਹਰ ਕੀਮਤ 'ਤੇ ਸਤ੍ਹਾ ਚਾਹੀਦੀ ਹੈ, ਤਾਕਤ ਚਾਹੀਦੀ ਹੈ ਤਾਂ ਅਜਿਹਾ ਜੀਵ ਤ੍ਰੇਤੇ ਜੁਗ ਦਾ ਮਾਲਕ ਹੈ।

*ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥*

(ਅੰਗ ੪੭੦)

ਜੀਵਨ ਦਾ ਲਕਸ਼ ਜਦੋਂ ਸਤਿ ਦੀ ਪ੍ਰਾਪਤੀ ਹੋਵੇ, ਸਤਿ ਤੋਂ ਮੁਰਾਦ ਹੈ ਉੱਚਾ

ਆਚਰਣ ਤਾਂ ਫਿਰ ਪ੍ਰਾਪਤੀ ਦਾ ਸਾਧਨ ਤੱਪ ਬਣ ਜਾਂਦਾ ਹੈ। ਦੁਆਪਰ ਤੱਕ ਮਨੁੱਖਤਾ ਪ੍ਰੋੜ੍ਹ ਹੋ ਗਈ ਸੀ, ਯੁਵਕ ਹੋ ਗਈ ਸੀ। ਜੁਆਨ ਨੂੰ ਬੋਲਣ ਦੀ, ਉੱਠਣ-ਬੈਠਣ ਦੀ, ਸਿਖਸ਼ਾ-ਦੀਖਸ਼ਾ ਦੇਣ ਦੀ ਲੋੜ ਨਹੀਂ ਸੀ। ਬੱਚੇ ਨੂੰ ਲੋੜ ਹੁੰਦੀ ਹੈ ਕਿ ਕਿਵੇਂ ਬੈਠਣਾ ਹੈ, ਉੱਠਣਾ ਹੈ, ਚੱਲਣਾ ਹੈ, ਇਹ ਸਾਰਾ ਸਿਖਾਉਣਾ ਪੈਂਦਾ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸ੍ਰੀ ਰਾਮ ਪ੍ਰਾਇਮਰੀ ਸਕੂਲ ਦੇ ਅਧਿਆਪਕ ਸਨ। ਸ੍ਰੀ ਕ੍ਰਿਸ਼ਨ ਹਾਈ ਸਕੂਲ ਦੇ ਅਧਿਆਪਕ ਸਨ। ਸਮਾਜ ਯੁਵਕ ਹੋ ਗਿਆ ਹੈ। ਮਨੁੱਖੀ ਮਨ ਵਿਕਸਿਤ ਹੋ ਗਿਆ ਹੈ। ਇਹ ਇਕ ਪ੍ਰਬਲ ਸਚਾਈ ਹੈ। ਜਿੰਨਾ ਸਿਆਣਾ ਮਨੁੱਖ ਹੁੰਦਾ ਹੈ, ਉੱਨਾ ਹੀ ਤ੍ਰਿਸ਼ਨਾਲੂ ਹੁੰਦਾ ਹੈ। ਜਿੰਨਾ ਸਿਆਣਾ ਮਨੁੱਖ ਹੁੰਦਾ ਹੈ, ਉੱਨਾ ਹੀ ਲੋਭੀ ਹੁੰਦਾ ਹੈ। ਜਿੰਨਾ ਸਿਆਣਾ ਮਨੁੱਖ ਹੁੰਦਾ ਹੈ, ਉੱਨਾ ਹੀ ਹੰਕਾਰੀ ਹੁੰਦਾ ਹੈ ਅਤੇ ਜਿੰਨਾ ਸਿਆਣਾ ਮਨੁੱਖ ਹੁੰਦਾ ਹੈ, ਉੱਨਾ ਹੀ ਬੇਚੈਨ ਹੁੰਦਾ ਹੈ। ਆਚਰਣ ਸਿਖਾਉਣ ਦੀ ਲੋੜ ਹੈ, ਨਹੀਂ ਤਾਂ ਵਾਸ਼ਨਾ ਇਸਨੂੰ ਗਿਰਾ ਦੇਵੇਗੀ। ਆਚਰਣ ਸਿਖਾਉਣ ਦੀ ਲੋੜ ਹੈ, ਵਰਨਾ ਲੋਭ ਇਸਨੂੰ ਭਰੱਸ਼ਟ ਕਰ ਦੇਵੇਗਾ।

ਦੁਆਪਰ ਯੁੱਗ ਵਿਚ ਜੋ ਅਵਤਾਰੀ ਪੁਰਸ਼ ਆਏ, ਉਹਨਾਂ ਨਾਲ ਲਕਬ ਜੁੜਿਆ ਲੀਲਾ ਪਰਸ਼ੋਤਮ ਸ੍ਰੀ ਕਿਸ਼ਨ। ਮਰਿਆਦਾ ਬੱਚੇ ਨੂੰ ਚਾਹੀਦੀ ਹੈ ਅਤੇ ਜੀਵਨ ਮਰਿਆਦਾ ਵਿਚ ਹੋਣਾ ਚਾਹੀਦਾ ਹੈ। ਜਵਾਨ ਨੂੰ ਮਰਿਆਦਾ ਸਿਖਾਉਣ ਦੀ ਕੀ ਲੋੜ ਹੈ ? ਜਵਾਨ ਦੇ ਅੰਦਰ ਉਮੰਗ ਹੈ, ਤਰੰਗ ਹੈ, ਉਛਾਲ ਹੈ, ਸ਼ਕਤੀ ਦਾ ਬੜਾ ਤੇਜ਼ੀ ਨਾਲ ਬਹਾਉ ਹੈ। ਜਿਵੇਂ ਕਿ ਹੜ੍ਹ ਦੇ ਉੱਤੇ ਆਇਆ ਹੋਇਆ ਦਰਿਆ ਹੋਵੇ ਤਾਂ ਇਹ ਨਹੀਂ ਦੇਖਦਾ ਕਿ ਕਿਸੇ ਦੀ ਖੇਤੀ ਬਹਿ ਗਈ ਹੈ, ਕਿਸੇ ਦਾ ਘਰ ਡੁੱਬ ਗਿਆ ਹੈ, ਕਿਸੇ ਦਾ ਬਾਗ਼ ਬਗ਼ੀਚਾ ਉਜੜ ਗਿਆ ਹੈ। ਸਾਰੇ ਅਨਰਥ, ਜ਼ੁਲਮ, ਦੁਰਾਚਾਰ ਜਵਾਨੀ ਵਿਚ ਹੁੰਦੇ ਹਨ, ਬਚਪਨ ਵਿਚ ਨਹੀਂ। ਬਚਪਨਾ ਤਾਂ ਇਕ ਛੋਟੀ ਜਿਹੀ ਵੱਗਦੀ ਹੋਈ ਧਾਰਾ ਹੈ ਜੋ ਰਸਤੇ ਵਿੱਚ, ਕਸਬਿਆਂ ਵਿਚ, ਪਿੰਡਾਂ ਵਿਚ ਲੋਕਾਂ ਦੀ ਪਿਆਸ ਬੁਝਾਉਂਦੀ ਹੋਈ ਅੱਗੇ ਜਾ ਰਹੀ ਹੈ। ਭਾਵੇਂ ਹੜ੍ਹ ਦੇ ਉੱਤੇ ਆਇਆ ਹੋਇਆ ਦਰਿਆ ਵੀ ਜਾਏਗਾ ਤਾਂ ਸਾਗਰ ਵਿਚ ਹੀ, ਪਰ ਕਿੰਨੇ ਹੀ ਪਿੰਡਾਂ ਨੂੰ ਡੋਬ ਕੇ, ਕਿੰਨੇ ਹੀ ਬਾਗ਼ਾਂ ਦਾ ਨਾਮੋ-ਨਿਸ਼ਾਨ ਮਿਟਾਅ ਕੇ, ਕਿੰਨੀਆਂ ਹੀ ਖੇਤੀਆਂ ਨੂੰ ਉਜਾੜ ਕੇ। ਜਦੋਂ ਵੀ ਜ਼ਿੰਦਗੀ ਦੇ ਨਿਸ਼ਾਨ ਮਿੱਟੇ ਹਨ, ਸੰਸਕ੍ਰਿਤੀ ਦੇ ਨਿਸ਼ਾਨ ਮਿੱਟੇ ਹਨ, ਸੱਭਿਅਤਾ ਦੇ ਨਿਸ਼ਾਨ ਮਿੱਟੇ ਹਨ, ਜਵਾਨਾਂ ਦੇ ਹੱਥੋਂ ਹੀ ਮਿੱਟੇ ਹਨ, ਬੱਚਿਆਂ ਦੇ ਹੱਥੋਂ ਨਹੀਂ।

ਸਮੇਂ ਦਾ ਇਕ ਮਹਾਨ ਰਾਜਨੀਤਿਕ ਸੰਤ ਮਹਾਤਮਾ ਗਾਂਧੀ ਦੋਵੇਂ ਸਮੇਂ ਪਾਠ ਤਾਂ ਗੀਤਾ ਦਾ ਕਰਦਾ ਸੀ ਪਰ ਹਿੰਦੋਸਤਾਨ ਦੇ ਸਿੰਘਾਸਣ 'ਤੇ ਰਾਮ ਨੂੰ ਬਿਠਾਉਣਾ ਚਾਹੁੰਦਾ ਸੀ – ਰਾਮ ਰਾਜ, ਰਾਮ ਰਾਜ। ਹੱਦ ਹੋ ਗਈ, ਪੜ੍ਹਦੇ ਗੀਤਾ ਹੋ ਤੇ ਕ੍ਰਿਸ਼ਨ ਦਾ ਰਾਜ ਕਿਉਂ ਨਹੀਂ। ਸਾਰੀ ਜ਼ਿੰਦਗੀ ਕਲਪਨਾ ਕੀਤੀ, ਲੈਕਚਰ ਦਿੱਤੇ, ਮਾਨਵਤਾ ਨੂੰ ਸਮਝਾਇਆ ਕਿ ਇਸ ਦੇਸ਼ ਦੇ ਵਿਚ ਰਾਜ ਰਾਮ ਦਾ ਚਾਹੀਦਾ ਹੈ। ਕਿਉਂ ? ਰਾਮ ਮਰਿਆਦਾ ਵਿਚ ਹਨ ਅਤੇ ਮਰਿਆਦਾ ਦਾ ਸੰਦੇਸ਼ ਦਿੰਦੇ ਹਨ। ਰਾਜ ਪਾਟ ਸਾਰਾ ਮਰਿਆਦਾ ਵਿਚ ਚਾਹੀਦਾ ਹੈ। ਸੁਇੰਮ ਰਾਜਾ

ਮਰਿਆਦਾ ਵਿਚ ਹੋਵੇ। ਸ਼ਕਤੀ ਭਰੱਸ਼ਟ ਕਰ ਦਿੰਦੀ ਹੈ, ਇਸ ਲਈ ਸ਼ਕਤੀਸ਼ਾਲੀ ਮਨੁੱਖ ਵੀ ਮਰਿਆਦਾ ਵਿਚ ਹੋਵੇ।

ਸ੍ਰੀ ਰਾਮ ਨੇ ਮਰਿਆਦਾ ਬਣਾ ਦਿੱਤੀ ਗੁਰੂ ਤੇ ਸ਼ਿਸ਼ ਦੀ, ਪਿਤਾ ਤੇ ਪੁੱਤਰ ਦੀ, ਪਤੀ ਤੇ ਪਤਨੀ ਦੀ, ਰਾਜਾ ਤੇ ਪਰਜਾ ਦੀ। ਮਰਿਆਦਾ ਸਿਖਾਉਣ ਦੀ ਲੋੜ ਨੌਜਵਾਨ ਨੂੰ ਨਹੀਂ ਪੈਂਦੀ। ਨੌਜਵਾਨ ਉੱਠਣਾ ਬੈਠਣਾ ਜਾਣਦਾ ਹੈ। ਉਸ ਦੇ ਅੰਦਰ ਲੀਲਾ ਪ੍ਰਧਾਨ ਹੁੰਦੀ ਹੈ। ਇਸ ਲੀਲਾ ਦੇ ਨਾਲ ਕੋਈ ਤਬਾਹੀ ਬਰਬਾਦੀ ਨਾ ਹੋਵੇ, ਜਵਾਨ ਵੀ ਕੋਲ ਸੋਚਣੀ ਨਹੀਂ ਹੁੰਦੀ। ਨੌਜਵਾਨ ਦੀ ਜ਼ਿੰਦਗੀ ਕਿਸੇ ਕਿਸੇ ਥਾਂ 'ਤੇ ਭਰੱਸ਼ਟ ਹੋ ਕੇ ਰੁੱਕੀ ਹੋਈ ਮਿਲੇਗੀ। ਕੋਈ ਜਵਾਨੀ ਵਿਚ ਗੁਨਾਹਾਂ ਤੋਂ ਤੋਬਾ ਕਰ ਦੇਵੇ, ਆਖੇ ਮੈਂ ਵਾਸ਼ਨਾ ਨੂੰ ਸੀਮਾ ਵਿਚ ਰੱਖਾਂਗਾ, ਲੋਭ ਨੂੰ ਸੀਮਾ ਵਿਚ ਰੱਖਾਂਗਾ, ਹੰਕਾਰ ਨੂੰ ਸੀਮਾ ਵਿਚ ਰੱਖਾਂਗਾ ਤਾਂ ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਹਨ ਕਿ ਮੈਂ ਉਸਨੂੰ ਪੈਗ਼ੰਬਰ ਜਾਣ ਕੇ ਪੂਜਣ ਲਈ ਤਿਆਰ ਹਾਂ। ਪਰ ਜੇਕਰ ਕੋਈ ਬੁਢੇਪੇ ਵਿਚ ਪਰਹੇਜ਼ਗਾਰੀ ਦਾ ਐਲਾਨ ਕਰੇ ਕਿ ਮੈਂ ਉਹ ਤਿਆਗਿਆ ਹੈ, ਮੈਂ ਉਹ ਤਿਆਗਿਆ ਹੈ ਤਾਂ ਇਹ ਫ਼ਕੀਰ ਕਹਿੰਦੇ ਹਨ ਕਿ ਮੈਂ ਨਹੀਂ ਮੰਨਦਾ। ਕਿਉਂ ? ਬੁੱਢਾ ਬਘਿਆੜ ਜੇਕਰ ਇਹ ਕਹੇ ਕਿ ਐ ਬੱਕਰੀਉ ! ਤੁਸੀਂ ਮੇਰੇ ਕੋਲੋਂ ਡਰੋ ਨਾ, ਮੈਂ ਤੁਹਾਨੂੰ ਫੜਨਾ ਛੱਡ ਦਿੱਤਾ ਹੈ ਤਾਂ ਉਸ ਨੇ ਫੜਨਾ ਨਹੀਂ ਛੱਡਿਆ, ਉਸ ਕੋਲੋਂ ਫੜੀਆਂ ਹੀ ਨਹੀਂ ਜਾਂਦੀਆਂ। ਗੁਨਾਹ ਬੁੱਢੇ ਕੋਲੋਂ ਹੁੰਦੇ ਨਹੀਂ ਤੇ ਕਹਿੰਦਾ ਹੈ ਕਿ ਮੈਂ ਗੁਨਾਹਾਂ ਨੂੰ ਛੱਡ ਦਿੱਤਾ ਹੈ। ਤੂੰ ਗੁਨਾਹਾਂ ਨੂੰ ਨਹੀਂ ਛੱਡਿਆ, ਗੁਨਾਹ ਹੀ ਤੈਨੂੰ ਛੱਡ ਕੇ ਚਲੇ ਗਏ ਹਨ। ਜਵਾਨ ਨੂੰ ਸਮਝਾਉਣ ਦਾ ਢੰਗ ਹੋਰ ਹੈ।

ਸ੍ਰੀ ਕ੍ਰਿਸ਼ਨ ਨੂੰ ਹਾਈ ਸਕੂਲ ਮਿਲਿਆ। ਇਸ ਲਈ ਉਹਨਾਂ ਨੇ ਮਹਾਨ ਗੀਤਾ ਦੇ ਸੰਦੇਸ਼ ਉਪਦੇਸ਼ ਦੇ ਰਾਹੀਂ ਮਾਨਵਤਾ ਦੇ ਆਚਰਨ ਨੂੰ ਉੱਚਾ ਕਰਨ ਦੀ ਕੋਸ਼ਿਸ਼ ਕੀਤੀ। ਆਪਣੀ ਤਰਫ਼ੋਂ ਕੋਈ ਮਰਿਆਦਾ ਨਹੀਂ ਬਣਾਈ ਇਸੇ ਲਈ ਸ੍ਰੀ ਕ੍ਰਿਸ਼ਨ ਦੀ ਜ਼ਿੰਦਗੀ ਵਿਚ ਕੋਈ ਮਰਿਆਦਾ ਨਹੀਂ। ਬਚਨ ਕੀਤਾ ਕਿ ਮੈਂ ਯੁੱਧ ਵਿਚ ਸ਼ਸਤਰ ਨਹੀਂ ਉਠਾਵਾਂਗਾ, ਪਰ ਉਠਾ ਲਏ। ਯੁਧਿਸ਼ਟਰ ਨੂੰ ਕਹਿ ਰਹੇ ਹਨ ਕਿ ਤੂੰ ਕਹਿ ਦੇ ਕਿ ਅਸ਼ਵਥਾਮਾ ਮਰ ਗਿਆ। ਯੁਧਿਸ਼ਟਰ ਕਹਿੰਦਾ ਹੈ, ਭਗਵਾਨ ! ਇਹ ਝੂਠ ਮੈਂ ਕਿਸ ਤਰ੍ਹਾਂ ਬੋਲ ਸਕਦਾ ਹਾਂ, ਉਹ ਤਾਂ ਕਟਾ ਵੱਢੀ ਕਰਕੇ ਅੱਗੇ ਵੱਧ ਰਿਹਾ ਹੈ। ਇਹ ਤਾਂ ਪਾਪ ਹੋਵੇਗਾ। ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਜੇਕਰ ਝੂਠ ਦੇ ਨਾਲ ਝੂਠ ਮਰਦਾ ਹੈ ਤਾਂ ਇਹ ਠੀਕ ਹੀ ਹੈ। ਯੁਧਿਸ਼ਟਰ ਕੋਲੋਂ ਕਿਉਂ ਝੂਠ ਬੁਲਾਉਣਾ ਚਾਹੁੰਦੇ ਸਨ ? ਕਿਉਂਕਿ ਯੁਧਿਸ਼ਟਰ ਬਾਰੇ ਮਸ਼ਹੂਰ ਸੀ ਕਿ ਇਹ ਕਦੀ ਝੂਠ ਨਹੀਂ ਬੋਲਦਾ।

ਸ੍ਰੀ ਕ੍ਰਿਸ਼ਨ ਦੀ ਜ਼ਿੰਦਗੀ ਵਿਚ ਕਿਤੇ ਵੀ ਮਰਿਆਦਾ ਨਹੀਂ ਮਿਲਦੀ। ਸ੍ਰੀ ਕ੍ਰਿਸ਼ਨ ਦਾ ਉਪਦੇਸ਼ ਸੀ ਕਿ ਮਰਿਆਦਾ ਜੀਵਨ ਨੂੰ ਬਚਾਉਣ ਲਈ ਹੈ, ਬਲਕਿ ਜੀਵਨ ਮਰਿਆਦਾ 'ਤੇ ਕੁਰਬਾਨ ਕਰਨ ਲਈ ਨਹੀਂ। ਜੀਵਨ ਮਹਾਨ ਹੈ। ਇਸ ਲਈ ਸ੍ਰੀ ਕ੍ਰਿਸ਼ਨ ਨਾਲ ਲਕਬ

ਜੁੜਿਆ ਲੀਲਾ ਪਰਸ਼ੋਤਮ।

ਮਨੁੱਖਤਾ ਪ੍ਰੋੜ੍ਹ ਹੋਣ ਤੋਂ ਵੀ ਅੱਗੇ ਚਲੀ ਗਈ, ਬੁਢੇਪਾ। ਜਿਵੇਂ ਕੋਈ ਯੂਨੀਵਰਸਿਟੀ ਦਾ ਵਾਇਸ ਚਾਂਸਲਰ ਹੋਵੇ, ਉਹ ਚਾਹੀਦਾ ਸੀ। ਇਸ ਬੁੱਢੇ ਯੁੱਗ ਨੂੰ ਪੜ੍ਹਾਉਣਾ ਹੈ ਜਿਸਨੂੰ ਇਹ ਮਾਣ ਹੈ ਕਿ ਮੈਂ ਬਹੁਤ ਕੁਝ ਜਾਣਦਾ ਹਾਂ। ਇਸ ਬੁੱਢੇ ਨੂੰ ਸਮਝਾਉਣਾ ਹੈ, ਜਿਸ ਦੇ ਅੰਦਰ ਬਾਰ ਬਾਰ ਇਹ ਖ਼ਿਆਲ ਹੈ ਕਿ ਜ਼ਿੰਦਗੀ ਦੀਆਂ ਸੀੜੀਆਂ 'ਤੇ ਮੈਂ ਜ਼ਿਆਦਾ ਚੜ੍ਹਿਆ ਹਾਂ, ਮੈਂ ਜ਼ਿਆਦਾ ਜਾਣਦਾ ਹਾਂ। ਬੁੱਢਾ ਹੋਵੇ ਤੇ ਹੰਕਾਰੀ ਨਾ ਹੋਵੇ, ਅਜਿਹਾ ਹੋ ਨਹੀਂ ਸਕਦਾ। ਇਸ ਦੇ ਹੰਕਾਰ ਨੂੰ ਤੋੜਨ ਲਈ ਅਜਿਹੀ ਉੱਮਤ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਨਮ ਦਿੱਤਾ ਅਤੇ ਨਾਮ ਦਿੱਤਾ ਸਿੱਖ ਅਤੇ ਕਿਹਾ ਕਿ ਤੂੰ ਕਬੂਲ ਕਰ ਕਿ ਮੈਂ ਸ਼ਿਸ਼ ਹਾਂ, ਮੈਂ ਕੁਝ ਵੀ ਨਹੀਂ ਜਾਣਦਾ।

ਸੱਸ ਤੇ ਨੂੰਹ ਦਾ ਝਗੜਾ ਵੀ ਜਾਣਕਾਰੀ ਦਾ, ਹੰਕਾਰ ਤੇ ਵਾਸ਼ਨਾ ਦਾ ਹੈ। ਇਕ ਪਾਸੇ ਪ੍ਰਬਲ ਵਾਸ਼ਨਾ ਹੈ, ਇਕ ਪਾਸੇ ਪ੍ਰਬਲ ਹੰਕਾਰ ਹੈ ਤਾਂ ਹੰਕਾਰ ਤੇ ਵਾਸ਼ਨਾ ਲੜ ਪੈਂਦੇ ਹਨ, ਸੱਸ ਤੇ ਨੂੰਹ ਝਗੜ ਪੈਂਦੇ ਹਨ। ਬੁੱਢਾ ਹੋਵੇ ਤੇ ਇਹ ਕਹੇ ਕਿ ਮੈਂ ਕੁਝ ਨਹੀਂ ਜਾਣਦਾ, ਉਸ ਦੇ ਹੰਕਾਰ ਨੂੰ ਚੋਟ ਲੱਗਦੀ ਹੈ। ਪਰ ਗੁਰੂ ਨਾਨਕ ਨੇ ਤਾਂ ਨਾਮ ਹੀ ਦੇ ਦਿੱਤਾ ਸਿੱਖ। ਮੈਂ ਕੁਝ ਵੀ ਨਹੀਂ ਜਾਣਦਾ, ਮੈਂ ਸਿੱਖਣਾ ਚਾਹੁੰਦਾ ਹਾਂ। ਇਕ ਬੁੱਢੇ ਨੂੰ ਮਨੁੱਖ ਕਿਵੇਂ ਸਮਝਾਉਣਾ ਹੈ ? ਮਰਿਆਦਾ ਸਿਖਾਉਣ ਦੀ ਇਸਨੂੰ ਲੋੜ ਨਹੀਂ, ਲੀਲਾ-ਉਮੰਗ-ਤਰੰਗ ਤਾਂ ਬੁੱਢੇ ਦੀ ਉਂਝ ਹੀ ਠੰਢੀ ਹੋ ਚੁੱਕੀ ਹੁੰਦੀ ਹੈ। ਗ਼ਰੂਰ ਬੜਾ ਹੈ ਕਿ ਮੈਂ ਬਹੁਤ ਕੁਝ ਜਾਣਦਾ ਹਾਂ। ਇਸ ਕਰਕੇ ਦੇਖਦੇ ਹਾਂ ਕਿ ਜਿੱਥੇ ਜਵਾਨ ਦੀ ਜਾਨ ਚੱਲਦੀ ਹੈ ਉਥੇ ਬੁੱਢੇ ਦੀ ਜ਼ਬਾਨ ਚੱਲਦੀ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਭ ਕੁਝ ਜਾਣ ਲਵੇ ਤੇ ਪ੍ਰਮਾਤਮਾ ਨੂੰ ਨਾ ਜਾਣੇ ਤਾਂ ਕੁਝ ਵੀ ਨਹੀਂ ਜਾਣਦਾ। ਸਭ ਕੁਝ ਤੂੰ ਪ੍ਰਾਪਤ ਕਰ ਲਿਆ ਤੇ ਪ੍ਰਮਾਤਮਾ ਨੂੰ ਨਹੀਂ ਪ੍ਰਾਪਤ ਕੀਤਾ, ਤਾਂ ਤੂੰ ਕੁਝ ਵੀ ਨਹੀਂ ਪ੍ਰਾਪਤ ਕੀਤਾ। ਜਿਨ੍ਹਾਂ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਸਿਖਸ਼ਾ ਨਾਲ ਤਾਲਮੇਲ ਬਿਠਾਇਆ, ਉਹਨਾਂ ਵਿਚ ਉਹ ਲੋਕ ਗੁਰਮੁਖ, ਗੁਰਸਿੱਖ ਕਹਿਲਾਏ। ਅਜਿਹੇ ਪੁਰਸ਼ ਦੇ ਅੰਦਰ ਜਿਸ ਧਰਮ ਦਾ ਜਨਮ ਹੋਇਆ, ਉਸ ਦੇ ਵਿਚ ਮਰਿਆਦਾ ਵੀ ਸੀ, ਉਸ ਦੇ ਵਿਚ ਲੀਲਾ ਵੀ ਸੀ, ਉਸ ਦੇ ਵਿਚ ਗਿਆਨ ਵੀ ਸੀ। ਕਲਿਯੁਗ ਉਸ ਨੂੰ ਕਹਿੰਦੇ ਹਨ, ਜਿਸ ਦੀ ਲੀਲਾ ਦਾ ਲਕਸ਼ ਤ੍ਰਿਸ਼ਨਾ ਹੈ ਅਤੇ ਪ੍ਰਾਪਤੀ ਦਾ ਸਾਧਨ ਝੂਠ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਇਸੇ ਕਲਿਯੁਗ ਨੂੰ ਸਤਿਯੁਗ ਵਿਚ ਬਦਲਣਾ ਹੈ। ਤੇਰੀ ਜ਼ਿੰਦਗੀ ਦਾ ਲਕਸ਼ ਸਤਿ ਹੋਵੇ ਤੇ ਪ੍ਰਾਪਤੀ ਦਾ ਸਾਧਨ ਸੰਤੋਖ ਹੋਵੇ।

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਇਸ ਬੁੱਢੇ ਨੂੰ ਬੱਚਾ ਬਣਾਉਣਾ ਹੈ। ਕਿਉਂ ? ਬੱਚਾ ਭੋਲਾ ਹੈ, ਬੱਚਾ ਪਵਿੱਤਰ ਹੈ। ਇਸ ਸਿਆਣੇ ਨੂੰ ਪਵਿੱਤਰ ਕਰਨਾ ਹੈ। ਬੱਚਾ

ਪਵਿੱਤਰ ਹੈ। ਮਜਬੂਰੀ ਹੈ, ਉਹ ਅਪਵਿੱਤਰ ਹੋ ਨਹੀਂ ਸਕਦਾ, ਪਰ ਬੁੱਢੇ ਕੋਲ ਮਜਬੂਰੀ ਨਹੀਂ ਹੈ। ਇਸਨੂੰ ਪਵਿੱਤਰ ਬਣਾਉਣਾ ਪਵੇਗਾ। ਤੂੰ ਸੰਤੁਸ਼ਟ ਹੋ ਜਾ, ਤੂੰ ਨਿਸ਼ਕਾਮ ਹੋ ਜਾ, ਤੂੰ ਨਿਰਲੋਭ ਹੋ ਜਾ, ਤੂੰ ਨਿਰੰਕਾਰ ਹੋ ਜਾ। ਇਸ ਤਰ੍ਹਾਂ ਇਸ ਕਲਿਯੁਗ ਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਤਿਯੁਗ ਵਿਚ ਬਦਲਣ ਦੀ ਕੋਸ਼ਿਸ਼ ਕੀਤੀ ਅਤੇ ਆਪ ਗੁਰ ਪਰਸ਼ੋਤਮ ਅਵਤਾਰ ਕਹਿਲਾਏ।

ਸਤਿਗੁਰੂ ਰਹਿਮਤ ਕਰਨ। ਧੰਨ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਸਿਖਸ਼ਾ ਦੀਖਸ਼ਾ ਅਪਣਾਉਂਦੇ ਹੋਇਆਂ ਅਸੀਂ ਸਤਿਯੁਗੀ ਜੀਵ ਬਣ ਸਕੀਏ ਤੇ ਜਗਤ ਨੂੰ ਸਤਿਯੁਗ ਵਿਚ ਪਰਿਵਰਤਨ ਕਰ ਸਕੀਏ। ਏਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਭੁੱਲਾਂ-ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

# ਅਧਿਆਤਮਿਕ ਪਰਿਵਾਰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਗੁਰੂ ਪਿਆਰੀ ਸਾਧ ਸੰਗਤ ਜੀ!
ਫਤਹਿ ਬੁਲਾਓ - ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਸਰੀਰ ਦੀ ਬਣਤਰ ਪਰੀਪੂਰਨ ਪ੍ਰਮਾਤਮਾ ਨੇ ਇਸ ਢੰਗ ਦੀ ਬਣਾਈ ਹੈ ਕਿ ਇਸ ਦੀ ਦੁਨੀਆਂ ਕੁਝ ਬਾਹਰ ਪਈ ਹੈ, ਕੁਝ ਅੰਦਰ ਹੈ। ਸਰੀਰ ਦੇ ਅੰਦਰ ਪਏ ਹੋਏ ਪਾਣੀ ਦਾ ਬਾਹਰ ਦੇ ਪਾਣੀ ਨਾਲ ਸੰਬੰਧ ਹੈ। ਸਰੀਰ ਦੀ ਮਿੱਟੀ ਦਾ ਬਾਹਰ ਦੀ ਮਿੱਟੀ ਨਾਲ ਜੁੜਿਆ ਹੋਇਆ ਸੰਬੰਧ ਹੈ। ਅਸੀਂ ਕੁਝ ਬਾਹਰ ਹਾਂ, ਕੁਝ ਅੰਦਰ ਹਾਂ। ਇਕ ਸੁਆਸ ਅਸੀਂ ਬਾਹਰ ਕੱਢਦੇ ਹਾਂ, ਇਕ ਅੰਦਰ ਲੈ ਲੈਂਦੇ ਹਾਂ। ਜੇ ਸਿਰਫ਼ ਅੰਦਰ ਲਈਏ ਤੇ ਕਹੀਏ ਬਾਹਰ ਨਹੀਂ ਕੱਢਣਾ ਤਾਂ ਵੀ ਅਸੀਂ ਸੁਆਸ ਨਹੀਂ ਲੈ ਸਕਾਂਗੇ। ਜੇ ਬਾਹਰ ਹੀ ਸੁਆਸ ਕੱਢ ਦੇਈਏ ਤੇ ਅੰਦਰ ਨਾ ਲਈਏ ਤਾਂ ਵੀ ਜੀਉਣਾ ਔਖਾ ਹੋ ਜਾਂਦਾ ਹੈ। ਇਥੋਂ ਅਧਿਆਤਮ-ਵਾਦੀਆਂ ਨੇ ਇਹ ਤੱਤ ਕੱਢਿਆ ਹੈ ਕਿ ਅਸੀਂ ਕੁਝ ਬਾਹਰ ਹਾਂ, ਕੁਝ ਅੰਦਰ ਹਾਂ। ਸਾਡੀ ਦੁਨੀਆਂ ਕੁਝ ਬਾਹਰ ਹੈ, ਕੁਝ ਅੰਦਰ ਹੈ। ਕੁਝ ਬਾਹਰ ਦੀ ਦੌਲਤ ਹੈ, ਕੁਝ ਅੰਦਰ ਦੀ ਦੌਲਤ ਹੈ। ਇਕ ਬਾਹਰ ਦਾ ਪਰਿਵਾਰ ਹੈ, ਇਕ ਅੰਦਰ ਦਾ ਪਰਿਵਾਰ ਹੈ। ਬਾਹਰ ਦਾ ਜੋ ਸਾਡਾ ਪਰਿਵਾਰ ਹੈ, ਉਸ ਦੀ ਸਾਨੂੰ ਸੂਝ-ਬੂਝ ਹੈ, ਪਰ ਅੰਦਰ ਦਾ ਸਾਡਾ ਕੀ ਪਰਿਵਾਰ ਹੈ, ਇਸ ਦੀ ਜਾਣਕਾਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਰਾਉਂਦੇ ਹਨ।

ਦੂਸਰੀ ਉਦਾਸੀ ਦਾ ਭਰਮਨ ਕਰਕੇ ਜਦੋਂ ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੀ ਤਿਆਰੀ ਕਰਨ ਲੱਗੇ ਤਾਂ ਆਪ ਦੀ ਮਾਤਾ ਤ੍ਰਿਪਤਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਹੁਣ ਤੁਸੀਂ ਪਰਿਵਾਰ ਵਾਲੇ ਹੋ, ਤੁਹਾਡੇ ਬੱਚੇ ਹਨ, ਤੁਹਾਡੀ ਪਤਨੀ ਵੀ ਹੈ ਅਤੇ ਪਰਿਵਾਰ ਵਿਚ ਰਹਿਣਾ ਵੀ ਤੁਹਾਡਾ ਧਰਮ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਮਾਤਾ ਪ੍ਰਤੀ ਜੋ ਬਚਨ ਉਚਾਰਨ ਕੀਤੇ ਹਨ, ਗੁਰੂ ਗ੍ਰੰਥ ਸਾਹਿਬ ਵਿਚ ਬਾਕਾਇਦਾ ਦਰਜ ਹਨ। ਆਪ ਨੇ ਫੁਰਮਾਣ ਕੀਤਾ - ਮਾਤਾ ! ਮੈਂ ਜਿੱਧਰ ਵੀ ਜਾਂਦਾ ਹਾਂ, ਆਪਣਾ ਪਰਿਵਾਰ ਨਾਲ

ਲੈ ਕੇ ਜਾਂਦਾ ਹਾਂ ਤੇ ਮੈਂ ਕਦੀ ਪਰਿਵਾਰ ਤੋਂ ਵਿਛੜਿਆ ਨਹੀਂ। ਤ੍ਰਿਪਤਾ ਜੀ ਹੈਰਾਨ ਹੋ ਗਏ ਕਿ ਪਰਿਵਾਰ ਨਾਲ ਜਾਂਦਾ ਹੈ, ਅਸੀਂ ਸਾਰੇ ਇਥੇ ਹੁੰਦੇ ਹਾਂ। ਕੋਈ ਨਾਲ ਗਿਆ ਨਹੀਂ, ਪਰ ਨਾਨਕ ਜੀ ਕਹਿ ਰਹੇ ਹਨ ਕਿ ਪਰਿਵਾਰ ਮੇਰੇ ਨਾਲ ਹੈ ਅਤੇ ਮੈਂ ਜਿੱਧਰ ਜਾਂਦਾ ਹਾਂ, ਪਰਿਵਾਰ ਮੇਰੇ ਨਾਲ ਜਾਂਦਾ ਹੈ। ਇਹ ਤਾਂ ਸ਼ੁਦਾਈਆਂ ਵਾਲੀ ਗੱਲ ਹੋਈ।

ਅਕਸਰ ਸੰਸਾਰ ਦੀ ਦ੍ਰਿਸ਼ਟੀ ਵਿਚ ਭਗਤ ਲੋਕ, ਮਹਾਂਪੁਰਸ਼, ਪਾਗ਼ਲ ਹੀ ਕਹਿਲਾਏ ਗਏ। ਕਾਰਨ ? ਉਹਨਾਂ ਦੇ ਵਿਚਾਰ, ਉਹਨਾਂ ਦੇ ਬੋਲ ਸਮਾਜ ਦਾ ਹਿੱਸਾ ਨਹੀਂ ਸਨ ਬਣਦੇ। ਰੋਜ਼ਮੱਰਾ ਦੀ ਜ਼ਿੰਦਗੀ ਵਿਚ ਉਹਨਾਂ ਦੇ ਬਚਨਾਂ ਨੂੰ ਢਾਲਣਾ ਬੜਾ ਔਖਾ ਸੀ। ਇਸ ਲਈ ਜਿਵੇਂ ਪਾਗ਼ਲ ਸਮਾਜ ਨਾਲੋਂ ਟੁੱਟ ਜਾਂਦਾ ਹੈ, ਤਕਰੀਬਨ-ਤਕਰੀਬਨ ਭਗਤ ਵੀ ਸਮਾਜ ਨਾਲੋਂ ਟੁੱਟ ਜਾਂਦੇ ਹਨ। ਗੁਰੂ ਨਾਨਕ ਜੀ ਦੀ ਬਾਣੀ ਨੇ ਸਾਫ਼ ਕਿਹਾ ਹੈ ਕਿ-

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥*

(ਅੰਗ ੧੪੫)

ਭਗਤ ਅਤੇ ਸੰਸਾਰੀ ਦਾ ਜੋੜ ਕਦੇ ਜੁੜਿਆ ਨਹੀਂ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਕਿਹਾ ਕਿ ਪਰਿਵਾਰ ਮੇਰੇ ਨਾਲ ਜਾਂਦਾ ਹੈ ਅਤੇ ਮੈਂ ਜਿੱਧਰ ਜਾਂਦਾ ਹਾਂ, ਪਰਿਵਾਰ ਮੇਰੇ ਅੰਗ ਸੰਗ ਹੈ ਤਾਂ ਤ੍ਰਿਪਤਾ ਜੀ ਹੱਸ ਪਏ। ਕਿਹਾ ਨਾਨਕ ਜੀ, ਤੁਸੀਂ ਵਾਕਿਆ ਹੀ ਸ਼ੁਦਾਈਆਂ ਦੀ ਤਰ੍ਹਾਂ ਗੱਲਾਂ ਕਰਨ ਲੱਗੇ ਹੋ। ਜਗਤ ਤਾਂ ਸ਼ੁਦਾਈ ਕਹਿੰਦਾ ਸੀ, ਪਰ ਅੱਜ ਮੈਨੂੰ ਵੀ ਕਹਿਣਾ ਪਏਗਾ ਕਿ ਇਹ ਬੋਲ ਸ਼ੁਦਾਈਆਂ ਵਾਲੇ ਹਨ। ਪਰਿਵਾਰ ਤਾਂ ਸਾਰਾ ਇਥੇ ਰਹਿੰਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿਣ ਲੱਗੇ, ਮਾਂ ! ਇਹ ਤਾਂ ਸੋਚਣ-ਸੋਚਣ ਦੀ ਗੱਲ ਹੈ, ਇਹ ਤਾਂ ਮਨੁੱਖ ਦੇ ਮੰਨਣ-ਮੰਨਣ ਦੀ ਗੱਲ ਹੈ। ਮੈਂ ਜੋ ਕਹਿ ਰਿਹਾ ਹਾਂ, ਬਿਲਕੁਲ ਸਹੀ ਕਹਿ ਰਿਹਾ ਹਾਂ ਕਿ ਮੈਂ ਜਿੱਥੇ ਵੀ ਜਾਂਦਾ ਹਾਂ, ਮੇਰਾ ਪਰਿਵਾਰ ਵੀ ਨਾਲ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਮਾਤਾ ਨੇ ਪੁੱਛ ਲਿਆ ਕਿ ਇਹ ਦੱਸ ਜਿਹੜਾ ਪਰਿਵਾਰ ਨਾਲ ਜਾਂਦਾ ਹੈ, ਉਸ ਦੇ ਵਿਚ ਮਾਂ ਹੈ, ਪਿਤਾ ਹੈ ? ਸਾਹਿਬ ਕਹਿਣ ਲੱਗੇ, ਜਿਹੜਾ ਪਰਿਵਾਰ ਮੇਰੇ ਨਾਲ ਜਾਂਦਾ ਹੈ, ਉਸ ਦੇ ਵਿਚ ਮਾਂ ਵੀ ਹੈ, ਪਿਤਾ ਵੀ ਹੈ।

ਹੁਣ ਤਾਂ ਮਾਤਾ ਹੈਰਾਨ ਹੋਈ ਤੇ ਖਿੜਖਿੜਾ ਕੇ ਹੱਸ ਵੀ ਪਈ, ਪੁੱਤਰ ! ਤੂੰ ਵਾਕਿਆ ਹੀ ਸ਼ੁਦਾਈਆਂ ਵਾਲੀ ਗੱਲ ਕਰ ਰਿਹਾ ਹੈਂ, ਮੈਂ ਤਾਂ ਕਦੀ ਨਾਲ ਨਹੀਂ ਗਈ, ਮੈਂ ਤਾਂ ਇਥੇ ਤਲਵੰਡੀ ਵਿਚ ਹੀ ਰਹੀ ਹਾਂ, ਪਿਤਾ ਵੀ ਤੇਰੇ ਇਥੇ ਹੀ ਹਨ, ਪਰ ਤੂੰ ਕਹਿੰਦਾ ਹੈਂ ਕਿ ਮਾਂ ਮੇਰੇ ਨਾਲ ਹੈ, ਪਿਤਾ ਮੇਰੇ ਨਾਲ ਹੈ। ਫਿਰ ਸੋਚੀਂ ਪੈ ਕੇ ਕਹਿੰਦੀ ਹੈ ਕਿ ਕਿਤੇ ਅਜਿਹਾ ਤਾਂ ਨਹੀਂ ਕਿ ਤੂੰ ਮੇਰੀ ਯਾਦ ਨਾਲ ਲੈ ਜਾਂਦਾ ਹੈਂ ਤੇ ਇਹੀ ਆਖਣਾ ਚਾਹੁੰਦਾ ਹੋਵੇਂ ਤੇ ਮੈਂ ਸਮਝਦੀ ਨਾ ਹੋਵਾਂ। ਸਾਹਿਬ ਕਹਿੰਦੇ ਹਨ ਕਿ ਹਾਂ, ਕਹਿਣਾ ਤਾਂ ਮੈਂ ਕੁਝ ਅਜਿਹਾ ਹੀ ਚਾਹੁੰਦਾ ਹਾਂ ਮਾਂ, ਅਜੇ ਵੀ ਤੂੰ ਨਹੀਂ ਸਮਝੀ।

ਕਹਿੰਦੇ ਹਨ, ਭਗਤਾਂ ਤੋਂ, ਬ੍ਰਹਮ ਗਿਆਨੀਆਂ ਤੋਂ ਚਾਰ ਤਰ੍ਹਾਂ ਦੇ ਜਿਹੜੇ ਮਨੁੱਖ ਹਨ, ਉਹ ਕੋਈ ਲਾਭ ਨਹੀਂ ਉਠਾਉਂਦੇ। ਇਕ ਤਾਂ ਮਾਂ-ਬਾਪ, ਦੂਜੇ ਸ਼ਰੀਕ, ਤੀਸਰੇ ਜਿਗਰੀ ਦੋਸਤ ਅਤੇ ਚੌਥੇ ਦੁਸ਼ਮਣ। ਇਹ ਉਹਨਾਂ ਦੀ ਗੱਲ ਨੂੰ ਸਮਝਣਾ ਵੀ ਨਹੀਂ ਚਾਹੁੰਦੇ ਅਤੇ ਉਹਨਾਂ ਤੋਂ ਕੋਈ ਲਾਭ ਵੀ ਨਹੀਂ ਉਠਾਉਣਾ ਚਾਹੁੰਦੇ। ਮਮਤਾ ਦੀ ਮਾਰੀ ਹੋਈ ਤ੍ਰਿਪਤਾ ਮਮਤਾ ਦੀ ਦ੍ਰਿਸ਼ਟੀ ਨਾਲ ਗੁਰੂ ਨਾਨਕ ਨੂੰ ਦੇਖਦੀ ਹੈ ਅਤੇ ਗੁਰੂ ਨਾਨਕ ਇਸ ਦੁਨੀਆਂ ਤੋਂ ਬਹੁਤ ਉੱਚੇ ਅਗਾਂਹ ਦੀ ਗੱਲ ਕਰਦੇ ਹਨ। ਮਾਂ ! ਮੈਂ ਜਿੱਧਰ ਜਾਂਦਾ ਹਾਂ, ਪਰਿਵਾਰ ਮੇਰੇ ਨਾਲ ਹੈ। ਕੀ ਉਸ ਪਰਿਵਾਰ ਵਿਚ ਮਾਂ ਵੀ ਹੈ ? ਹਾਂ ਮਾਂ ਵੀ ਹੈ। ਤ੍ਰਿਪਤਾ ਜੀ ਨੇ ਪੁੱਛ ਲਿਆ, ਨਾਨਕ ! ਉਸ ਮਾਂ ਦਾ ਨਾਮ ਕੀ ਹੈ ? ਸਤਿਗੁਰੂ ਮਾਤਾ ਦਾ ਨਾਮ ਦੱਸਦੇ ਹਨ, ਪਰਿਵਾਰ ਦੇ ਸਾਰੇ ਮੈਂਬਰਾਂ ਦਾ ਨਾਮ ਦੱਸਦੇ ਹਨ ਅਤੇ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਦੂਸਰੇ ਨੰਬਰ 'ਤੇ ਆਇਆ ਹੈ। ਸਤਿਗੁਰੂ ਕਹਿੰਦੇ ਹਨ-

*ਮਾਤਾ ਮਤਿ ਪਿਤਾ ਸੰਤੋਖੁ॥*
*ਸਤੁ ਭਾਈ ਕਰਿ ਏਹੁ ਵਿਸੇਖੁ॥*

(ਅੰਗ ੧੫੧)

ਮੇਰੀ ਜੋ ਮਾਤਾ ਹੈ ਉਹ ਸ਼ੁੱਧ ਮੱਤ ਹੈ। ਇਹ ਕਦਮ ਕਦਮ 'ਤੇ ਮੇਰੀ ਰੱਖਿਆ ਕਰਦੀ ਹੈ। ਅਸੀਂ ਉਸਨੂੰ ਯਤੀਮ ਕਹਿੰਦੇ ਹਾਂ, ਜਿਸ ਦੀ ਮਾਂ ਮਰ ਜਾਏ। ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਸਨੂੰ ਯਤੀਮ ਨਾ ਕਹੋ, ਜਿਸ ਦੀ ਮਾਂ ਮਰ ਜਾਂਦੀ ਹੈ, ਯਤੀਮ ਉਸਨੂੰ ਕਹੋ, ਜਿਸ ਦੀ ਮੱਤ ਮਰ ਜਾਂਦੀ ਹੈ। ਜਿਸ ਦੀ ਮਾਂ ਮਰ ਜਾਏ, ਉਹ ਜ਼ਿੰਦਾ ਰਹਿਣ ਦੇ ਵਸੀਲੇ ਲੱਭ ਲੈਂਦਾ ਹੈ, ਠੋਕਰਾਂ ਤੋਂ ਬੱਚ ਵੀ ਸਕਦਾ ਹੈ, ਪਰ ਜਿਸ ਦੀ ਮੱਤ ਮਰ ਜਾਏ, ਉਹ ਤਾਂ ਕਦਮ ਕਦਮ 'ਤੇ ਠੋਕਰਾਂ ਖਾਂਦਾ ਹੈ। ਸਾਹਿਬ ਕਹਿੰਦੇ ਹਨ ਕਿ ਚੰਗੀ ਮੱਤ, ਸ੍ਰੇਸ਼ਟ ਮੱਤ, ਉੱਤਮ ਵਿਚਾਰ, ਪ੍ਰਭੂ-ਚਿੰਤਨ ਇਹ ਮੇਰੀ ਮਾਂ ਹੈ ਅਤੇ ਮੇਰੇ ਨਾਲ ਹੈ ਅਤੇ ਹਰ ਕਦਮ 'ਤੇ ਮੇਰੀ ਰੱਖਿਆ ਕਰਦੀ ਹੈ, ਮੇਰੀ ਪਾਲਣਾ ਕਰਦੀ ਹੈ। ਫਿਰ ਠੀਕ ਹੈ ਕਿ ਚੰਗੀ ਮੱਤ ਮਾਂ ਹੋਈ, ਫਿਰ ਪਿਤਾ ਕੌਣ ਹੈ ? ਸੰਸਾਰ ਵਿਚ ਜਿੰਨਾ ਸਾਰਾ ਅਨਰਥ ਚੱਲ ਰਿਹਾ ਹੈ, ਇਹ ਮੱਤ ਦੇ ਮਰਨ ਨਾਲ ਚੱਲ ਰਿਹਾ ਹੈ। ਜਦੋਂ ਮੱਤ ਮਰ ਜਾਏ ਤਾਂ ਮਨੁੱਖ ਗੁੰਡਾ ਹੋ ਜਾਂਦਾ ਹੈ, ਬਦਮਾਸ਼ ਹੋ ਜਾਂਦਾ ਹੈ, ਦੁਰਾਚਾਰੀ ਹੋ ਜਾਂਦਾ ਹੈ। ਜਿਨ੍ਹਾਂ ਦੀ ਮਾਂ ਮਰ ਗਈ ਹੈ, ਉਹਨਾਂ ਦੇ ਕਾਰਨ ਸੰਸਾਰ ਨੂੰ ਕੋਈ ਹਾਨੀ ਨਹੀਂ ਹੈ, ਬਲਕਿ ਉਹ ਤਾਂ ਵਿਚਾਰੇ ਦਇਆ ਦੇ ਪਾਤਰ ਹਨ, ਪਰ ਜਿਨ੍ਹਾਂ ਦੀ ਮੱਤ ਮਰ ਗਈ ਹੈ, ਉਹ ਅਜਿਹੇ ਯਤੀਮ ਹਨ, ਕਈ ਵਾਰੀ ਉਹ ਸਮੁੱਚੀ ਮਨੁੱਖਤਾ ਨੂੰ ਯਤੀਮ ਬਣਾਉਣ ਵਿਚ ਭਾਗੀ ਬਣ ਜਾਂਦੇ ਹਨ। ਸਾਹਿਬ ਕਹਿੰਦੇ ਹਨ ਕਿ ਮੇਰੇ ਪਿਤਾ ਦਾ ਨਾਮ ਹੈ ਸੰਤੋਖ। ਇਹ ਹਰ ਹਾਲਤ ਵਿਚ ਮੈਨੂੰ ਖ਼ੁਸ਼ ਰੱਖਦਾ ਹੈ।

ਲੋਭ ਅਤੇ ਸੰਤੋਖ ਦੀ ਵਿਆਖਿਆ ਦੋ ਲਫ਼ਜ਼ਾਂ ਵਿਚ ਕਰਨੀ ਹੋਵੇ ਤਾਂ ਇੰਨੀ ਹੈ ਕਿ ਜੋ ਕੁਝ ਹੈ, ਜਿਹੋ ਜਿਹਾ ਹੈ, ਸਭ ਠੀਕ ਹੈ। ਇਹ ਸੰਤੋਖੀ ਦੀ ਭਾਵ-ਦਸ਼ਾ ਹੁੰਦੀ ਹੈ। ਲੋਭੀ

ਦੀ ਮਾਨਸਿਕ ਦਸ਼ਾ ਕੀ ਹੈ ? ਜੋ ਕੁਝ ਹੈ, ਜਿਸ ਤਰ੍ਹਾਂ ਦਾ ਹੈ, ਕਬੂਲ ਨਹੀਂ। ਜਿਹੋ ਜਿਹਾ ਪਰਿਵਾਰ ਹੈ, ਜਿਸ ਤਰ੍ਹਾਂ ਦਾ ਸੰਸਾਰ ਹੈ, ਜਿਸ ਤਰ੍ਹਾਂ ਦੇ ਮਾਂ-ਬਾਪ ਹਨ, ਜਿਸ ਤਰ੍ਹਾਂ ਦੀ ਧਨ-ਸੰਪਦਾ ਹੈ, ਇਹ ਕਬੂਲ ਨਹੀਂ। ਜਦੋਂ ਕਬੂਲ ਨਹੀਂ ਤਾਂ ਦੁੱਖੀ ਹੋਵੇਗਾ। ਆਮ ਕਹਾਵਤ ਹੈ ਕਿ ਲੋਭੀ ਬੰਦਾ ਫੁੱਲਾਂ ਦੀ ਸੇਜ 'ਤੇ ਵੀ ਤੜਫਦਾ ਹੈ ਅਤੇ ਸੰਤੋਖੀ ਬੰਦਾ ਅੰਗਾਰਾਂ 'ਤੇ ਬੈਠ ਕੇ ਵੀ ਮਸਤ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀ ਤਵੀ 'ਤੇ ਬੈਠ ਕੇ ਵੀ ਮੁਸਕਰਾਏ ਹਨ। ਸੰਤੋਖੀ ਮਨੁੱਖ ਹਰ ਹਾਲਤ ਵਿਚ ਆਨੰਦ ਵਿਚ ਹੋਵੇਗਾ ਅਤੇ ਲੋਭੀ ਮਨੁੱਖ ਹਰ ਹਾਲਤ ਵਿਚ ਦੁੱਖੀ ਹੋਵੇਗਾ, ਪੀੜਤ ਹੋਵੇਗਾ। ਸਾਹਿਬ ਕਹਿੰਦੇ ਹਨ ਕਿ ਮੇਰੇ ਪਿਤਾ ਦਾ ਨਾਮ ਹੈ ਸੰਤੋਖ।

ਸਿਕੰਦਰ ਜਦੋਂ ਹਿੰਦੁਸਤਾਨ ਨੂੰ ਫ਼ਤਹਿ ਕਰਨ ਲਈ ਆਇਆ ਲੰਮੀ ਚੌੜੀ ਸੈਨਾ ਲੈ ਕੇ ਤਾਂ ਜਿਸ ਸਮੇਂ ਦਰਿਆ ਸਿੰਧ ਪਾਰ ਕਰਨ ਲੱਗਾ ਤਾਂ ਸਿੰਧ ਦੇ ਤੱਟ ਉੱਤੇ ਇਕ ਫ਼ਕੀਰ ਮਸਤ ਹੋ ਕੇ ਰੇਤ ਵਿਚ ਲੇਟਿਆ ਹੋਇਆ ਸੀ। ਸੈਨਾ ਸਾਰੀ ਦਰਿਆ ਪਾਰ ਕਰ ਚੁੱਕੀ ਸੀ। ਆਖ਼ਰੀ ਟੁੱਕੜੀ ਵਿਚ ਸਿਕੰਦਰ ਆਪ ਸੀ। ਉਸ ਮਸਤ ਫ਼ਕੀਰ ਨੂੰ ਦੇਖ ਕੇ ਸਿਕੰਦਰ ਰੁੱਕ ਗਿਆ। ਬਚਪਨ ਤੋਂ ਹੀ ਸਿਕੰਦਰ ਫ਼ਕੀਰਾਂ ਦਾ ਮੁਸ਼ਤਾਕ ਰਿਹਾ ਹੈ। ਨੇੜੇ ਚਲਾ ਗਿਆ। ਰੇਤ ਵਿਚ ਲੇਟਿਆ ਹੋਇਆ ਇਹ ਮਹਾਤਮਾ ਸਿਕੰਦਰ ਨੂੰ ਦੇਖਦਾ ਹੈ ਤੇ ਪੁੱਛ ਬੈਠਾ, ਸਿਕੰਦਰ, ਕਿੱਥੇ ਚਲਿਆ ਹੈਂ ? ਸਿਕੰਦਰ ਕਹਿਣ ਲੱਗਾ, ਫ਼ਕੀਰ ਸਾਈਂ ! ਮੈਂ ਹਿੰਦੋਸਤਾਨ ਫ਼ਤਹਿ ਕਰਨ ਚੱਲਿਆ ਹਾਂ। ਉਹ ਫ਼ਕੀਰ ਕਹਿਣ ਲੱਗਾ, ਠੀਕ ਹੈ, ਇਹ ਦੱਸ, ਜਦੋਂ ਤੂੰ ਹਿੰਦੁਸਤਾਨ ਫਤਹਿ ਕਰ ਲਵੇਂਗਾ ਫਿਰ ਕੀ ਕਰੇਂਗਾ ? ਕਹਿਣ ਲੱਗਾ ਕਿ ਫਿਰ ਮੈਂ ਹੱਥ ਉੱਤੇ ਹੱਥ ਧਰ ਕੇ ਥੋੜਾ ਬੈਠਣਾ ਹੈ, ਮੈਂ ਹੋਰ ਮੁਲਕ ਫਤਹਿ ਕਰਾਂਗਾ। ਫ਼ਕੀਰ ਕਹਿਣ ਲੱਗਾ ਜੇ ਤੂੰ ਹੋਰ ਮੁਲਕ ਵੀ ਫਤਹਿ ਕਰ ਲਿਆ ਤਾਂ ਫਿਰ ਕੀ ਕਰੇਂਗਾ ? ਕਹਿੰਦੇ ਹਨ ਕਿ ਜਿੰਨੇ ਚਿਰ ਤੱਕ ਸਹੀ ਜਵਾਬ ਨਾ ਮਿਲੇ, ਸਵਾਲ ਆਪਣੀ ਥਾਂ 'ਤੇ ਖੜਾ ਰਹਿੰਦਾ ਹੈ। ਸਮਾਧਾਨ ਸਹੀ ਨਾ ਹੋਵੇ ਤਾਂ ਸਮੱਸਿਆ ਆਪਣੀ ਥਾਂ 'ਤੇ ਖੜੀ ਰਹਿੰਦੀ ਹੈ।

ਸਿਕੰਦਰ ਹੈਰਾਨ ਹੋਇਆ। ਸਵਾਲ ਤਾਂ ਆਪਣੀ ਥਾਂ 'ਤੇ ਖੜਾ ਹੈ। ਮੈਂ ਜੋ ਵੀ ਜਵਾਬ ਦਿੰਦਾ ਹਾਂ, ਉਸ ਨਾਲ ਸਵਾਲ ਮਿੱਟਦਾ ਨਹੀਂ ਇਸ ਫ਼ਕੀਰ ਦਾ। ਇਸ ਫ਼ਕੀਰ ਨੇ ਕਿਹਾ ਕਿ ਜੇ ਕਲਪਤ ਕੀਤਾ ਹੋਇਆ ਤੂੰ ਹੋਰ ਮੁਲਕ ਵੀ ਫ਼ਤਹਿ ਕਰ ਲਿਆ ਤਾਂ ਫਿਰ ਕੀ ਕਰੇਂਗਾ ਤਾਂ ਸਿਕੰਦਰ ਕਹਿਣ ਲੱਗਾ, ਫਿਰ ਮੈਂ ਹੋਰ ਮੁਲਕ ਫ਼ਤਹਿ ਕਰਾਂਗਾ, ਮੈਂ ਬੈਠੇ ਨਹੀਂ ਰਹਿਣਾ। ਫ਼ਕੀਰ ਕਹਿਣ ਲੱਗਾ, ਠੀਕ ਹੈ, ਪਰ ਸਵਾਲ ਤਾਂ ਆਪਣੀ ਥਾਂ 'ਤੇ ਖੜਾ ਹੈ। ਜੇ ਤੂੰ ਹੋਰ ਮੁਲਕ ਵੀ ਫ਼ਤਹਿ ਕੀਤਾ, ਫਿਰ ਕੀ ਕਰੇਂਗਾ ? ਗ਼ੁੱਸੇ ਵਿਚ ਆ ਕੇ ਸਿਕੰਦਰ ਕਹਿਣ ਲੱਗਾ, ਮੈਂ ਸਾਰੀ ਦੁਨੀਆਂ ਫ਼ਤਹਿ ਕਰਾਂਗਾ। ਜ਼ਮੀਨ ਦਾ ਇਕ ਇੰਚ ਹਿੱਸਾ ਵੀ ਨਹੀਂ ਰਹਿਣ ਦੇਵਾਂਗਾ ਜੋ ਮੇਰੇ ਕਬਜ਼ੇ ਵਿਚ ਨਾ ਆਵੇ, ਜੋ ਮੇਰੀ ਪਕੜ ਵਿਚ ਨਾ ਆਵੇ।

ਸਿਕੰਦਰ ਸੋਚਦਾ ਹੈ ਕਿ ਸ਼ਾਇਦ ਹੁਣ ਸਵਾਲ ਖ਼ਤਮ ਹੈ। ਪਰ ਫ਼ਕੀਰ ਫਿਰ ਬੋਲਿਆ,

ਅੱਛਾ ਸਿਕੰਦਰ ! ਇਹ ਦੱਸ ਕਿ ਜਦੋਂ ਤੂੰ ਸਾਰੀ ਦੁਨੀਆਂ ਫ਼ਤਹਿ ਕਰ ਲਵੇਂਗਾ ਤਾਂ ਫਿਰ ਕੀ ਕਰੇਂਗਾ ? ਸਿਕੰਦਰ ਨੇ ਇਹ ਖ਼ਾਬੋ-ਖ਼ਿਆਲ ਵਿਚ ਵੀ ਨਹੀਂ ਸੀ ਸੋਚਿਆ ਕਿ ਇਸ ਤੋਂ ਅਗਾਂਹ ਵੀ ਕੋਈ ਜਵਾਬ ਦੇਣਾ ਪਵੇਗਾ। ਸਿਕੰਦਰ ! ਜਦੋਂ ਤੂੰ ਸਾਰੀ ਦੁਨੀਆਂ ਫ਼ਤਹਿ ਕਰ ਲਵੇਂਗਾ, ਫਿਰ ਕੀ ਕਰੇਂਗਾ ? ਫਿਰ ਸਿਕੰਦਰ ਕਹਿਣ ਲੱਗਾ, ਮੈਂ ਆਪਣੇ ਘਰ ਜਾਵਾਂਗਾ ਤੇ ਆਰਾਮ ਕਰਾਂਗਾ। ਫ਼ਕੀਰ ਕਹਿਣ ਲੱਗਾ, ਤੂੰ ਸੌ ਪੁਆੜੇ ਪਾ ਕੇ ਆਰਾਮ ਕਰੇਂਗਾ ਤੇ ਅਸੀਂ ਬਿਨਾਂ ਪੁਆੜਿਆਂ ਦੇ ਆਰਾਮ ਕਰਦੇ ਪਏ ਹਾਂ। ਜੇ ਤੂੰ ਆਰਾਮ ਕਰਨਾ ਹੈ ਤਾਂ ਆ ਕੇ ਲੇਟ ਜਾ। ਇਥੇ ਹੁਣ ਤੂੰ ਅੰਦਾਜ਼ਾ ਲਾ ਕਿ ਅਸੀਂ ਅੱਗੇ ਹਾਂ ਜਾਂ ਤੂੰ ਅੱਗੇ ਹੈਂ।

ਇਤਿਹਾਸ ਗਵਾਹ ਹੈ ਕਿ ਹਿੰਦੁਸਤਾਨ ਤੋਂ ਵਾਪਿਸ ਜਾਂਦਿਆਂ ਹੋਇਆਂ ਸਿਕੰਦਰ ਰਸਤੇ ਵਿਚ ਹੀ ਦੱਮ ਤੋੜ ਗਿਆ, ਉਸਨੂੰ ਆਰਾਮ ਨਸੀਬ ਨਹੀਂ ਹੋਇਆ। ਮਨੁੱਖ ਦੀ ਕਈ ਵਾਰੀ ਸਾਰੀ ਭੱਜ-ਦੌੜ ਆਰਾਮ ਲਈ ਹੁੰਦੀ ਹੈ ਅਤੇ ਆਰਾਮ ਉਸੇ ਦਿਨ ਨਸੀਬ ਹੁੰਦਾ ਹੈ ਜਿਸ ਦਿਨ ਚਾਰ ਮਨੁੱਖ ਚੁੱਕ ਕੇ ਚਿੱਤਾ 'ਤੇ ਰੱਖ ਦਿੰਦੇ ਹਨ, ਉਸ ਤੋਂ ਪਹਿਲਾਂ ਆਰਾਮ ਕਿੱਥੇ ? ਭੱਜ-ਦੌੜ ਹੈ ਆਰਾਮ ਲਈ। ਭੱਜ-ਦੌੜ ਮਨੁੱਖ ਕੋਲ ਰਹਿ ਜਾਂਦੀ ਹੈ, ਆਰਾਮ ਨਹੀਂ ਰਹਿੰਦਾ। ਪਰ ਜੇ ਮਨ ਵਿਚ ਸੰਤੋਖ ਹੋਵੇ ਤਾਂ ਅਜਿਹਾ ਮਨੁੱਖ ਹਰ ਸਮੇਂ ਬਿਸਰਾਮ ਵਿਚ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਣ ਹੈ ਕਿ ਸੰਤੋਖ ਮੇਰਾ ਪਿਤਾ ਹੈ। ਮੈਂ ਜਿੱਥੇ ਵੀ ਜਾਂਦਾ ਹਾਂ। ਇਹ ਮੈਨੂੰ ਬਿਸਰਾਮ ਵਿਚ ਰੱਖਦਾ ਹੈ।

ਤ੍ਰਿਪਤਾ ਜੀ ਨੇ ਪੁੱਛਿਆ, ਨਾਨਕ ਜੀ ! ਇਹ ਤਾਂ ਗੱਲ ਸਮਝ ਵਿਚ ਆ ਗਈ ਕਿ ਜੋ ਸ੍ਰੇਸ਼ਟ ਮੱਤ ਹੈ, ਇਹ ਤੁਹਾਡੀ ਮਾਂ ਹੈ, ਜੋ ਸੰਤੋਖ ਹੈ ਇਹ ਤੁਹਾਡਾ ਪਿਤਾ ਹੈ, ਪਰ ਪਰਿਵਾਰ ਵਿਚ ਸਿਰਫ਼ ਮਾਂ-ਬਾਪ ਨਹੀਂ ਹੁੰਦੇ, ਪਤਨੀ ਵੀ ਹੁੰਦੀ ਹੈ। ਅਸੀਂ ਸੁਲੱਖਣੀ ਨਾਲ ਤੁਹਾਡਾ ਵਿਆਹ ਰਚਾਇਆ ਸੀ, ਤੁਹਾਡੇ ਬੱਚੇ ਵੀ ਹਨ। ਜਿਹੜਾ ਪਰਿਵਾਰ ਤੁਹਾਡੇ ਨਾਲ ਜਾਂਦਾ ਹੈ, ਕੀ ਉਸ ਵਿਚ ਪਤਨੀ ਵੀ ਹੈ ? ਕੀ ਉਸ ਵਿਚ ਬੱਚੇ ਵੀ ਹਨ ? ਸਾਹਿਬ ਕਹਿੰਦੇ ਹਨ, ਹਾਂ। ਸਤਿਗੁਰੂ ਮਹਾਰਾਜ ਦਾ ਫ਼ੁਰਮਾਣ ਹੈ-

*ਸਰਮ ਸੁਰਤਿ ਦੁਇ ਸਸੁਰ ਭਏ॥*
*ਕਰਣੀ ਕਾਮਣਿ ਕਰਿ ਮਨ ਲਏ॥*

(ਅੰਗ ੧੫੨)

ਇਹ ਭਗਤੀ ਮੇਰੀ ਕਾਮਨ ਹੈ। ਅੱਠੇ ਪਹਿਰ ਮੇਰੇ ਨਾਲ ਰਹਿੰਦੀ ਹੈ। ਭਗਤੀ ਰੂਪੀ ਕਾਮਨ ਦਾ ਜਨਮ ਕਿੱਥੋਂ ਹੋਇਆ ? ਮਿਹਨਤ ਰੂਪੀ ਸਹੁਰਾ ਤੇ ਸੁਰਤ ਰੂਪੀ ਸੱਸ ਤੋਂ ਇਕ ਲੜਕੀ ਦਾ ਜਨਮ ਹੋਇਆ ਜਿਸ ਦਾ ਨਾਮ ਹੈ ਭਗਤੀ। ਸਾਹਿਬ ਕਹਿੰਦੇ ਹਨ, ਇਹ ਮੇਰੀ ਕਾਮਨ ਹੈ, ਇਹ ਮੇਰੀ ਇਸਤਰੀ ਹੈ। ਇਸ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਵੀ ਕੀਤਾ ਹੈ-

*ਨਿਜ ਭਗਤੀ ਸੀਲਵੰਤੀ ਨਾਰਿ॥*
*ਰੂਪਿ ਅਨੂਪ ਪੂਰੀ ਆਚਾਰਿ॥...*
*ਜਿਚਰੁ ਵਸੀ ਪਿਤਾ ਕੈ ਸਾਥਿ॥*
*ਤਿਚਰੁ ਕੰਤੁ ਬਹੁ ਫਿਰੈ ਉਦਾਸਿ॥*
*ਕਰਿ ਸੇਵਾ ਸਤ ਪੁਰਖੁ ਮਨਾਇਆ॥*
*ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ॥ ੨॥*

(ਅੰਗ ੩੭੦)

ਭਗਤੀ ਨੂੰ ਨਾਰ ਕਿਹਾ ਹੈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਵੀ। ਕਹਿੰਦੇ ਹਨ, ਗਿਆਨ ਪੁਰਸ਼ ਹੈ ਤੇ ਭਗਤੀ ਇਸਤਰੀ ਹੈ। ਗਿਆਨ ਦਾ ਜਨਮ ਤਰਕ ਤੋਂ ਹੈ, ਸੰਸਿਆਂ ਤੋਂ ਹੈ ਅਤੇ ਭਗਤੀ ਦਾ ਜਨਮ ਸ਼ਰਧਾ ਤੋਂ ਹੈ। ਇਸ ਲਈ ਅਸੀਂ ਦੇਖਦੇ ਹਾਂ ਕਿ ਇਸਤਰੀ ਜਗਤ ਵਿਚ ਸ਼ਰਧਾ ਪ੍ਰਧਾਨ ਹੁੰਦੀ ਹੈ ਅਤੇ ਪੁਰਸ਼ ਜਗਤ ਵਿਚ ਗਿਆਨ ਪ੍ਰਧਾਨ ਹੁੰਦਾ ਹੈ। ਪਰ ਸ਼ਰਧਾ ਤੋਂ ਹੀਣਾ ਗਿਆਨ ਅਧੂਰਾ ਹੈ ਅਤੇ ਗਿਆਨ ਤੋਂ ਹੀਣੀ ਭਗਤੀ ਵੀ ਅਧੂਰੀ ਹੈ। ਦੋਹਾਂ ਨੇ ਸੰਪੂਰਨ ਹੋਣਾ ਹੈ।

ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਇਹ ਚੰਗੇ ਬੋਲ ਬੋਲੇ ਹਨ ਕਿ ਪੁਰਸ਼ ਵੀ ਅਰਧ ਅੰਗ ਹੈ ਅਤੇ ਇਸਤਰੀ ਵੀ ਅਰਧ ਅੰਗ ਹੈ। ਸਰੀਰ ਕਰਕੇ, ਆਕਾਰ ਕਰਕੇ ਤਾਂ ਇਹ ਅਰਧ ਅੰਗ ਹਨ, ਪਰ ਵਿਚਾਰ ਕਰਕੇ, ਸੂਖਸ਼ਮ ਦੇਹੀ ਕਰਕੇ ਵੀ ਇਹ ਅਰਧ ਅੰਗ ਹਨ। ਜਿੰਨੇ ਚਿਰ ਤੱਕ ਪੁਰਸ਼ ਨੂੰ ਸ਼ਰਧਾ ਨਾ ਮਿਲ ਜਾਏ, ਪੁਰਸ਼ ਅਧੂਰਾ ਹੀ ਰਹਿੰਦਾ ਹੈ। ਤਰਕ ਅਤੇ ਨਾਸਤਿਕਤਾ ਦੇ ਜਨਮ ਦਾਤੇ ਪੁਰਸ਼ ਹਨ ਅਤੇ ਅੰਧ ਵਿਸ਼ਵਾਸ 'ਤੇ ਭਟਕਦੇ ਹੋਏ ਜਿਹੜੇ ਮਨੁੱਖ ਹਨ, ਕਹਿੰਦੇ ਹਨ ਇਹਨਾਂ ਵਿਚ ਗਿਣਤੀ ਇਸਤਰੀਆਂ ਦੀ ਜ਼ਿਆਦਾ ਹੈ। ਕਿਉਂਕਿ ਸ਼ਰਧਾ ਹੈ, ਗਿਆਨ ਨਹੀਂ। ਗਿਆਨ ਅੱਖ ਹੈ, ਸ਼ਰਧਾ ਪੈਰ ਹੈ। ਚੱਲਣ ਲਈ ਪੈਰ ਹੋਣ, ਪਰ ਦੇਖਣ ਲਈ ਅੱਖ ਨਾ ਹੋਵੇ ਤਾਂ ਮਨੁੱਖ ਭਟਕ ਜਾਏਗਾ। ਦੇਖਣ ਲਈ ਅੱਖ ਹੋਵੇ, ਪਰ ਚੱਲਣ ਲਈ ਪੈਰ ਨਾ ਹੋਣ ਤਾਂ ਵੀ ਪਹੁੰਚਣਾ ਬਹੁਤ ਔਖਾ ਹੈ। ਗਿਆਨ ਪੁਰਸ਼ ਹੈ, ਭਗਤੀ ਇਸਤਰੀ ਹੈ। ਜਦੋਂ ਕਿਸੇ ਮਨੁੱਖ ਦੇ ਅੰਦਰ ਗਿਆਨ ਅਤੇ ਭਗਤੀ ਦੋਹਾਂ ਦਾ ਪ੍ਰਵੇਸ਼ ਹੋ ਜਾਏ, ਉਹ ਮਨੁੱਖ ਪੂਰਨ ਪੁਰਖ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਿਹਨਤ-ਮੁਸ਼ੱਕਤ ਮੇਰਾ ਸਹੁਰਾ ਹੈ, ਭਾਵ ਮੈਨੂੰ ਆਪਣੀ ਮਿਹਨਤ 'ਤੇ ਹੀ ਭਰੋਸਾ ਹੈ।

ਗੁਰੂ ਨਾਨਕ ਦੀ ਦੁਨੀਆਂ ਸੁਸਤ ਨਹੀਂ ਹੈ। ਆਪ ਮੁਸ਼ੱਕਤ ਨੂੰ ਬੜੀ ਪ੍ਰਧਾਨਤਾ ਦਿੰਦੇ ਹਨ-

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ ੧॥*

(ਅੰਗ ੫੨੨)

ਜਿਵੇਂ ਉੱਦਮ ਕਰਕੇ ਧਨ ਕਮਾਈਦਾ ਹੈ, ਇਵੇਂ ਉੱਦਮ ਕਰਕੇ ਹੀ ਧਰਮ ਕਮਾਈਦਾ ਹੈ। ਮੁਫ਼ਤ ਵਿਚ ਧਨ ਨਹੀਂ ਮਿਲਦਾ, ਮੁਫ਼ਤ ਵਿਚ ਧਰਮ ਨਹੀਂ ਮਿਲਦਾ। ਹੋ ਸਕਦਾ ਹੈ, ਧਨ ਮੁਫ਼ਤ ਵਿਚ ਮਿਲ ਜਾਏ, ਪਰ ਧਰਮ ਕਦੀ ਵੀ ਮੁਫ਼ਤ ਵਿਚ ਨਹੀਂ ਮਿਲਦਾ। ਧਰਮ ਕਮਾਉਣਾ ਪੈਂਦਾ ਹੈ। ਅਸੀਂ ਦੇਖਦੇ ਹਾਂ ਕਿ ਪਿਤਾ ਦਾ ਕਮਾਇਆ ਹੋਇਆ ਧਨ ਪੁੱਤਰ ਨੂੰ ਮਿਲ ਜਾਂਦਾ ਹੈ। ਕਈ ਵਾਰੀ ਦਾਦੇ ਦਾ ਕਮਾਇਆ ਹੋਇਆ ਧਨ ਪੋਤਰੇ ਨੂੰ ਮਿਲ ਜਾਂਦਾ ਹੈ, ਪਰ ਧਰਮ ਤਾਂ ਆਪ ਕਮਾਉਣਾ ਪੈਂਦਾ ਹੈ। ਕਿਸੇ ਦਾ ਕਮਾਇਆ ਹੋਇਆ ਨਹੀਂ ਮਿਲ ਸਕਦਾ। ਇਸ ਲਈ ਸੰਸਾਰ ਵਿਚ ਧਨ ਵੱਧਦਾ ਜਾ ਰਿਹਾ ਹੈ ਤੇ ਧਰਮ ਘੱਟਦਾ ਜਾ ਰਿਹਾ ਹੈ, ਕਿਉਂਕਿ ਧਨ ਤਾਂ ਦੂਜੇ ਦਾ ਵੀ ਮਿਲ ਸਕਦਾ ਹੈ। ਧਨ ਦੀ ਲਾਟਰੀ ਵੀ ਨਿਕਲ ਆਉਂਦੀ ਹੈ, ਪਰ ਧਰਮ ਦੀ ਲਾਟਰੀ ਨਹੀਂ ਨਿਕਲਦੀ। ਧਰਮ ਤਾਂ ਆਪ ਕਮਾਉਣਾ ਪੈਂਦਾ ਹੈ। ਇਹ ਨਿੱਜੀ ਸੰਪਦਾ ਖ਼ੁੱਦ ਨਿੱਜੀ ਹੱਥਾਂ ਨਾਲ ਸੰਗ੍ਰਹਿ ਕਰਨੀ ਪੈਂਦੀ ਹੈ। ਇਸ ਕਰਕੇ ਸੰਸਾਰ ਵਿਚ ਧਨ ਵੱਧਦਾ ਜਾ ਰਿਹਾ ਹੈ ਅਤੇ ਦਿਨ-ਬ-ਦਿਨ ਧਰਮ ਘੱਟਦਾ ਜਾ ਰਿਹਾ ਹੈ। ਇਥੇ ਧਰਮ ਪਿਉ ਪੁੱਤਰ ਨੂੰ ਨਹੀਂ ਦੇ ਸਕਦਾ ਅਤੇ ਪੁੱਤਰ ਵੀ ਪਿਤਾ ਨੂੰ ਨਹੀਂ ਦੇ ਸਕਦਾ।

ਗੁਰੂ ਰਾਮਦਾਸ ਮਹਾਰਾਜ ਜੀ ਦੀ ਬੜੀ ਕੋਸ਼ਿਸ਼ ਸੀ ਕਿ ਮੇਰਾ ਜਿਹੜਾ ਪੁੱਤਰ ਹੈ ਪ੍ਰਿਥੀ ਚੰਦ, ਇਹ ਵੀ ਨਾਮ ਦਾ ਰਸੀਆ ਬਣੇ। ਇਹ ਵੀ ਪ੍ਰਮਾਤਮਾ ਨਾਲ ਜੁੜੇ। ਪਰ ਨਹੀਂ, ਉਹ ਝਗੜਦਾ ਹੀ ਰਿਹਾ, ਉਹ ਨਾਸਤਿਕ ਹੀ ਰਿਹਾ। ਉਸਦੇ ਸੰਬੰਧ ਵਿਚ ਮਹਾਰਾਜ ਦੇ ਬੋਲ ਵੀ ਹਨ-

*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*
*ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥*

(ਅੰਗ ੧੨੦੦)

ਉਹ ਲੜਦਾ ਹੀ ਰਿਹਾ, ਝਗੜਦਾ ਹੀ ਰਿਹਾ। ਇੱਛਾ ਹੋਣ ਦੇ ਬਾਵਜੂਦ ਵੀ ਪ੍ਰਿਥੀ ਚੰਦ ਭਗਤ ਨਾ ਬਣ ਸਕਿਆ। ਇਥੇ ਪਿਤਾ ਪੁੱਤਰ ਦੀ ਝੋਲੀ ਵਿਚ ਭਗਤੀ ਨਹੀਂ ਪਾ ਸਕੇ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਪ੍ਰਹਿਲਾਦ ਦੀ ਬੜੀ ਕੋਸ਼ਿਸ਼ ਸੀ ਕਿ ਜਿਹੜਾ ਰਾਮ ਦਾ ਰੱਸ ਮੇਰੇ ਕੋਲ ਹੈ, ਜੋ ਧਰਮ ਮੇਰੇ ਕੋਲ ਹੈ, ਉਹ ਮੇਰੇ ਬਾਪੂ ਕੋਲ ਵੀ ਹੋਵੇ। ਪਰ ਨਹੀਂ, ਹਰਣਾਖਸ਼ ਇਸ ਦੌਲਤ ਤੋਂ ਵਾਂਝਾ ਹੀ ਰਹਿ ਗਿਆ। ਜੋ ਨਾਮ ਦੀ ਦੌਲਤ ਪ੍ਰਹਿਲਾਦ ਕੋਲ ਸੀ, ਉਹ ਹਰਣਾਖਸ਼ ਕੋਲ ਨਹੀਂ ਸੀ। ਇਥੇ ਇਕ ਦੂਜੇ ਨੂੰ ਇਹ ਦੌਲਤ ਦਿੱਤੀ ਨਹੀਂ ਜਾ ਸਕਦੀ, ਆਪ ਕਮਾਉਣੀ ਪੈਂਦੀ ਹੈ।

ਮਨੁੱਖ ਧਾਰਮਿਕ ਤੌਰ 'ਤੇ ਉਸੇ ਦਿਨ ਧਨਵਾਨ ਬਣਦਾ ਹੈ, ਜਿਸ ਦਿਨ ਇਸ ਕੋਲ ਗਿਆਨ ਵੀ ਹੋਵੇ ਅਤੇ ਸ਼ਰਧਾ ਵੀ ਹੋਵੇ। ਸਾਹਿਬ ਕਹਿੰਦੇ ਹਨ ਕਿ ਮਿਹਨਤ ਮੁਸ਼ੱਕਤ ਇਹ ਮੇਰਾ ਸਹੁਰਾ ਹੈ, ਸੁਰਤ ਇਹ ਮੇਰੀ ਸੱਸ ਹੈ। ਇਹਨਾਂ ਦੇ ਸੰਯੋਗ ਤੋਂ ਇਕ ਲੜਕੀ ਦਾ ਜਨਮ

ਹੋਇਆ, ਜਿਸ ਦਾ ਨਾਮ ਹੈ, ਭਗਤੀ। ਤ੍ਰਿਪਤਾ ਜੀ ਕਹਿਣ ਲੱਗੇ ਨਾਨਕ ਜੀ ! ਸੁਲਖਣੀ ਦੇ ਨਾਲ ਵਿਆਹ ਅਸੀਂ ਕਰਾਇਆ ਸੀ, ਭਗਤੀ ਰੂਪੀ ਕਾਮਨ ਦੇ ਨਾਲ ਵਿਆਹ ਕਿਸਨੇ ਕਰਾਇਆ ਅਤੇ ਕਦੋਂ ਕਰਾਇਆ ? ਗੁਰੂ ਨਾਨਕ ਇਸ ਦੇ ਸੰਬੰਧ ਵਿਚ ਵੀ ਦੱਸਦੇ ਹਨ। ਸਾਹਿਬ ਕਹਿੰਦੇ ਹਨ-

*ਸਾਹਾ ਸੰਜੋਗੁ ਵੀਆਹੁ ਵਿਜੋਗੁ॥*

(ਅੰਗ ੧੫੨)

ਸਤਿਪੁਰਸ਼ਾਂ ਦਾ ਜੋ ਸੰਜੋਗ ਹੋਇਆ, ਜੋ ਸਤਿਸੰਗ ਨਸੀਬ ਹੋਈ, ਇਹ ਮੇਰੀ ਮੰਗਣੀ ਹੋਈ ਸੀ। ਜਦੋਂ ਵਿਕਾਰਾਂ ਦਾ ਵਿਜੋਗ ਹੋ ਗਿਆ, ਦੁਰਾਚਾਰ ਨਿਕਲੇ ਗਏ ਤਾਂ ਮੇਰਾ ਵਿਆਹ ਹੋ ਗਿਆ। ਗ਼ਲਤ ਵਿਚਾਰਾਂ ਦੇ ਖ਼ਤਮ ਹੁੰਦਿਆਂ, ਗ਼ਲਤ ਕਰਮ ਦੇ ਮਿਟਦਿਆਂ ਹੀ ਭਗਤੀ ਪ੍ਰਗਟ ਹੁੰਦੀ ਹੈ। ਗੁਲਸਤਾਂ ਦੇ ਵਿਚ ਇਕ ਬੋਲ ਬੜਾ ਕੀਮਤੀ ਹੈ। ਈਰਾਨ ਦੇ ਪ੍ਰਸਿੱਧ ਸੰਤ ਸ਼ੇਖ਼ ਸਾਅਦੀ ਦੀ ਇਹ ਰਚਨਾ ਹੈ ਗੁਲਸਤਾਂ। ਕਹਿੰਦੇ ਹਨ ਉਹ ਇਕ ਦਿਨ ਬੈਠੇ ਸਨ, ਹੱਥ ਧੋ ਰਹੇ ਸਨ ਮਿੱਟੀ ਦੇ ਨਾਲ। ਕੋਲ ਬੈਠੇ ਉਹਨਾਂ ਦੇ ਸ਼ਗਿਰਦ ਪੁੱਛਦੇ ਹਨ ਉਸਤਾਦ ਜੀ ! ਤੁਹਾਡੇ ਚਿਹਰੇ 'ਤੇ ਹਰ ਸਮੇਂ ਮਸਤੀ ਰਹਿੰਦੀ ਹੈ, ਤੁਸੀਂ ਖ਼ੁਸ਼ ਰਹਿੰਦੇ ਹੋ, ਜਦੋਂ ਕਿ ਅੱਠੇ ਪਹਿਰ ਆਪਣੇ ਆਪ ਨੂੰ ਖ਼ੁਸ਼ ਰੱਖਣਾ ਬੜੀ ਔਖੀ ਗੱਲ ਹੈ, ਪਰ ਤੁਸੀਂ ਅੱਠੇ ਪਹਿਰ ਖ਼ੁਸ਼ ਰਹਿੰਦੇ ਹੋ। ਆਖ਼ਿਰ ਤੁਹਾਡੇ ਕੋਲ ਅਜਿਹੀ ਕਿਹੜੀ ਚੀਜ਼ ਹੈ ? ਕਹਿੰਦੇ ਹਨ ਜੋ ਮਿੱਟੀ ਸ਼ੇਖ਼ ਸਾਅਦੀ ਦੇ ਹੱਥਾਂ ਵਿਚ ਸੀ, ਉਸ ਮਿੱਟੀ ਨੂੰ ਆਪ ਚੁੰਮਣ ਲੱਗ ਪਏ। ਕਾਫ਼ੀ ਦੇਰ ਤੱਕ ਚੁੰਮਦੇ ਰਹੇ। ਸ਼ਗਿਰਦ ਕਹਿੰਦੇ ਰਹੇ, ਉਸਤਾਦ ਜੀ ! ਸਾਨੂੰ ਦੱਸੋ ਕਿ ਤੁਹਾਡੇ ਕੋਲ ਇੰਨੀ ਪ੍ਰਸੰਨਤਾ ਕਿਵੇਂ ਹੈ ? ਸ਼ੇਖ਼ ਸਾਅਦੀ ਕਹਿਣ ਲੱਗੇ— ਤੁਹਾਡਾ ਸਵਾਲ ਮੈਂ ਮਿੱਟੀ 'ਤੇ ਕੀਤਾ ਹੈ, ਮਿੱਟੀ ਬੋਲੇਗੀ ਤਾਂ ਮੈਂ ਦੱਸਾਂਗਾ।

ਸ਼ੇਖ਼ ਸਾਅਦੀ ਕਹਿਣ ਲੱਗੇ— ਇਕ ਦਿਨ ਘਰਵਾਲੀ ਦੇ ਹੱਥੋਂ ਮੈਨੂੰ ਖ਼ੁਸ਼ਬੂਦਾਰ ਮਿੱਟੀ ਹੱਥ ਧੋਣ ਲਈ ਪ੍ਰਾਪਤ ਹੋਈ। ਮੈਂ ਉਸ ਮਿੱਟੀ ਨੂੰ ਬੋਲਿਆ ਦੱਸ ਤੂੰ ਮੁਸ਼ਕੀ ਹੈਂ, ਅੰਬਰ ਹੈਂ, ਅੰਬੀਰੀ ਹੈਂ, ਕਿਹੜਾ ਅੱਤਰ ਹੈਂ ? ਕਿਉਂਕਿ ਤੇਰੀ ਸੁਗੰਧੀ ਨੇ ਮੇਰੇ ਦਿਲ ਦਿਮਾਗ਼ ਨੂੰ ਮੁਅੱਤਰ ਕਰ ਦਿੱਤਾ ਹੈ। ਮੁਸ਼ਕੀ, ਅੰਬਰ, ਅੰਬੀਰੀ, ਕਾਬਲ ਵਿਚ ਜੋ ਅੱਤਰ ਵਰਤੇ ਜਾਂਦੇ ਹਨ, ਉਹਨਾਂ ਦੇ ਨਾਮ ਹਨ। ਸ਼ੇਖ਼ ਸਾਅਦੀ ਲਿਖਦੇ ਹਨ ਕਿ ਮਿੱਟੀ ਬੋਲੀ, ਐ ਫ਼ਕੀਰ ਸਾਈਂ ! ਮੈਂ ਇਕ ਨਾਚੀਜ਼ ਮਿੱਟੀ ਹਾਂ, ਪਰ ਮੈਂ ਇਕ ਖ਼ਾਸ ਸਮੇਂ ਤੱਕ ਫੁੱਲਾਂ ਦੇ ਕੋਲ ਰਹੀ ਹਾਂ। ਫੁੱਲਾਂ ਦੀ ਸੰਗਤ ਕੀਤੀ ਹੈ। ਫੁੱਲਾਂ ਦੀ ਸੰਗਤ ਕਰਕੇ ਮੇਰੇ ਵਿਚ ਵੀ ਸੁਗੰਧੀ ਆ ਗਈ ਹੈ, ਵਰਨਾ ਮੈਂ ਤਾਂ ਇਕ ਨਾਚੀਜ਼ ਮਿੱਟੀ ਹਾਂ। ਸ਼ੇਖ਼ ਸਾਅਦੀ ਸਾਹਿਬ ਕਹਿਣ ਲੱਗੇ ਕਿ ਮੈਂ ਇਕ ਨਾਚੀਜ਼ ਮਿੱਟੀ ਦਾ ਪੁੱਤਲਾ ਹਾਂ। ਸਤਿ ਪੁਰਸ਼ਾਂ ਦੀ ਸੰਗਤ ਕਰਕੇ ਇਹ ਗੁਣਾਂ ਦੀ ਸੁਗੰਧੀ ਮੇਰੇ ਅੰਦਰ ਪੈਦਾ ਹੋਈ ਹੈ। ਇਹ ਜੋ ਮਹਿਕ ਹੈ, ਇਹ ਮੇਰੀ ਆਪਣੀ ਨਹੀਂ, ਕਿਸੇ ਕੋਲੋਂ ਮਿਲੀ ਹੈ। ਇਹ ਜੋ ਚਮਕ ਦਮਕ ਮੇਰੇ ਕੋਲ ਹੈ, ਇਹ ਮੇਰੀ ਆਪਣੀ ਨਹੀਂ, ਮੈਨੂੰ ਕਿਸੇ ਕੋਲੋਂ ਮਿਲੀ ਹੈ।

ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫੁਰਮਾਣ ਹੈ ਕਿ ਸਤਿ ਪੁਰਸ਼ਾਂ ਦੀ ਜੋ ਸੰਗਤ ਨਸੀਬ ਹੋਈ ਹੈ, ਇਹ ਮੇਰੀ ਮੰਗਣੀ ਹੋਈ ਹੈ ਅਤੇ ਸੰਸਾਰਕ ਵਿਕਾਰਾਂ ਦਾ ਜੋ ਤਿਆਗ ਹੋ ਗਿਆ ਹੈ, ਇਹ ਮੇਰਾ ਵਿਆਹ ਹੋ ਗਿਆ ਹੈ। ਤ੍ਰਿਪਤਾ ਜੀ ਨੇ ਪੁੱਛ ਲਿਆ, ਪੁੱਤਰ ਨਾਨਕ ! ਇਸ ਭਗਤੀ ਰੂਪੀ ਕਾਮਨ ਨੇ ਕਿਸੇ ਸੰਤਾਨ ਨੂੰ ਵੀ ਜਨਮ ਦਿੱਤਾ ਹੈ ? ਇਸ ਦੀ ਕੋਈ ਔਲਾਦ ਵੀ ਹੈ ? ਸਾਹਿਬ ਕਹਿੰਦੇ ਹਨ, ਹਾਂ, ਇਸ ਭਗਤੀ ਰੂਪੀ ਕਾਮਨ ਨੇ ਸੱਚ ਰੂਪੀ ਪੁੱਤਰ ਨੂੰ ਜਨਮ ਦਿੱਤਾ ਹੈ, ਗਿਆਨ ਰੂਪੀ ਪੁੱਤਰ ਨੂੰ ਜਨਮ ਦਿੱਤਾ ਹੈ, ਪ੍ਰਮਾਤਮਾ ਨੂੰ ਜਨਮ ਦਿੱਤਾ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਪ੍ਰਮਾਤਮਾ ਦੇ ਨਾਮ ਭਗਤ ਲੋਕ ਰੱਖਦੇ ਹਨ। ਮਾਂ-ਬਾਪ ਬੱਚਿਆਂ ਦੇ ਨਾਮ ਰੱਖਦੇ ਹਨ, ਪਰ ਭਗਤ ਰੱਬ ਦੇ ਨਾਮ ਰੱਖਦੇ ਹਨ, ਜੋ ਜਗਤ ਪਿਤਾ ਹੈ। ਮਾਂ-ਬਾਪ ਬੱਚਿਆਂ ਨੂੰ ਜਨਮ ਦਿੰਦੇ ਹਨ, ਭਗਤ ਰੱਬ ਨੂੰ ਜਨਮ ਦਿੰਦੇ ਹਨ।

*ਸਾਧੂ ਸਤਮ ਜਾਨੋ ਨਾਨਕ ਭੀਤ ਕਾਰਨੇ।*

ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਕਹਿਣਾ ਹੈ ਕਿ ਜੇਕਰ ਸਾਧੂ ਅਤੇ ਭਗਤ ਨਾ ਹੋਣ ਤਾਂ ਫਿਰ ਪ੍ਰਮਾਤਮਾ ਦੀ ਹੋਂਦ ਦਾ ਪਤਾ ਵੀ ਨਹੀਂ ਚੱਲੇਗਾ। ਇਹ ਉਹੀ ਪ੍ਰਗਟ ਕਰਦੇ ਹਨ।

ਸੰਖੇਪ ਵਿਚ ਇਸ ਪਰਿਵਾਰ ਸੰਬੰਧੀ ਗੁਰੂ ਨਾਨਕ ਦਾ ਕਹਿਣਾ ਹੈ ਕਿ ਜਿੱਥੇ ਸਤਿਸੰਗ ਹੋਵੇਗਾ, ਉਥੇ ਚੰਗੀ ਮੱਤ ਹੋਵੇਗੀ। ਜਿੱਥੇ ਚੰਗੀ ਮੱਤ ਹੋਵੇਗੀ, ਉਥੇ ਸੰਤੋਖ ਹੋਵੇਗਾ। ਜਿੱਥੇ ਸੰਤੋਖ ਹੋਵੇਗਾ, ਉਥੇ ਆਪਣੀ ਮਿਹਨਤ 'ਤੇ ਭਰੋਸਾ ਹੋਵੇਗਾ। ਜਿੱਥੇ ਆਪਣੀ ਮਿਹਨਤ 'ਤੇ ਭਰੋਸਾ ਹੋਵੇਗਾ, ਪ੍ਰਾਲਬੱਧ 'ਤੇ ਭਰੋਸਾ ਹੋਵੇਗਾ, ਉਥੇ ਸੁਰਤ ਵਿਚ ਇਕਾਗਰਤਾ ਹੋਵੇਗੀ। ਜਿੱਥੇ ਸੁਰਤ ਵਿਚ ਇਕਾਗਰਤਾ ਹੋਵੇਗੀ, ਉਥੇ ਵਿਕਾਰਾਂ ਦਾ ਤਿਆਗ ਹੋਵੇਗਾ। ਜਿੱਥੇ ਵਿਕਾਰਾਂ ਦਾ ਤਿਆਗ ਹੋਵੇਗਾ, ਉਥੇ ਗਿਆਨ ਹੋਵੇਗਾ ਅਤੇ ਜਿੱਥੇ ਗਿਆਨ ਹੋਵੇਗਾ, ਉਥੇ ਪ੍ਰਮਾਤਮਾ ਆਪ ਹੋਵੇਗਾ। ਸਤਿਗੁਰੂ ਸਾਡੇ ਸਾਰਿਆਂ 'ਤੇ ਵੀ ਰਹਿਮਤ ਕਰਨ। ਸਾਨੂੰ ਵੀ ਇਸ ਅੰਦਰੂਨੀ ਪਰਿਵਾਰ ਦੀ, ਅਧਿਆਤਮਿਕ ਪਰਿਵਾਰ ਦੀ ਸੂਝ-ਸਮਝ ਹੋਵੇ ਅਤੇ ਪ੍ਰਮਾਤਮਾ ਦੇ ਨਾਲ ਜੁੜ ਸਕੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

# ਗੁਰਮਤਿ ਦੀਆਂ ਸ਼ਾਖ਼ਾਵਾਂ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਸਤਿਕਾਰ ਯੋਗ ਸਾਧ ਸੰਗਤ ਜੀ! ਫਤਹਿ ਪ੍ਰਵਾਨ ਕਰੋ-
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰਮਤਿ ਇਕ ਬਹੁਤ ਵੱਡਾ ਬ੍ਰਿਛ ਹੈ ਜੋ ਗੁਰੂ ਨਾਨਕ ਨੇ ਲਗਾਇਆ। ਦਰੱਖ਼ਤ ਦੀਆਂ, ਬ੍ਰਿਛ ਦੀਆਂ ਕਈ ਸ਼ਾਖ਼ਾਵਾਂ ਹੁੰਦੀਆਂ ਹਨ। ਇਸ ਗੁਰਮਤਿ ਬ੍ਰਿਛ ਦੀ ਇਕ ਸ਼ਾਖ਼ਾ ਸੀ, ਉਸ ਦਾ ਨਾਮ ਸੀ ਉਦਾਸੀਨ ਸੰਪਰਦਾ। ਇਹ ਬਾਬਾ ਸ੍ਰੀ ਚੰਦ ਤੋਂ ਸ਼ੁਰੂ ਹੋਈ। ਇਕ ਸ਼ਾਖ਼ ਦਾ ਨਾਮ ਸੀ ਨਿਰਮਲੇ, ਜਿਨ੍ਹਾਂ ਨੂੰ ਬਨਾਰਸ ਵਿਚ ਸੰਸਕ੍ਰਿਤ ਦੀ ਪੜ੍ਹਾਈ ਪੜ੍ਹਨ ਜਾਣ ਲਈ ਭਗਵਾ ਭੇਸ ਧਾਰਨ ਕਰਨਾ ਪਿਆ। ਪੰਜ ਸਾਲ ਪੜ੍ਹ ਕੇ ਜਦੋਂ ਭਗਵੇ ਭੇਸ ਵਿਚ ਵਾਪਿਸ ਆਏ ਤਾਂ ਉਹਨਾਂ ਦੀ ਰਹਿਣੀ ਬਹਿਣੀ ਬੜੀ ਉੱਚੀ ਦੇਖਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫੁਰਮਾਣ ਕੀਤਾ—ਇਹ ਤਾਂ ਬੜੇ ਨਿਰਮਲੇ ਹਨ। ਉਹਨਾਂ ਹੀ ਪੰਜਾਂ ਸਿੰਘਾਂ ਨਾਲ ਨਿਰਮਲਿਆਂ ਦੀ ਇਕ ਸ਼ਾਖ਼ ਚਲੀ। ਕਾਫ਼ੀ ਲੰਮੇ ਸਮੇਂ ਤੱਕ ਇਹ ਦੋ ਸ਼ਾਖ਼ਾਵਾਂ ਸਿੱਖੀ ਦੇ ਫਲ ਦਿੰਦੀਆਂ ਰਹੀਆਂ। ਸਿੱਖੀ ਸਰੂਪ ਦੀ ਛਾਂ ਦਿੰਦੀਆਂ ਰਹੀਆਂ। ਸਿੱਖ ਜਗਤ ਦੀ ਹਰਿਆਵਲੀ ਬਣੀਆਂ ਰਹੀਆਂ।

ਇਸੇ ਬ੍ਰਿਛ ਦੀ ਇਕ ਹਰੀ ਭਰੀ ਸ਼ਾਖ਼ ਫਲ ਦੇਣ ਵਾਲੀ, ਛਾਇਆ ਦੇਣ ਵਾਲੀ ਭਾਈ ਘਨ੍ਹਈਆ ਜੀ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਹੋਏ ਹਨ। ਕਈ ਵਾਰੀ ਦੇਖਦੇ ਹਾਂ ਕਿ ਟਹਿਣੀਆਂ ਨਿਕਲਦੀਆਂ, ਸੁੱਕ ਵੀ ਜਾਂਦੀਆਂ ਹਨ। ਨਿਰੀਆਂ ਸੁੱਕ ਹੀ ਨਹੀਂ ਜਾਂਦੀਆਂ, ਟੁੱਟ ਵੀ ਜਾਂਦੀਆਂ ਹਨ। ਜਿਵੇਂ ਮਸੰਦਾਂ ਦੀ ਇਕ ਸ਼ਾਖ਼ ਜੋ ਧੰਨ ਗੁਰੂ ਅਮਰਦਾਸ ਮਹਾਰਾਜ ਤੋਂ ਆਰੰਭ ਹੋਈ। ਮਸੰਦਾਂ ਵਿਚ ਤਿੰਨ ਬੀਬੀਆਂ ਸਨ, 19 ਪੁਰਸ਼ ਸਨ। ਮਸੰਦ ਸ਼ਬਦ ਤੋਂ ਭਾਵ ਮਸਲਤ, ਮੰਜੀ। ਜਿਨ੍ਹਾਂ ਨੂੰ ਮੇਰੇ ਪਾਤਿਸ਼ਾਹ ਨੇ ਮੰਜੀ ਬਖ਼ਸ਼ੀ, ਗੱਦੀ ਬਖ਼ਸ਼ੀ, ਉਹਨਾਂ ਨੂੰ ਮਸੰਦ ਕਿਹਾ ਗਿਆ, ਕਿਉਂਕਿ ਉਹਨਾਂ ਨੂੰ ਮਸਲਤ ਬੈਠਣ ਲਈ ਮਿਲੀ। ਸੰਗਤ ਵਿਚ ਉੱਚੀ ਥਾਂ ਬੈਠਣ ਲਈ ਮਿਲੀ। ਅੱਜ ਵੀ ਜੋ ਕੀਰਤਨ ਕਰਦੇ ਹਨ, ਕਥਾ ਕਰਦੇ ਹਨ, ਸੰਗਤ ਵਿਚ ਇਕ ਉੱਚੀ ਸਟੇਜ 'ਤੇ ਬੈਠ ਕੇ ਕਰਦੇ ਹਨ। ਕੀਰਤਨ ਦਾ ਸਤਿਕਾਰ, ਪ੍ਰਮਾਤਮਾ ਦੀ ਕਥਾ ਦਾ ਸਤਿਕਾਰ, ਗੁਰਬਾਣੀ ਦਾ ਸਤਿਕਾਰ। ਇਸੇ ਤਰੀਕੇ ਨਾਲ ਇਹ

ਪ੍ਰਥਾ ਚਲਾਈ ਧੰਨ ਗੁਰੂ ਅਮਰਦਾਸ ਮਹਾਰਾਜ ਨੇ 22 ਮੰਜੀਆਂ ਬਖ਼ਸ਼ ਕੇ ਅਤੇ ਕਿਹਾ ਕਿ ਤੁਸੀਂ ਥਾਂ ਥਾਂ 'ਤੇ ਜਾਇਆ ਕਰੋ, ਸੰਗਤਾਂ ਨੂੰ ਉਪਦੇਸ਼ ਕਰਿਆ ਕਰੋ। ਜਿੱਥੇ ਇਹ ਸੰਗਤਾਂ ਨੂੰ ਉਪਦੇਸ਼ ਕਰਦੇ ਸਨ ਉੱਚੀ ਮੰਜੀ 'ਤੇ ਬੈਠ ਕੇ, ਲਿਹਾਜ਼ਾ ਇਹਨਾਂ ਨੂੰ ਮਸੰਦ ਕਿਹਾ ਗਿਆ।

ਇਹ ਸ਼ਾਖ਼ ਚੰਗੀ ਹਰੀ ਭਰੀ ਸ਼ਾਖ਼ ਸੀ ਅਤੇ ਆਪਣੇ ਮੂਲ ਗੁਰਮਤਿ ਗੁਰੂ ਨਾਨਕ ਨਾਲ ਜੁੜੀ ਹੋਈ ਸੀ। ਸਹਿਜੇ ਸਹਿਜੇ ਇਹ ਸ਼ਾਖ਼ ਕੁਮਲਾ ਗਈ। ਪ੍ਰਭੁਤਾ ਅਤੇ ਪਦਾਰਥ ਨੇ ਇਹਨਾਂ ਨੂੰ ਸੁਕਾਅ ਦਿੱਤਾ। ਪਾਣੀ ਬੂਟੇ ਨੂੰ ਹਰਾ ਭਰਾ ਕਰਦਾ ਹੈ। ਕਈ ਵਾਰੀ ਖੇਤੀ ਜਾਂ ਬੂਟਾ ਪਾਣੀ ਨਾਲ ਮਰ ਵੀ ਜਾਂਦਾ ਹੈ। ਪ੍ਰਭੁਤਾ ਅਤੇ ਪਦਾਰਥਾਂ ਨੇ ਇਸ ਸ਼ਾਖ਼ ਨੂੰ ਮਾਰ ਦਿੱਤਾ। ਇਹ ਪ੍ਰਭੁਤਾ ਨਾ ਜਰ ਸਕੇ। ਇਹ ਪਦਾਰਥਾਂ ਦਾ ਆਉਣਾ ਜਰ ਨਾ ਸਕੇ। ਜਿਵੇਂ ਮਿਹਦਾ ਕਮਜ਼ੋਰ ਹੋਵੇ ਤਾਂ ਭਾਰੀ ਭੋਜਨ ਹਜ਼ਮ ਨਹੀਂ ਹੁੰਦਾ, ਇਸੇ ਤਰ੍ਹਾਂ ਸਹਿਣ ਸ਼ਕਤੀ, ਹਿਰਦਾ ਅਤੇ ਸੋਚਣੀ ਕਮਜ਼ੋਰ ਹੋਵੇ ਤਾਂ ਧਨ-ਸੰਪਦਾ-ਪ੍ਰਭੁਤਾ ਵੀ ਹਜ਼ਮ ਨਹੀਂ ਹੁੰਦੀ। ਬੜਾ ਪ੍ਰਬਲ ਹੰਕਾਰੀ ਬਣਾ ਦਿੰਦੀ ਹੈ। ਬੜਾ ਪ੍ਰਬਲ ਵਿਕਾਰੀ ਬਣਾ ਦਿੰਦੀ ਹੈ। ਇਹ ਦੋਵੇਂ ਲੱਛਣ ਮਸੰਦਾਂ ਵਿਚ ਪੈਦਾ ਹੋ ਗਏ। ਇਹ ਸ਼ਾਖ਼, ਇਹ ਟਹਿਣੇ ਸੁੱਕ ਕੇ ਟੁੱਟ ਗਏ। ਉਦਾਸੀਆਂ ਦੀ ਸ਼ਾਖ਼ ਮੌਜੂਦ ਹੈ, ਪਰ ਉਸ ਨੂੰ ਉੱਨੇ ਫਲ ਨਹੀਂ ਲੱਗਦੇ, ਜੋ ਪਹਿਲੇ ਲੱਗਦੇ ਸਨ। ਉੱਨੀ ਛਾਂ ਜਗਤ ਨੂੰ ਨਹੀਂ ਮਿਲ ਰਹੀ, ਜਿਹੜੀ ਪਹਿਲੇ ਮਿਲਦੀ ਸੀ। ਭਾਈ ਘਨ੍ਹਈਆ ਜੀ ਤੋਂ ਹੀ ਇਸ ਦਰੱਖ਼ਤ ਦੀ ਇਕ ਬਹੁਤ ਵੱਡੀ ਸ਼ਾਖ਼ ਬਣੀ। ਉਸ ਸ਼ਾਖ਼ ਦਾ ਨਾਮ ਸੇਵਾ ਪੰਥੀ ਪਿਆ ਅਤੇ ਇਹ ਭਾਈ ਸਾਹਿਬ ਦੀ ਸੇਵਾ ਦਾ ਹੀ ਕਮਾਲ ਹੈ ਕਿ ਪੂਰੀ ਸ਼ਾਖ਼ ਦਾ ਨਾਮ ਸੇਵਾ ਪੰਥੀ ਬਣਿਆ।

ਭਾਈ ਘਨ੍ਹਈਆ ਜੀ ਗੁਰਮਤਿ ਇਤਿਹਾਸ ਵਿਚ ਇਕ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਹਨ। ਵਜ਼ੀਰਾਬਾਦ, ਹੁਣ ਪਾਕਿਸਤਾਨ ਚੰਦਰਭਾਗਾ ਨਦੀ ਦੇ ਕੰਢੇ 'ਤੇ ਸੋਦੜਾ ਪਿੰਡ ਉਸ ਵਿਚ ਵੱਸਣ ਵਾਲੇ ਭਾਈ ਨੱਥੂ ਰਾਮ ਜੀ ਖੱਤਰੀ ਦੇ ਘਰ ਆਪ ਦਾ ਜਨਮ 1750 ਬਿਕ੍ਰਮੀ ਦੇ ਲਗਪਗ ਹੋਇਆ। ਇਤਿਹਾਸ ਵਿਚ ਮਾਤਾ ਜੀ ਦਾ ਨਾਮ ਸੁੰਦਰੀ ਲਿਖਿਆ ਹੋਇਆ ਹੈ। ਭਾਈ ਨੱਥੂ ਰਾਮ ਜੀ ਭਾਈ ਘਨ੍ਹਈਆ ਜੀ ਦੇ ਪਿਤਾ ਜਰਨੈਲ ਅਮੀਰ ਸਿੰਘ ਮੁਸਾਹਿਬ ਦੇ ਮੀਰ ਮੁਨਸ਼ੀ, ਜਗੀਰਾਂ ਮੁੱਲ ਲੈ ਕੇ ਇਹਨਾਂ ਨੂੰ ਵੇਚਣ ਦਾ ਵੀ ਕੰਮ ਕਰਦੇ ਸਨ। ਜਿਨ੍ਹਾਂ ਨੂੰ ਅੱਜ ਅਸੀਂ ਪ੍ਰੋਪਰਟੀ ਡੀਲਰ ਕਹਿੰਦੇ ਹਾਂ, ਅਜਿਹਾ ਕਾਰੋਬਾਰ ਕਰਦੇ ਸਨ। ਪਰ ਕਾਰੋਬਾਰ ਕਰਦਿਆਂ ਹੋਇਆਂ ਭਾਈ ਨੱਥੂ ਰਾਮ ਜੀ ਆਪਣੇ ਹਿਰਦੇ ਵਿਚ ਰੱਬੀ ਪਿਆਰ ਵੀ ਰੱਖਦੇ ਸਨ, ਗ਼ਰੀਬਾਂ ਲਈ ਦਰਦ ਵੀ ਰੱਖਦੇ ਸਨ। ਭਾਈ ਸਾਹਿਬ ਭਾਈ ਘਨ੍ਹਈਆ ਜੀ ਬਾਲਕ ਹੁੰਦਿਆਂ ਹੋਇਆਂ ਸੁਭਾਅ ਵਿਚ ਵੱਡੇ ਭਜਨੀਕ ਹੁੰਦੇ ਸਨ। ਬਾਲਕ ਦਾ ਸੁਭਾਅ ਦੇਖਕੇ ਨਗਰ ਵਾਸੀ ਹੈਰਾਨ ਹੋ ਜਾਂਦੇ ਸਨ ਕਿ ਅਜਿਹਾ ਬਾਲਕ!

ਉਮਰ ਦੇ ਵੱਧਣ ਨਾਲ ਭਾਈ ਸਾਹਿਬ ਜ਼ਿਆਦਾ ਸਮਾਂ ਸਾਧੂਆਂ ਦੀ ਸੰਗਤ ਵਿਚ ਰਹਿਣ ਲੱਗ ਪਏ। ਸਤਿਸੰਗ ਵਿਚ ਜਾਇਆ ਕਰਦੇ ਅਤੇ ਯਤਨ ਕਰਕੇ ਦੂਸਰੇ ਦਾ ਦੁੱਖ ਵੰਡਾਉਣ ਦੀ ਕੋਸ਼ਿਸ਼ ਕਰਦੇ। ਉਹਨਾਂ ਦੇ ਸਮੇਂ ਬਹੁਤ ਸਾਰੇ ਜ਼ਾਲਮ ਹੁਕਮਰਾਨ ਹਕੂਮਤ ਕਰ

ਰਹੇ ਸਨ ਜਿਹੜੇ ਹਮੇਸ਼ਾ ਆਪਣੇ ਮਕਾਨ ਕਿਲ੍ਹੇ ਬਣਾਉਣ ਲਈ ਆਮ ਲੋਕਾਂ ਕੋਲੋਂ ਬੇਗਾਰ ਦਾ ਕੰਮ ਲੈਂਦੇ ਸਨ। ਗ਼ਰੀਬ, ਮਜਬੂਰ, ਮੁਸਾਫ਼ਿਰ ਉਹਨਾਂ ਨੂੰ ਫੜ ਕੇ ਬੇਗਾਰੀ ਦਾ ਕੰਮ ਲੈਣਾ, ਸਾਰਾ ਦਿਨ ਟੋਕਰੀ ਢੁਆਉਣੀ, ਇੱਟਾਂ ਢੁਆਉਣੀਆਂ, ਬਦਲੇ ਵਿਚ ਸਿਰਫ਼ ਦੁਪਹਿਰ ਨੂੰ ਦੋ ਰੋਟੀਆਂ ਦੇਣੀਆਂ ਤੇ ਸ਼ਾਮ ਨੂੰ ਤੋਰ ਦੇਣਾ। ਕਿਸੇ ਕਿਸੇ ਨੂੰ ਤਾਂ ਦੋ-ਦੋ, ਚਾਰ-ਚਾਰ ਦਿਨ ਲਈ ਵੀ ਰੋਕ ਕੇ ਰੱਖ ਲਿਆ ਜਾਂਦਾ ਸੀ। ਇਸ ਤਰ੍ਹਾਂ ਜਬਰਨ ਇਹਨਾਂ ਕੋਲੋਂ ਜੋ ਕੰਮ ਲਿਆ ਜਾਂਦਾ ਸੀ, ਉਸਨੂੰ ਬੇਗਾਰ ਕਿਹਾ ਜਾਂਦਾ ਸੀ। ਬੇਗਾਰ ਵਿਚ ਜੋ ਕੰਮ ਕਰਦੇ ਸਨ, ਭਾਈ ਘਨ੍ਹਈਆ ਜੀ ਦਾ ਹਿਰਦਾ ਉਹਨਾਂ ਨੂੰ ਦੇਖਕੇ ਦੁੱਖੀ ਹੋ ਜਾਂਦਾ ਸੀ ਕਿ ਇਹ ਗ਼ਰੀਬ ਬੰਦੇ ਹਨ। ਇਹ ਤਾਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਬਾਲ ਬੱਚਿਆਂ ਦਾ ਪੇਟ ਪਾਲਣ ਵਾਲੇ ਹਨ ਅਤੇ ਇਹਨਾਂ ਨੂੰ ਵਕਤ ਦੇ ਜ਼ਾਲਮ ਹੁਕਮਰਾਨਾਂ ਨੇ ਫੜ ਲਿਆ ਹੈ ਤੇ ਬੇਗਾਰ 'ਤੇ ਲਾਇਆ ਹੈ।

ਉਸ ਜ਼ਮਾਨੇ ਵਿਚ ਬੜੇ-ਬੜੇ ਕਿਲ੍ਹੇ ਬਣੇ ਬੇਗਾਰ ਨਾਲ, ਬੜੇ-ਬੜੇ ਮਹਿਲ ਬਣੇ ਬੇਗਾਰ ਨਾਲ, ਬੜੀਆਂ-ਬੜੀਆਂ ਸੜਕਾਂ ਬਣੀਆਂ ਬੇਗਾਰ ਨਾਲ। ਥੋੜੇ ਜਿਹੇ ਬੰਦੇ ਹੁੰਦੇ ਸਨ ਜਿਨ੍ਹਾਂ ਨੂੰ ਰੋਜ਼ਾਨਾ ਦੀ ਬਾਕਾਇਦਾ ਮਜ਼ਦੂਰੀ ਮਿਲਦੀ ਸੀ ਨਹੀਂ ਤਾਂ ਬਾਕੀ ਲੋਕ ਬੇਗਾਰ ਵਿਚ ਹੀ ਕੰਮ ਕਰਦੇ ਸਨ। ਭਾਈ ਜੀ ਤਰਸ ਖਾ ਕੇ ਕਿਸੇ ਬੇਗਾਰੀ ਦਾ ਟੋਕਰਾ ਆਪ ਚੁੱਕ ਲੈਂਦੇ ਸਨ ਅਤੇ ਛੁੱਟੀ ਦਿਲਵਾ ਦਿੰਦੇ ਸਨ ਬੇਗਾਰੀ ਨੂੰ। ਹੁਕਮਰਾਨ ਕਹਿੰਦੇ ਸਨ ਕਿ ਤੂੰ ਸੰਪੰਨ ਘਰਾਣੇ ਦਾ ਬੱਚਾ ਹੈਂ, ਤੈਨੂੰ ਬੇਗਾਰ ਵਿਚ ਕੰਮ ਕਰਨ ਦੀ ਲੋੜ ਨਹੀਂ ਹੈ। ਉਹ ਅਗੋਂ ਕਹਿੰਦੇ ਕਿ ਜਿਸਨੂੰ ਬੇਗਾਰੀ ਕਰਨੀ ਪੈ ਰਹੀ ਸੀ, ਅਸਲ ਵਿਚ ਉਸਨੂੰ ਵੀ ਲੋੜ ਨਹੀਂ ਹੈ। ਉਹ ਤਾਂ ਮਜ਼ਦੂਰੀ ਕਰਕੇ ਆਪਣੇ ਬਾਲ ਬੱਚਿਆਂ ਦਾ ਪੇਟ ਪਾਲਣ ਲਈ ਘਰੋਂ ਨਿਕਲਿਆ ਸੀ। ਬੇਗਾਰ ਵਿਚ ਕੋਈ ਆਪਣੇ ਬੱਚਿਆਂ ਦੀ ਪਾਲਣਾ ਨਹੀਂ ਕਰ ਸਕੇਗਾ। ਉਸ ਦੀ ਲੋੜ ਸੀ ਇਥੋਂ ਚਲੇ ਜਾਣਾ ਤੇ ਉਸ ਦੀ ਲੋੜ ਦੀ ਪੂਰਤੀ ਲਈ ਮੈਂ ਬੇਗਾਰ ਕਰ ਰਿਹਾ ਹਾਂ। ਇਸ ਤਰ੍ਹਾਂ ਸੇਵਾ ਭਾਵ, ਨਿਰਮਾਣਤਾ ਦਾ ਭਾਵ, ਸਤਿਸੰਗ ਵਿਚ ਬੈਠ ਕੇ ਹਰੀ ਜੱਸ ਸੁਣਨਾ ਇਹ ਉਨ੍ਹਾਂ ਦੇ ਸੰਸਕਾਰਾਂ ਵਿਚ ਸੀ, ਸੁਭਾਅ ਵਿਚ ਸੀ।

ਸਮਾਂ ਪਾ ਕੇ ਇਹ ਮਹਾਨ ਆਤਮਾ ਗੁਰੂ ਦਰਬਾਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਰਨ ਸ਼ਰਨ ਵਿਚ ਆਈ। ਜੋ ਗਾਥਾ ਭਾਈ ਸਾਹਿਬ ਭਾਈ ਘਨ੍ਹਈਆ ਨਾਲ ਜੁੜੀ ਹੋਈ ਹੈ, ਉਹ ਬੜੀ ਮਿੱਠੀ ਹੈ। ਮੈਦਾਨੀ ਜੰਗ ਵਿਚ ਮੁਖ਼ਾਲਫ਼ਾਂ ਨੂੰ ਜਦੋਂ ਕੋਈ ਜ਼ਖ਼ਮੀ ਕਰਕੇ ਘੋੜੇ ਤੋਂ ਡੇਗ ਦਿੰਦੇ ਸਨ, ਹਾਥੀ ਤੋਂ ਡੇਗ ਦਿੰਦੇ ਸਨ ਅਤੇ ਕਿਤੇ ਕਿਤੇ ਖ਼ੁੱਦ ਵੀ ਸ਼ਹੀਦ ਹੋ ਕੇ ਕਿਸੇ ਨੂੰ ਚਲਤਾ ਕਰ ਦਿੰਦੇ ਸਨ ਤਾਂ ਭਾਈ ਘਨ੍ਹਈਆ ਉਸੇ ਮੈਦਾਨੀ ਜੰਗ ਵਿਚ ਪਾਣੀ ਪਿਲਾਉਣ ਦਾ ਕੰਮ ਕਰਦੇ ਸਨ। ਪ੍ਰਥਮ ਤਾਂ ਨਿਡਰ ਮਨੁੱਖ ਹੀ ਯੁੱਧ ਵਿਚ ਜਲ ਛਕਾ ਸਕਦਾ ਹੈ। ਇੰਨੀ ਪ੍ਰਥਾ ਤਾਂ ਜ਼ਰੂਰ ਸੀ ਉਸ ਜ਼ਮਾਨੇ ਵਿਚ ਕਿ ਜਦੋਂ ਕੋਈ ਪਾਣੀ ਪਿਲਾਉਣ ਵਾਲਾ ਹੋਵੇ, ਮਸ਼ਕ ਪਿੱਛੇ ਚੁੱਕੀ ਹੋਵੇ ਤਾਂ ਉਸਨੂੰ ਮਾਰਦੇ ਨਹੀਂ ਸਨ। ਚਾਹੇ ਉਹ

ਪਾਣੀ ਪਿਲਾਉਣ ਵਾਲਾ ਕਿਸੇ ਵੀ ਪੱਖ ਦਾ ਹੋਵੇ, ਪਰ ਅੱਜ ਜੋ ਪਾਣੀ ਪਿਲਾਉਣ ਵਾਲਾ ਆਇਆ ਹੈ, ਇਹ ਤਾਂ ਨਿਰਪੱਖ ਬੰਦਾ ਹੈ। ਇਹ ਤਾਂ ਹਰ ਜਗ੍ਹਾ 'ਤੇ ਪ੍ਰਮਾਤਮਾ ਦੇ ਪੱਖ ਵਿਚ ਖੜਾ ਹੈ। ਇਹ ਸਿੰਘਾਂ ਨੂੰ ਵੀ ਪਾਣੀ ਪਿਲਾਉਂਦਾ ਸੀ, ਮੁਸਲਮਾਨਾਂ ਨੂੰ ਵੀ ਪਾਣੀ ਪਿਲਾਉਂਦਾ ਸੀ। ਆਖ਼ਿਰ ਸਿੱਖ ਵੀ ਕਿਥੋਂ ਤੱਕ ਬਰਦਾਸ਼ਤ ਕਰਦੇ। ਇਕ ਦਿਨ ਸਿੱਖਾਂ ਨੇ ਭਾਈ ਘਨ੍ਹਈਏ ਨੂੰ ਫੜ ਲਿਆ ਅਤੇ ਇਵੇਂ ਮੁਸ਼ਕਾਂ ਬੰਨ੍ਹ ਕੇ ਲਿਆਂਦਾ ਜਿਵੇਂ ਕਿਸੇ ਜਾਸੂਸ ਨੂੰ, ਕਿਸੇ ਦੁਸ਼ਮਣ ਨੂੰ ਫੜ ਕੇ ਲਿਆਈਦਾ ਹੈ। ਉਹਨਾਂ ਨੇ ਉਸਨੂੰ ਸਤਿਗੁਰਾਂ ਦੇ ਸਾਹਮਣੇ ਪੇਸ਼ ਕੀਤਾ। ਮੁਸਕਰਾਉਂਦਿਆਂ ਹੋਇਆਂ ਦਇਆ ਦੀ ਮੂਰਤੀ, ਗਿਆਨ ਦੇ ਸਾਗਰ ਦੱਸਵੇਂ ਗੁਰੂ ਨਾਨਕ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫ਼ੁਰਮਾਣ ਕਰਦੇ ਹਨ ਕਿ ਇਸਨੂੰ ਕਿਉਂ ਫੜ ਕੇ ਲਿਆਏ ਹੋ ? ਇਸ ਨੇ ਕੀ ਕੀਤਾ ਹੈ ? ਮਹਾਰਾਜ ! ਇਹ ਦੁਸ਼ਮਣ ਹੈ, ਇਹ ਜਾਸੂਸ ਹੈ। ਇਹ ਪਾਣੀ ਪਿਲਾਉਣ ਦੇ ਬਦਲੇ ਗ਼ਲਤ ਕੰਮ ਕਰਦਾ ਹੈ। ਕੀ ਗ਼ਲਤ ਕੰਮ ਕਰਦਾ ਹੈ ? ਇਹ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਹੈ। ਸਾਨੂੰ ਪਾਣੀ ਪਿਲਾਉਣਾ ਇਕ ਬਹਾਨਾ ਹੈ, ਅਸਲ ਵਿਚ ਇਹ ਦੁਸ਼ਮਣਾਂ ਨੂੰ ਪਾਣੀ ਪਿਲਾਉਣ ਲਈ ਆਇਆ ਹੈ। ਜਾਸੂਸ ਲੱਗਦਾ ਹੈ। ਮਹਾਰਾਜ ! ਇਸ ਲਈ ਅਸੀਂ ਬੰਨ੍ਹ ਕੇ ਲਿਆਂਦਾ ਹੈ। ਅਸੀਂ ਸਾਰਿਆਂ ਨੇ ਦੇਖਿਆ ਹੈ ਕਿ ਜਿਨ੍ਹਾਂ ਨੂੰ ਅਸੀਂ ਜ਼ਖ਼ਮੀ ਕਰਕੇ ਸੁੱਟ ਦਿੰਦੇ ਹਾਂ, ਇਹ ਉਹਨਾਂ ਨੂੰ ਹੀ ਪਾਣੀ ਪਿਲਾ ਕੇ ਫਿਰ ਖੜਾ ਕਰ ਦਿੰਦਾ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਮੁਖਾਰਬਿੰਦ ਤੋਂ ਫ਼ੁਰਮਾਣ ਕਰਦੇ ਹਨ- ਭਾਈ ਘਨ੍ਹਈਆ ਜੀ, ਇਹ ਇਲਜ਼ਾਮ ਤੁਹਾਨੂੰ ਕਬੂਲ ਹੈ ? ਭਾਈ ਜੀ ਨੇ ਹੱਥ ਜੋੜ ਕੇ ਕਿਹਾ—ਮਹਾਰਾਜ ! ਪਾਣੀ ਮੈਂ ਜ਼ਰੂਰ ਪਿਲਾਉਂਦਾ ਹਾਂ, ਪਰ ਮੈਂ ਦੁਸ਼ਮਣ ਨੂੰ ਤਾਂ ਨਹੀਂ ਪਿਲਾਉਂਦਾ। ਘਨ੍ਹਈਆ ਜੀ ! ਕੀ ਇਹ ਸਾਰੇ ਗ਼ਲਤ ਕਹਿ ਰਹੇ ਹਨ ? ਨਹੀਂ ਮਹਾਰਾਜ, ਜਿਸ ਦਿਨ ਦਾ ਤੁਹਾਡੀ ਸੰਗਤ ਵਿਚ ਆਇਆ ਹਾਂ, ਤੁਹਾਡੀ ਬਾਣੀ ਸੁਣੀ, ਕਥਾ-ਕੀਰਤਨ ਸੁਣਿਆ, ਬਸ ਇਕ ਪ੍ਰਣ ਕਰ ਲਿਆ ਤੇ ਉਸੇ ਦਿਨ ਤੋਂ ਮਨ ਵਿਚ ਦੁਸ਼ਮਣੀ ਦਾ ਭਾਵ ਨਹੀਂ ਰਿਹਾ। ਮੈਂ ਇੰਨਾ ਹੀ ਆਪ ਨੂੰ ਆਖਾਂਗਾ ਕਿ ਮੈਂ ਤਾਂ ਆਪ ਨੂੰ ਹੀ ਪਾਣੀ ਪਿਲਾਉਂਦਾ ਰਿਹਾ ਹਾਂ। ਮੈਨੂੰ ਤੁਹਾਡੇ ਤੋਂ ਬਿਨਾਂ ਹੋਰ ਕੋਈ ਦਿਖਾਈ ਨਹੀਂ ਦਿੱਤਾ।

ਭਾਈ ਘਨ੍ਹਈਆ ਜੀ ਦੀ ਜੋ ਜ਼ਬਾਨ ਕਹਿ ਰਹੀ ਸੀ, ਅੱਖਾਂ ਵੀ ਉਹੀ ਕਹਿ ਰਹੀਆਂ ਸਨ। ਕਈ ਵਾਰੀ ਮਨੁੱਖ ਜ਼ਬਾਨ ਨਾਲ ਕਹਿੰਦਾ ਹੈ ਕਿ ਅਸੀਂ ਬਹੁਤ ਖ਼ੁਸ਼ ਹਾਂ, ਪਰ ਚਿਹਰਾ ਦੱਸਦਾ ਹੈ ਕਿ ਦੁੱਖੀ ਹੈ। ਕਈ ਵਾਰੀ ਜ਼ਬਾਨ ਨਾਲ ਹਾਂ ਕਰਦਾ ਹੈ, ਪਰ ਅੱਖਾਂ ਨਾਂਹ ਕਰਦੀਆਂ ਹਨ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕੋ ਫ਼ੁਰਮਾਣ ਕੀਤਾ, ਭਾਈ ਘਨ੍ਹਈਆ ! ਫਿਰ ਅਧੂਰਾ ਕੰਮ ਕਰਦਾ ਹੈਂ, ਪੂਰਾ ਨਹੀਂ। ਸਿੰਘਾਂ ਨੂੰ ਵੀ ਕੰਬਣੀ ਛਿੜ ਗਈ ਕਿ ਸਤਿਗੁਰੂ ਕੀ ਕਹਿ ਰਹੇ ਹਨ। ਭਾਈ ਘਨ੍ਹਈਆ ਹੱਥ ਜੋੜ ਕੇ ਕਹਿੰਦੇ ਹਨ ਕਿ ਮਹਾਰਾਜ ! ਅਧੂਰੇ ਮਨੁੱਖ ਹਾਂ, ਅਧੂਰੇ ਕੰਮ ਆਉਂਦੇ ਹਨ, ਆਪ ਬਖ਼ਸ਼ਿਸ਼ ਕਰੋ ਤਾਂ ਕਿ ਮੈਂ

ਪੂਰਾ ਕੰਮ ਕਰ ਸਕਾਂ। ਉਹ ਕੰਮ ਕਿਹੜਾ ਹੈ ਜਿਸ ਨਾਲ ਵਾਕਿਆ ਹੀ ਸੇਵਾ ਪੂਰੀ ਹੋਵੇ ? ਸਤਿਗੁਰਾਂ ਨੇ ਮਲਮ ਦਾ ਡੱਬਾ ਦਿੱਤਾ, ਪੱਟੀਆਂ ਦਾ ਬੰਡਲ ਦਿੱਤਾ ਤੇ ਕਿਹਾ ਭਾਈ ਘਨ੍ਹਈਆ ! ਤੜਪਦੇ ਹੋਏ, ਜ਼ਖ਼ਮੀ ਮਨੁੱਖ ਨੂੰ ਨਿਰਾ ਪਾਣੀ ਹੀ ਨਾ ਪਿਲਾਇਆ ਕਰ, ਇਹ ਮਲਮ ਪੱਟੀ ਵੀ ਕਰ ਦਿਆ ਕਰ। ਹੁਣ ਤਾਂ ਅਜਿਹਾ ਹੋਣ ਲੱਗ ਪਿਆ ਕਿ ਇਹ ਪਾਣੀ ਪਿਲਾਉਂਦਾ ਸੀ ਤੇ ਮਲਮ ਪੱਟੀ ਵੀ ਕਰਦਾ ਸੀ।

ਜਿਵੇਂ ਇਕ ਬ੍ਰਿਛ ਦੀਆਂ ਅਨੇਕਾਂ ਸ਼ਾਖ਼ਾਵਾਂ ਹੁੰਦੀਆਂ ਹਨ, ਪਰ ਉੱਚੀ ਸ਼ਾਖ਼ ਨੂੰ ਫਲ ਜ਼ਿਆਦਾ ਲੱਗਦੇ ਹਨ, ਹਰਿਆਵਲ ਜ਼ਿਆਦਾ ਹੁੰਦੀ ਹੈ। ਕੋਈ ਸ਼ਾਖ਼ ਬੜੀ ਭਾਰੀ ਹੁੰਦੀ ਹੈ, ਕੋਈ ਛੋਟੀ ਹੁੰਦੀ ਹੈ, ਕੋਈ ਬਹੁਤ ਛੋਟੀ ਹੁੰਦੀ ਹੈ। ਦਰੱਖ਼ਤ ਦੀਆਂ ਵੱਡੀਆਂ ਸ਼ਾਖ਼ਾਵਾਂ ਵਿਚੋਂ ਇਹੋ ਜਿਹੀ ਇਕ ਸ਼ਾਖ਼ ਹੈ ਸੇਵਾ ਪੰਥੀ, ਜਿਸ ਦੇ ਜਨਮਦਾਤਾ ਹਨ ਭਾਈ ਸਾਹਿਬ ਭਾਈ ਘਨ੍ਹਈਆ ਜੀ। ਸਿੱਖ ਜਗਤ ਵਿਚ ਸੇਵਾ ਕਰਦਿਆਂ ਹੋਇਆਂ ਭਾਈ ਘਨ੍ਹਈਆ ਅੱਗੇ ਵੱਧੇ। ਪਾਣੀ ਪਿਲਾਉਂਦਿਆਂ ਹੋਇਆਂ, ਲੰਗਰ ਛਕਾਉਂਦਿਆਂ ਹੋਇਆਂ, ਗ਼ਰੀਬਾਂ ਦੀ ਮਦਦ ਕਰਦਿਆਂ ਹੋਇਆਂ, ਮਜ਼ਲੂਮ ਦੀ ਸੇਵਾ ਕਰਦਿਆਂ ਹੋਇਆਂ, ਕਿਸੇ ਜ਼ਖ਼ਮੀ ਦੀ ਮਲਮ ਪੱਟੀ ਕਰਦਿਆਂ ਹੋਇਆਂ ਭਾਈ ਘਨ੍ਹਈਏ ਦੀ ਸ਼ਾਖ਼ ਜ਼ਰੂਰ ਵੱਧੇਗੀ, ਕਿਉਂਕਿ ਉਸ ਉੱਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖ਼ਸ਼ਿਸ਼ ਹੋਵੇਗੀ।

ਅਨੰਤ ਸ਼ਾਖ਼ਾਵਾਂ ਵਿਚੋਂ ਮੈਂ ਇਕ ਇਕ ਸ਼ਾਖ਼ ਦਾ ਜ਼ਿਕਰ ਕਰ ਰਿਹਾ ਹਾਂ, ਉਂਝ ਤਾਂ ਹਰ ਸ਼ਾਖ਼ ਦੀ ਆਪਣੀ ਮਹਾਨਤਾ ਹੈ। ਜਿਸ ਤਰ੍ਹਾਂ ਅੱਜ ਉਦਾਸੀਆਂ ਦੇ ਡੇਰੇ ਹਨ, ਨਿਰਮਲਿਆਂ ਦੇ ਡੇਰੇ ਹਨ, ਹੋਰ ਸ਼ਾਖ਼ਾਵਾਂ ਵੀ ਮੌਜੂਦ ਹਨ, ਉਸੇ ਤਰ੍ਹਾਂ ਸੇਵਾ ਪੰਥੀਆਂ ਦੀਆਂ ਸ਼ਾਖ਼ਾਵਾਂ ਡੇਰਿਆਂ ਦੇ ਰੂਪ ਵਿਚ ਭਾਰਤ ਵਿਚ ਮੌਜੂਦ ਹਨ। ਇਹ ਮਹਾਨ ਸ਼ਾਖ਼ ਜੋ ਭਾਈ ਘਨ੍ਹਈਆ ਸਾਹਿਬ ਤੋਂ ਚੱਲੀ, ਇਸ ਸ਼ਾਖ਼ ਵਿਚ ਹੋਰ ਸ਼ਾਖ਼ਾਵਾਂ, ਹੋਰ ਟਹਿਣੀਆਂ ਲੱਗੀਆਂ ਹਨ ਤਾਂ ਫਿਰ ਇਸ ਵੱਡੀ ਸ਼ਾਖ਼ ਨੂੰ ਜੋ ਹੋਰ ਛੋਟੀਆਂ ਛੋਟੀਆਂ ਸ਼ਾਖ਼ਾਵਾਂ ਲੱਗੀਆਂ, ਮੈਂ ਉਹਨਾਂ ਦਾ ਵਾਰੀ ਵਾਰੀ ਜ਼ਿਕਰ ਕਰ ਰਿਹਾ ਹਾਂ।

ਭਾਈ ਘਨ੍ਹਈਆ ਜੀ ਦੀ ਸੇਵਾ ਭਗਤੀ ਦੇ ਪ੍ਰਭਾਵ ਹੇਠ ਭਾਈ ਸੇਵਾ ਰਾਮ ਜੀ ਆਏ। ਭਾਈ ਘਨ੍ਹਈਆ ਜੀ ਨੇ ਆਪਣੇ ਜੀਵਨ ਕਾਲ ਵਿਚ ਸੇਵਾ ਰਾਮ ਨੂੰ ਸੇਵਾ ਲਈ ਪ੍ਰੇਰ ਕੇ ਥਾਂ ਥਾਂ 'ਤੇ ਭੇਜਣਾ ਸ਼ੁਰੂ ਕੀਤਾ। ਜੰਮੂ ਜਰਨੈਲੀ ਸੜਕ 'ਤੇ ਆਪ ਨੇ ਉਸ ਜ਼ਮਾਨੇ ਵਿਚ ਥਾਂ ਥਾਂ 'ਤੇ ਪਾਣੀ ਪਿਲਾਉਣ ਦੀ ਸੇਵਾ ਕੀਤੀ। ਰੋਟੀਆਂ ਦਾ ਟੋਕਰਾ ਲੈ ਕੇ ਰਸਤੇ ਵਿਚ ਬੈਠ ਜਾਂਦੇ। ਆਉਂਦੇ ਜਾਂਦੇ ਰਾਹੀ ਨੂੰ ਦੋ ਪ੍ਰਸ਼ਾਦੇ ਤੇ ਉੱਪਰ ਦਾਲਾ ਰੱਖ ਕੇ ਦਿੰਦੇ। ਅੱਜ ਦੀ ਤਰ੍ਹਾਂ ਕਦਮ ਕਦਮ 'ਤੇ ਢਾਬੇ ਨਹੀਂ ਸਨ, ਹੋਟਲ ਨਹੀਂ ਸਨ। ਇਹ ਮਹਾਨ ਗੁਰੂ ਕਾ ਸਿੱਖ ਭਾਈ ਸੇਵਾ ਰਾਮ ਆਉਂਦੇ ਜਾਂਦੇ ਮੁਸਾਫ਼ਰਾਂ ਨੂੰ ਲੰਗਰ ਪਾਣ ਕਰਾਉਂਦਾ ਸੀ, ਪਾਣੀ ਪਿਲਾਉਂਦਾ ਸੀ। ਵਾਕਿਆ ਹੀ ਮਨੁੱਖ ਦਾ ਮਨ ਅਜਿਹਾ ਪ੍ਰਭਾਵ ਦਿੰਦਾ ਹੈ ਅਤੇ ਪ੍ਰਭਾਵ ਲੈਂਦਾ ਹੈ। ਆਪਣੇ ਤੋਂ ਕਮਜ਼ੋਰ ਨੂੰ ਪ੍ਰਭਾਵ ਦਿੰਦਾ ਹੈ ਅਤੇ ਆਪਣੇ ਤੋਂ ਬਲਵਾਨ ਦਾ ਪ੍ਰਭਾਵ ਕਬੂਲ ਕਰਦਾ ਹੈ।

ਇਸ ਲਈ ਕਹਿੰਦੇ ਹਨ ਕਿ ਜਿਸ ਦੇ ਪ੍ਰਭਾਵ ਹੇਠ ਆਉਣਾ ਹੈ, ਉਹ ਚੰਗਾ ਹੋਵੇ। ਬੁਰਾ ਮਨੁੱਖ ਵੀ ਆਪਣਾ ਪ੍ਰਭਾਵ ਪਾ ਸਕਦਾ ਹੈ, ਕਿਉਂਕਿ ਬੁਰਾ ਮਨੁੱਖ ਮਹਾਨ ਹੁੰਦਾ ਹੈ, ਸ਼ਕਤੀਸ਼ਾਲੀ ਹੁੰਦਾ ਹੈ। ਭਾਈ ਘਨ੍ਹਈਏ ਦੀ ਸੰਗਤ ਨੇ ਭਾਈ ਸੇਵਾ ਰਾਮ ਦੇ ਹਿਰਦੇ ਨੂੰ ਰੰਗ ਦਿੱਤਾ।

ਨਵੀਂ ਜਨਰੇਸ਼ਨ ਨੂੰ ਇਹ ਇਤਿਹਾਸ ਪੜ੍ਹ ਕੇ ਸਾਰੀ ਜਾਣਕਾਰੀ ਹਾਸਿਲ ਕਰਨੀ ਪਵੇਗੀ। ਅਫ਼ਗ਼ਾਨਿਸਤਾਨ ਤੱਕ ਜੋ ਇਹ ਗੁਰਮਤਿ ਦਾ ਪ੍ਰਚਾਰ ਹੋਇਆ, ਇਹ ਉਦਾਸੀਆਂ ਕਰਕੇ ਹੋਇਆ। ਇਹ ਮਿਹਨਤ ਹਮੇਸ਼ਾ ਫਲੀਭੂਤ ਰਹੇ। ਅਗਾਂਹ ਚੱਲ ਕੇ ਇਸ ਵਿਚ ਗਿਆਨ ਦਾ ਹਿੱਸਾ ਪਾ ਕੇ, ਪੜ੍ਹਾਈ-ਲਿਖਾਈ ਦਾ ਹਿੱਸਾ ਪਾ ਕੇ ਨਿਰਮਲਿਆਂ ਨੇ ਬੜਾ ਯੋਗਦਾਨ ਪਾਇਆ। ਫਿਰ ਅੱਗੇ ਚੱਲ ਕੇ ਸੇਵਾ ਸਿਮਰਨ ਦੇ ਰਾਹੀਂ ਭਾਈ ਘਨ੍ਹਈਆ ਜੀ ਤੋਂ ਚੱਲੀ ਸੇਵਾ ਪੰਥੀ ਲਹਿਰ ਨੇ ਆਪਣਾ ਖ਼ੂਬ ਰੰਗ ਜਮਾਇਆ। ਅਸੀਂ ਦੇਖਦੇ ਹਾਂ ਕਿ ਇਕ ਵੱਗਦੇ ਹੋਏ ਦਰਿਆ ਵਿਚੋਂ ਵਾੜੇ ਨਿਕਲ ਪੈਂਦੇ ਹਨ। ਫਿਰ ਕੁਝ ਵਾੜੇ ਨਿਕਲ ਕੇ ਕੁਝ ਦੂਰੀ ਤੱਕ ਵੱਗ ਕੇ ਫਿਰ ਦਰਿਆ ਨਾਲ ਰੱਲ ਜਾਂਦੇ ਹਨ। ਉਹ ਝਰਨਾ ਕੁਝ ਉਸ ਇਲਾਕੇ ਨੂੰ ਸੈਰਾਬ ਕਰ ਕੇ ਫਿਰ ਦਰਿਆ ਵਿਚ ਲੀਨ ਹੁੰਦਾ ਹੈ ਜਿਥੋਂ ਤੱਕ ਦਰਿਆ ਨਹੀਂ ਪਹੁੰਚਿਆ ਹੁੰਦਾ। ਪਰ ਕੁਝ ਝਰਨੇ ਇੰਨੇ ਵਿਪਰੀਤ ਚਲੇ ਜਾਂਦੇ ਹਨ, ਇੰਨੇ ਦੂਰ ਚਲੇ ਜਾਂਦੇ ਹਨ ਕਿ ਫਿਰ ਦਰਿਆ ਵਿਚ ਮਿਲਣਾ ਹੀ ਭੁੱਲ ਜਾਂਦੇ ਹਨ ਤੇ ਕਈ ਵਾਰੀ ਸੰਸਾਰ ਦੇ ਮਾਰੂਥਲ ਵਿਚ ਖੋ ਕੇ ਸੁੱਕ ਜਾਂਦੇ ਹਨ। ਇਸ ਤਰ੍ਹਾਂ ਗੁਰਮਤਿ ਦੇ ਇਸ ਮਹਾਨ ਦਰਿਆ ਤੋਂ ਬਹੁਤ ਸਾਰੇ ਝਰਨੇ ਨਿਕਲੇ— ਉਦਾਸੀਆਂ ਦਾ ਝਰਨਾ, ਨਿਰਮਲਿਆਂ ਦਾ ਝਰਨਾ, ਸੰਪਰਦਾਈ ਸੇਵਾ ਪੰਥੀਆਂ ਦਾ ਝਰਨਾ। ਇਹ ਥੋੜੀ ਦੂਰ ਤੱਕ ਚੱਲ ਕੇ ਸੇਵਾ ਸਿਮਰਨ ਗਿਆਨ ਦੀ ਧਾਰਾ ਨਾਲ ਲੋਕਾਂ ਨੂੰ ਸਰਸਬਜ਼ ਕਰਦੇ ਹੋਏ ਫਿਰ ਲੀਨ ਹੋ ਜਾਂਦੇ ਹਨ ਗੁਰਮਤਿ ਦੇ ਨਾਲ ਅਤੇ ਸਾਰਿਆਂ ਨੂੰ ਉਸੇ ਦਰਿਆ ਦਾ ਹਿੱਸਾ ਬਣਾਉਂਦੇ ਹਨ। ਪਰ ਕੁਝ ਝਰਨੇ ਬਿਲਕੁਲ ਵਿਪਰੀਤ ਦਿਸ਼ਾ ਵਿਚ ਚੱਲ ਪੈਂਦੇ ਹਨ, ਦਰਿਆ ਨਾਲ ਚੱਲਦੇ ਨਹੀਂ ਹਨ। ਅਜਿਹਾ ਹਰ ਅਵਤਾਰੀ ਪੁਰਸ਼ ਨਾਲ ਹੋਇਆ।

ਇਕ ਮਹਾਨ ਦਰਿਆ ਗੁਰੂ ਨਾਨਕ ਦੇ ਨਾਲ ਚੱਲਿਆ। ਇਸ ਦਰਿਆ ਵਿਚੋਂ ਬੇਸ਼ਤਰ ਝਰਨੇ ਮੁੜ ਕੇ ਦਰਿਆ ਵਿਚ ਆ ਕੇ ਨਹੀਂ ਮਿਲੇ। ਮੁੜ ਕੇ ਉਹਨਾਂ ਝਰਨਿਆਂ ਨੇ ਆਪਣੇ ਆਪ ਨੂੰ ਦਰਿਆ ਕਹਿਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਆਪਣੇ ਪੰਥ ਬਣਾ ਲਏ। ਆਪਣੇ ਆਪਣੇ ਮਜ਼ਹਬ ਬਣਾ ਲਏ। ਆਪਣਾ ਢੰਗ, ਤੌਰ-ਤਰੀਕਾ ਅਪਣਾ ਲਿਆ ਅਤੇ ਇਸ ਤਰ੍ਹਾਂ ਬੇਸ਼ਤਰ ਝਰਨੇ ਪਾਖੰਡ ਦਾ ਅਖਾੜਾ ਬਣ ਕੇ ਰਹਿ ਗਏ। ਇਹ ਤਿੰਨ ਅਦੁੱਤੀ ਸ਼ਾਖ਼ਾਵਾਂ ਮਹਾਨ ਸਨ—ਉਦਾਸੀ, ਨਿਰਮਲੇ, ਸੇਵਾ ਪੰਥੀ। ਸੇਵਾ ਪੰਥੀ ਦੀ ਜੋ ਮਹਾਨ ਧਾਰਾ ਭਾਈ ਘਨ੍ਹਈਆ ਜੀ ਤੋਂ ਚੱਲੀ, ਉਸ ਵਿਚ ਬਾਅਦ ਵਿਚ ਆਏ ਮਹਾਨ ਗੁਰੂ ਕੇ ਸਿੱਖ ਭਾਈ ਸੇਵਾ ਰਾਮ ਜੀ। ਜਿਸ ਤਰ੍ਹਾਂ ਦਾ ਉਹਨਾਂ ਦਾ ਨਾਮ ਸੀ, ਉਸ ਤਰ੍ਹਾਂ ਹੀ ਉਹ ਸੇਵਾ ਦੀ ਮੂਰਤੀ ਸਨ। ਪਰ ਸ਼ਾਖ਼ਾਵਾਂ ਵਿਚੋਂ ਹੋਰ ਸ਼ਾਖ਼ਾਵਾਂ ਨਿਕਲਦੀਆਂ ਰਹੀਆਂ, ਹੋਰ ਟਹਿਣੀਆਂ ਨਿਕਲਦੀਆਂ ਰਹੀਆਂ, ਹੋਰ ਪੱਤੇ ਨਿਕਲਦੇ ਰਹੇ, ਉਹਨਾਂ ਵਿਚ ਭਾਈ ਅੱਡਣ ਸਾਹਿਬ ਜੀ ਦਾ ਆਪਣਾ

ਇਕ ਖ਼ਾਸ ਸਥਾਨ ਹੈ।

ਭਾਈ ਅੱਡਣ ਜੀ ਦਾ ਜਨਮ 1745 ਦੇ ਲਗਪਗ ਹੋਇਆ। ਮਾਤਾ ਪਿਤਾ ਦੇ ਨਿਰਮਲ ਸੰਸਕਾਰਾਂ ਦਾ ਅਸਰ ਬੱਚੇ ਦੇ ਸੁਭਾਅ ਉੱਤੇ ਵੀ ਪੈਂਦਾ ਹੈ। ਲਿਹਾਜ਼ਾ ਆਪ ਬਚਪਨ ਵਿਚ ਸਾਧੂਆਂ ਦੀ ਸੰਗਤ ਕਰਦੇ ਸਨ। ਜਿਵੇਂ ਪਹਿਲੇ ਪ੍ਰਚਾਰ ਦੇ ਸੋਮੇ ਉਦਾਸੀ ਸਨ, ਭਾਈ ਅੱਡਣ ਸਾਹਿਬ, ਬਾਬਾ ਗੁਰਦਾਸ ਜੀ, ਜੋ ਉਦਾਸੀ ਸੰਪਰਦਾ ਨਾਲ ਸੰਬੰਧ ਰੱਖਦੇ ਸਨ, ਇਹਨਾਂ ਨੇ ਉਹਨਾਂ ਤੋਂ ਹੀ ਗੁਰਬਾਣੀ ਦੀ ਸਿਖਸ਼ਾ ਦਿਖਸ਼ਾ ਲਈ। ਉਹਨਾਂ ਤੋਂ ਗੁਰਮੁਖੀ ਅੱਖਰ ਪੜ੍ਹੇ। ਪੜ੍ਹ ਕੇ, ਬਾਣੀ ਨੂੰ ਸਮਝ ਕੇ ਫਿਰ ਸੇਵਾ ਵਿਚ ਜੁੱਟ ਗਏ, ਸਿਮਰਨ ਵਿਚ ਜੁੱਟ ਗਏ। ਅਜਿਹੇ ਜੁੱਟੇ ਕਿ ਆਪ ਦੀ ਵੀ ਇਕ ਸ਼ਾਖ਼ ਬਣ ਗਈ। ਅਜਿਹੇ ਜੁੱਟੇ ਕਿ ਆਪ ਦੀ ਵੀ ਧਾਰਾ ਬਣ ਗਈ ਅਤੇ ਇਸ ਧਾਰਾ ਨਾਲ ਜੋ ਚੱਲੇ, ਉਹ ਅੱਡਣ ਸ਼ਾਹੀ ਕਹਿਲਾਏ।

ਸੰਤ ਦਾ ਸੁਭਾਉ ਦਇਆਲੂ, ਕ੍ਰਿਪਾਲੂ, ਸਮਦ੍ਰਿਸ਼ਟ ਹੁੰਦਾ ਹੈ। ਸ਼ਾਹ ਜੀਵਣੇ ਦੀ ਗੱਲ ਬਹੁਤ ਸਾਰੇ ਪ੍ਰੇਮੀਆਂ ਨੇ ਸੁਣੀ ਹੈ। ਭਾਈ ਅੱਡਣ ਸਾਹਿਬ ਨੂੰ ਗਊਆਂ ਭੇਟ ਕੀਤੀਆਂ ਤਾਂ ਕਿ ਡੇਰੇ ਵਿਚ ਸਾਧੂਆਂ ਨੂੰ ਦੁੱਧ ਮਿਲ ਸਕੇ, ਘਿਉ ਮਿਲ ਸਕੇ। ਜਿਵੇਂ ਦਿਨ ਦੇ ਨਾਲ ਘਨੇਰੀ ਰਾਤ ਹੈ, ਜਿਵੇਂ ਫੁੱਲ ਦੇ ਨਾਲ ਚੁਭਵੇਂ ਕੰਡੇ ਹਨ, ਇਸ ਤਰ੍ਹਾਂ ਜਦੋਂ ਚੋਰਾਂ ਨੂੰ ਭਿਣਕ ਪਈ ਕਿ ਬਹੁਤ ਚੰਗੀਆਂ-ਚੰਗੀਆਂ ਗਊਆਂ ਭਾਈ ਅੱਡਣ ਜੀ ਦੇ ਡੇਰੇ ਵਿਚ ਮੌਜੂਦ ਹਨ ਤਾਂ ਚੋਰੀ ਦਾ ਖ਼ਿਆਲ ਆਇਆ। ਅੱਧੀ ਰਾਤ ਨੂੰ ਡੇਰੇ ਵਿਚ ਦਾਖ਼ਲ ਹੋਏ ਤੇ ਚੋਰ ਦੀ ਕਲਾ ਇਹ ਹੁੰਦੀ ਹੈ ਕਿ ਆਪਣੀ ਆਮਦ ਦੀ ਖ਼ਬਰ ਕਿਸੇ ਨੂੰ ਨਾ ਪਹੁੰਚੇ ਤੇ ਸਾਰਾ ਮਾਲ ਲੈ ਜਾਂਦਿਆਂ ਹੋਇਆਂ ਵੀ ਕਿਸੇ ਨੂੰ ਪਤਾ ਨਾ ਲੱਗੇ। ਇਹ ਚੋਰ ਚੋਰੀ ਵਿਚ ਸਫਲ ਹੋਏ। ਇਹਨਾਂ ਦੀ ਆਮਦ ਦਾ ਡੇਰੇ ਵਿਚ ਸੁੱਤੇ ਹੋਏ ਪ੍ਰੇਮੀ, ਸਾਧੂਆਂ ਤੇ ਬਾਬਾ ਅੱਡਣ ਜੀ ਨੂੰ ਨਾ ਪਤਾ ਚੱਲਿਆ। ਅੰਮ੍ਰਿਤ ਵੇਲਾ ਹੋਇਆ, ਵੱਛੇ ਉੱਚੀ-ਉੱਚੀ ਬੋਲਣ। ਸਾਰੇ ਜਾਗੇ ਤੇ ਜਾਗ ਕੇ ਦੇਖਦੇ ਹਨ ਕਿ ਗਊਆਂ ਤਾਂ ਹੈ ਨਹੀਂ।

ਭਾਈ ਅੱਡਣ ਜੀ ਕਹਿਣ ਲੱਗੇ ਵੱਛੇ ਭੁੱਖੇ ਹਨ। ਇਥੇ ਚੋਰਾਂ ਨੇ ਮੂਰਖਤਾ ਕੀਤੀ ਹੈ, ਗਊਆਂ ਲੈ ਗਏ ਹਨ, ਵੱਛੇ ਵੀ ਲੈ ਜਾਂਦੇ। ਤੁਸੀਂ ਇੰਝ ਕਰੋ ਜਿਵੇਂ ਚੋਰ ਗਊਆਂ ਨੂੰ ਲੱਭ ਕੇ ਲੈ ਗਏ ਹਨ, ਤੁਸੀਂ ਚੋਰਾਂ ਨੂੰ ਲੱਭ ਕੇ ਵੱਛੇ ਦੇ ਆਉ। ਹੁਕਮ ਮੰਨ ਕੇ ਸੰਗਤਾਂ ਨੇ ਵੱਛੜੇ ਖੋਲ੍ਹੇ ਤੇ ਚੱਲ ਪਏ ਆਪਣੇ ਅੰਦਾਜ਼ੇ ਦੇ ਮੁਤਾਬਿਕ ਕਿ ਸ਼ਾਇਦ ਚੋਰ ਇੱਧਰ ਗਏ ਹੋਣ। ਡੇਰੇ ਤੋਂ ਨਿਕਲ ਕੇ, ਥੋੜੀ ਜਿਹੀ ਦੂਰ ਗਏ ਹਨ ਕਿ ਦੇਖਿਆ ਚੋਰ ਗਊਆਂ ਵਾਪਿਸ ਲਿਆ ਰਹੇ ਸੀ। ਵੱਛੇ ਦੌੜੇ ਆਪਣੀਆਂ ਮਾਵਾਂ ਦੇ ਕੋਲ ਤੇ ਖ਼ੁਸ਼ ਹੋ ਕੇ ਦੁੱਧ ਪੀਣ ਲੱਗੇ। ਪ੍ਰੇਮੀਆਂ ਨੇ ਚੋਰਾਂ ਨੂੰ ਪੁੱਛਿਆ ਗਊਆਂ ਲਿਆਏ ਹੋ ? ਪਰ ਚੋਰ ਕਹਿੰਦੇ ਹਨ ਕਿ ਤੁਸੀਂ ਵੱਛੜੇ ਕਿਥੇ ਲੈ ਕੇ ਜਾ ਰਹੇ ਸੀ ? ਅਸੀਂ ਵੱਛੇ ਵੀ ਤੁਹਾਨੂੰ ਦੇਣ ਆਏ ਹਾਂ। ਭਾਈ ਅੱਡਣ ਸਾਹਿਬ ਨੇ ਕਿਹਾ ਹੈ ਕਿ ਵੱਛੇ ਵੀ ਉਹਨਾਂ ਦੇ ਹਵਾਲੇ ਕਰ ਦਿਉ, ਕਿਉਂਕਿ ਇਹ ਭੁੱਖੇ ਹਨ ਅਤੇ ਇਹਨਾਂ ਦੀਆਂ

ਮਾਵਾਂ ਨਹੀਂ ਹਨ। ਉਹ ਚੋਰ ਕਹਿਣ ਲੱਗੇ ਅਸੀਂ ਮਾਫ਼ੀ ਵੀ ਮੰਗਣੀ ਹੈ ਅਤੇ ਇਹ ਗਊਆਂ ਵੀ ਵਾਪਿਸ ਕਰਨੀਆਂ ਹਨ। ਅਸੀਂ ਇਹਨਾਂ ਨੂੰ ਸਿੱਧਾ ਲੈ ਜਾਂਦੇ ਹਾਂ ਤਾਂ ਅੱਖਾਂ ਸਾਡੀਆਂ ਅੰਨ੍ਹੀਆਂ ਹੋ ਜਾਂਦੀਆਂ ਹਨ ਅਤੇ ਡੇਰੇ ਵੱਲ ਮੂੰਹ ਕਰਦੇ ਹਾਂ ਤਾਂ ਅੱਖਾਂ ਵਿਚ ਰੌਸ਼ਨੀ ਆ ਜਾਂਦੀ ਹੈ। ਅੱਜ ਤੋਂ ਅਸੀਂ ਚੋਰੀ ਨਹੀਂ ਕਰਾਂਗੇ। ਅੱਜ ਅਸੀਂ ਆਪਣੀਆਂ ਅੱਖਾਂ ਦੇ ਸਾਹਮਣੇ ਭਾਈ ਅੱਡਣ ਜੀ ਨੂੰ ਰੱਖਾਂਗੇ।

ਚੋਰਾਂ ਨੇ ਭਾਈ ਅੱਡਣ ਜੀ ਕੋਲ ਆ ਕੇ ਮਾਫੀ ਮੰਗੀ, ਚਰਨਾਂ 'ਤੇ ਮੱਥਾ ਟੇਕਿਆ, ਵਛੜੇ ਨੂੰ ਗਊ ਮਿਲੀ ਤੇ ਗਊ ਨੂੰ ਵੱਛੜਾ ਮਿਲਿਆ। ਇਸੇ ਤਰ੍ਹਾਂ ਇਹ ਮਿਲਣਾ ਹੋਇਆ ਚੋਰ ਦਾ ਤੇ ਭਾਈ ਅੱਡਣ ਜੀ ਦਾ। ਭਾਈ ਅੱਡਣ ਜੀ ਨੂੰ ਉਹ ਤੜਪਦੇ ਹੋਏ, ਵਿਲਕਦੇ ਹੋਏ, ਪਾਪਾਂ ਵਿਚ ਭਟਕਦੇ ਹੋਏ ਚੋਰ ਮਿਲੇ ਅਤੇ ਚੋਰਾਂ ਨੂੰ ਮਮਤਾ ਨਾਲ ਭਰੀ ਹੋਈ ਇਕ ਆਤਮਾ ਮਿਲੀ ਜਿਸਦੇ ਕੋਲ ਬੈਠਣ ਨਾਲ ਉਹਨਾਂ ਨੂੰ ਖ਼ੁਦਾ ਮਿਲਿਆ। ਇਸ ਤਰ੍ਹਾਂ ਭਾਈ ਅੱਡਣ ਜੀ ਦੀ ਛਾਪ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਛਾਪ ਬਣ ਗਈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਛਾਪ ਬਣ ਗਈ।

ਜਿਸ ਤਰ੍ਹਾਂ ਇਕ ਸ਼ਾਖ਼ ਤੋਂ ਪੱਤੇ ਨਿਕਲਦੇ ਹਨ, ਹੋਰ ਟਹਿਣੀਆਂ ਨਿਕਲਦੀਆਂ ਹਨ, ਇਸੇ ਤਰ੍ਹਾਂ ਭਾਈ ਅੱਡਣ ਜੀ ਦੀ ਛੋਟੀ ਸ਼ਾਖ਼ ਵਿਚੋਂ ਇਕ ਟਹਿਣੀ ਨਿਕਲੀ ਭਾਈ ਆਇਆ ਰਾਮ ਜੀ। ਵਾਸਤਵਿਕ ਇਹਨਾਂ ਦਾ ਨਾਮ ਆਇਆ ਰਾਮ, ਜਗਤ 'ਤੇ ਆਏ ਹਨ ਪਰ ਸਿਰਫ਼ ਆਉਣਾ ਹੀ ਨਹੀਂ ਹੋਇਆ, ਇਹਨਾਂ ਨੇ ਆਪਣੇ ਆਉਣੇ ਨੂੰ ਸਫਲ ਵੀ ਕੀਤਾ।

*ਆਇਆ ਸਫਲ ਤਾਹੂ ਕੌ ਗਨੀਐ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ॥*

(ਅੰਗ ੨੫੨)

ਆਉਣਾ ਇਹਨਾਂ ਨੇ ਸਫਲ ਕਰ ਲਿਆ। ਭਾਈ ਅੱਡਣ ਜੀ ਦੀ ਸੰਗਤ ਦਾ ਸੱਦਕਾ ਆਪਣੀ ਰਸਨਾ ਨਾਲ ਪ੍ਰਭੂ ਜੀ ਦਾ ਨਾਮ ਜੱਪਣਾ ਸ਼ੁਰੂ ਕੀਤਾ ਅਤੇ ਸੰਗਤਾਂ ਦੀ ਸੇਵਾ ਆਰੰਭ ਕਰ ਦਿੱਤੀ। ਇਹਨਾਂ ਦਾ ਆਉਣਾ ਵਾਕਿਆ ਹੀ ਸਫਲ ਹੋ ਗਿਆ ਤੇ ਜਿਸ ਦਾ ਆਉਣਾ ਸਫਲ ਹੋ ਗਿਆ, ਉਸ ਦਾ ਸੰਸਾਰ ਤੋਂ ਜਾਣਾ ਵੀ ਸਫਲ ਹੁੰਦਾ ਹੈ। ਉਹ ਸਿੱਧਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ। ਸੇਵਾ ਪੰਥੀ ਇਤਿਹਾਸ ਵਿਚ ਭਾਈ ਆਇਆ ਰਾਮ ਦਾ ਆਪਣਾ ਇਕ ਖ਼ਾਸ ਨਾਮ ਹੈ। ਇੰਝ ਸਮਝ ਲਉ, ਉਹ ਸੇਵਾ ਪੰਥੀਆਂ ਦੇ ਆਕਾਸ਼ ਵਿਚ ਚਮਕਦੇ ਹੋਏ ਇਕ ਚੰਗੇ ਸਿਤਾਰੇ ਹਨ ਜੋ ਸੇਵਾ ਦੀ ਰੌਸ਼ਨੀ ਵੰਡ ਰਹੇ ਹਨ, ਜਿਨ੍ਹਾਂ ਦਾ ਨਾਮ ਸਿਮਰਨ ਦੀ ਪ੍ਰੇਰਨਾ ਦਿੰਦਾ ਹੈ, ਸੇਵਾ ਦੀ ਪ੍ਰੇਰਨਾ ਦਿੰਦਾ ਹੈ।

ਸੇਵਾ ਪੰਥੀ ਮਾਰਗ ਦੇ ਭਾਈ ਜਗਤਾ ਜੀ ਮੀਲ ਦੇ ਪੱਥਰ ਹਨ। ਭਾਈ ਘਨ੍ਹਈਆ ਜੀ ਤੋਂ ਬਾਅਦ ਸੇਵਾ ਰਾਮ, ਆਇਆ ਰਾਮ, ਫਿਰ ਅੱਡਣ ਸਾਹਿਬ, ਉਸ ਤੋਂ ਭਾਈ ਭੱਲਾ ਰਾਮ

ਤੇ ਫਿਰ ਨੂਰਪੁਰ ਦੀ ਧਰਤੀ ਦਾ ਪੂਰਨ ਤੌਰ 'ਤੇ ਨੂਰ ਚਮਕਿਆ ਭਾਈ ਜਗਤਾ ਜੀ। ਠੀਕ ਹੈ, ਉਸ ਮਾਰੂਥਲ ਵਿਚ ਜੋ ਕਸਬਾ ਸੀ, ਨਾਮ ਸੀ ਨੂਰਪੁਰ ਪਰ ਨੂਰ ਤੋਂ ਖ਼ਾਲੀ ਸੀ। ਸਿਰਫ਼ ਨਾਮ ਹੀ ਸੀ। ਬਹੁਤ ਲੰਮਾ ਚੌੜਾ ਰੇਤਲਾ ਇਲਾਕਾ ਜਿਸ ਵਿਚ ਕੋਈ ਹਰਿਆਵਲੀ ਵੀ ਨਹੀਂ ਸੀ ਅਤੇ ਸ਼ਹਿਰ ਵੀ ਬੇ-ਰੌਣਕਾ ਸੀ। ਨੂਰਪੁਰ ਨੂਰੋ-ਨੂਰ ਹੋਇਆ ਭਾਈ ਜਗਤਾ ਜੀ ਦੀ ਆਮਦ ਦੇ ਨਾਲ। ਭਾਈ ਜਗਤਾ ਜੀ ਸੁਭਾਵਿਕ ਜਨਮ ਤੋਂ ਦਾਨੀ ਪੁਰਸ਼ ਸਨ। ਇਹ ਜਿਹੜੀਆਂ ਪੂਰਬਲੀਆਂ ਆਤਮਾਵਾਂ ਜਿਨ੍ਹਾਂ ਨੇ ਜੱਪ ਤੱਪ ਕਰਕੇ ਹੋਰ ਜਨਮ ਪ੍ਰਾਪਤ ਕੀਤਾ ਹੁੰਦਾ ਹੈ, ਇਹਨਾਂ ਦਾ ਸੁਭਾਵਿਕ ਕੋਈ ਨਾ ਕੋਈ ਗੁਣ ਜਨਮ ਤੋਂ ਹੀ ਹੁੰਦਾ ਹੈ। ਕਿਸੇ ਵਿਚ ਦਾਨੀ ਬਿਰਤੀ ਜਨਮ ਤੋਂ ਹੁੰਦੀ ਹੈ, ਕਿਸੇ ਵਿਚ ਗਿਆਨ ਦੀ ਬਿਰਤੀ ਜਨਮ ਤੋਂ ਹੁੰਦੀ ਹੈ, ਕਿਸੇ ਵਿਚ ਸੇਵਾ ਦਾ ਭਾਵ ਜਨਮ ਤੋਂ ਹੁੰਦਾ ਹੈ, ਕਿਸੇ ਵਿਚ ਸਤਿਸੰਗ ਦੀ ਚਾਹਤ ਜਨਮ ਤੋਂ ਹੁੰਦੀ ਹੈ, ਕਿਸੇ ਅੰਦਰ ਮਿਲਣਸਾਰੀ ਦਾ ਜਜ਼ਬਾ ਜਨਮ ਤੋਂ ਹੁੰਦਾ ਹੈ।

ਭਾਈ ਜਗਤਾ ਜੀ ਦੇ ਅੰਦਰ ਜਨਮ ਤੋਂ ਹੀ ਦਾਨ ਦੀ ਬਿਰਤੀ ਸੀ। ਜਿਵੇਂ ਸਿਆਣੇ ਕਹਿੰਦੇ ਹਨ ਪੰਘੂੜੇ ਵਿਚ ਪਏ ਹੋਏ ਬਾਲਕ ਦਾ ਭਵਿੱਖ ਦਿੱਸ ਪੈਂਦਾ ਹੈ ਉਸ ਦੇ ਹੱਥ ਹਿਲਾਉਣ ਤੋਂ, ਉਸ ਦੇ ਪੈਰ ਹਿਲਾਉਣ ਤੋਂ, ਉਸ ਦੇ ਮੱਥਾ ਹਿਲਾਉਣ ਤੋਂ, ਇਸੇ ਤਰ੍ਹਾਂ ਭਾਈ ਜਗਤਾ ਜੀ ਜਨਮ ਤੋਂ ਦਾਨੀ ਬਿਰਤੀ ਦੇ ਮਾਲਕ ਸਨ। ਜੋ ਕੁਝ ਸ਼ੁਰੂ ਸ਼ੁਰੂ ਵਿਚ ਬਚਪਨ ਵਿਚ ਮਾਂ ਬਾਪ ਤੋਂ ਖ਼ਰਚੀ ਮਿਲਦੀ, ਇਹ ਲੋੜਵੰਦਾਂ ਨੂੰ ਵੰਡ ਦਿੰਦੇ ਅਤੇ ਬਾਅਦ ਵਿਚ ਸੇਵਾ ਕਰਦਿਆਂ ਹੋਇਆਂ, ਭਗਤੀ ਕਰਦਿਆਂ ਹੋਇਆਂ ਭਾਈ ਭੱਲਾ ਰਾਮ ਜੀ ਨੇ ਨੂਰਪੁਰ ਦਾ ਸੇਵਾ ਪੰਥੀਆਂ ਦਾ ਇਹ ਟਿਕਾਣਾ ਭਾਈ ਜਗਤੇ ਜੀ ਦੇ ਹਵਾਲੇ ਕੀਤਾ ਤਾਂ ਵਾਕਿਆ ਹੀ ਉਹ ਟਿਕਾਣਾ ਦਾਨ ਦਾ ਟਿਕਾਣਾ ਬਣ ਗਿਆ। ਕਿਤੇ ਚੋਰ ਵੀ ਰਾਤ ਨੂੰ ਆ ਜਾਂਦੇ, ਭੁੱਖਿਆਂ ਨੂੰ ਰੋਟੀ ਚਾਹੀਦੀ ਹੈ ਤਾਂ ਭਾਈ ਜਗਤਾ ਜੀ ਉਹਨਾਂ ਨੂੰ ਪੇਟ ਭਰ ਕੇ ਲੰਗਰ ਛਕਾ ਦਿੰਦੇ।

ਇਕ ਅਜਿਹਾ ਲੋੜਵੰਦ ਖੱਤਰੀ ਆਇਆ ਜਿਸਨੇ ਕਿਹਾ, ਮੇਰੇ ਘਰ ਦੇ ਛੱਤ ਦੀ ਥੰਮ੍ਹੀ ਟੁੱਟ ਗਈ ਹੈ। ਹੋ ਸਕਦਾ ਹੈ ਉਹ ਇਕ ਦੋ ਦਿਨ ਤੋਂ ਬਾਅਦ ਜ਼ਮੀਨ 'ਤੇ ਆ ਡਿੱਗੇ। ਸੜਕ 'ਤੇ ਰਹਿਣਾ ਔਖਾ ਹੋ ਜਾਏਗਾ। ਉਸ ਵਿਚ ਦੋ ਗਊਆਂ ਵੀ ਰਹਿੰਦੀਆਂ ਹਨ, ਅਸੀਂ ਵੀ ਰਹਿੰਦੇ ਹਾਂ। ਹੋ ਸਕੇ ਤਾਂ ਇਕ ਥੰਮ੍ਹੀ ਤੁਸੀਂ ਡੇਰੇ ਤੋਂ ਸਾਨੂੰ ਦਿਉ। ਭਾਈ ਜਗਤਾ ਜੀ ਦੇ ਡੇਰੇ ਵਿਚ ਤਾਂ ਕੋਈ ਥੰਮ੍ਹੀ ਪਈ ਨਹੀਂ ਸੀ, ਪਰ ਕਮਾਲ ਦੀ ਗੱਲ ਕਿ ਡੇਰੇ ਵਿਚ ਬਣੀ ਹੋਈ ਇਕ ਛੱਪੜੀ ਦੀ ਥੰਮ੍ਹੀ ਉਖਾੜ ਕੇ ਆਪ ਉਸ ਖੱਤਰੀ ਦੇ ਹਵਾਲੇ ਕਰਦੇ ਹਨ। ਕਹਿੰਦੇ ਹਨ, ਇਥੋਂ ਦੀ ਥੰਮ੍ਹੀ ਆਪੇ ਆ ਜਾਏਗੀ ਕਿਸੇ ਹੋਰ ਪਾਸੋਂ, ਜਾ ਤੂੰ ਆਪਣੀ ਛੱਪੜੀ ਸੰਭਾਲ।

*ਅਪਨਾ ਬਿਗਾਰਿ ਬਿਰਾਂਨਾ ਸਾਂਢੈ॥*

(ਅੰਗ ੮੭੫)

ਇਹ ਵੀ ਇਕ ਦਾਨੀ ਵਿਚ, ਸਾਧੂਆਂ ਵਿਚ ਬਿਰਤੀ ਹੁੰਦੀ ਹੈ ਕਿ ਆਪਣਾ ਨੁਕਸਾਨ

ਕਰਕੇ ਵੀ ਕਿਸੇ ਦਾ ਨਫ਼ਾ ਕਰਨਾ। ਚੋਟ ਸਹਾਰ ਕੇ ਕਿਸੇ ਦੀ ਮਲ੍ਹਮ ਪੱਟੀ ਕਰਨੀ। ਖ਼ੁੱਦ ਆਪਣੀਆਂ ਅੱਖਾਂ ਭਰ ਲੈਣੀਆਂ ਤੇ ਕਿਸੇ ਨੂੰ ਹਸਾਉਣਾ, ਇਹ ਵਿਰਲੇ ਹੀ ਮਨੁੱਖਾਂ ਦੇ ਹਿੱਸੇ ਵਿਚ ਆਉਂਦਾ ਹੈ ਅਤੇ ਉਹਨਾਂ ਵਿਚ ਸਨ ਭਾਈ ਜਗਤਾ ਜੀ।

ਜਦੋਂ ਵੀ ਸੇਵਾ ਪੰਥੀਆਂ ਦਾ ਜ਼ਿਕਰ ਆਵੇ, ਭਾਈ ਜਗਤਾ ਜੀ ਸਿਰਮੌਰ ਹਨ, ਮਹਾਨ ਹਨ। ਇਹਨਾਂ ਦੀ ਪ੍ਰਮਾਤਮਾ ਵਿਚ ਉਦਾਰਤਾ ਈਸ਼ਵਰ ਵਰਗੀ ਹੈ। ਜਿਨ੍ਹਾਂ ਦਿਨਾਂ ਵਿਚ ਨੂਰਪੁਰ ਥੱਲ ਵਿਚ ਆਪ ਗੁਰਮਤਿ ਦਾ ਨੂਰ ਬਣ ਕੇ ਚਮਕੇ ਹੋਏ ਸਨ, ਉਹਨਾਂ ਦਿਨਾਂ ਵਿਚ ਰਾਜ ਪਾਟ ਮਹਾਰਾਜਾ ਰਣਜੀਤ ਸਿੰਘ ਦਾ ਸੀ। ਪਰ ਆਲੇ ਦੁਆਲੇ ਦੇ ਕਸਬੇ ਤੇ ਨੂਰਪੁਰ ਇਹ ਅਜੇ ਮਹਾਰਾਜਾ ਰਣਜੀਤ ਸਿੰਘ ਨੇ ਫਤਹਿ ਨਹੀਂ ਕੀਤਾ ਸੀ। ਆਲੇ ਦੁਆਲੇ ਦੇ ਛੋਟੇ ਛੋਟੇ ਟਿਕਾਣੇ ਸਨ, ਜਿਨ੍ਹਾਂ ਵਿਚ ਥੋੜੇ ਥੋੜੇ ਲੋਕ ਵੱਸਦੇ ਸਨ। ਇਕ ਦਿਨ ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੀ ਫ਼ੌਜ ਨੂੰ ਆਉਂਦਿਆਂ ਦੇਖਦੇ ਇਹਨਾਂ ਸਾਰਿਆਂ ਨੇ ਭਾਈ ਜਗਤਾ ਜੀ ਨੂੰ ਫ਼ਰਿਆਦ ਕੀਤੀ। ਭਾਈ ਸਾਹਿਬ ! ਮੇਹਰ ਕਰੋ, ਬਖ਼ਸ਼ਿਸ਼ ਕਰੋ, ਮਹਾਰਾਜਾ ਸਾਹਿਬ ਨੂੰ ਤੁਸੀਂ ਸਮਝਾਉ ਕਿ ਸਾਡੇ ਪਿੰਡ ਨੂਰਪੁਰ ਨੂੰ ਕਬਜ਼ੇ ਵਿਚ ਨਾ ਲੈਣ। ਵਾਕਿਆ ਹੀ ਭਾਈ ਜਗਤੇ ਜੀ ਦੇ ਕਹਿਣ ਦਾ ਅਸਰ ਹੋਇਆ। ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫ਼ੌਜਾਂ ਮੋੜ ਕੇ ਲੈ ਗਏ। ਭਾਈ ਜਗਤੇ ਜੀ ਦਾ ਆਦਰ ਸਨਮਾਨ ਕੀਤਾ। ਇਹਨਾਂ ਦੇ ਮੁਖੀਆਂ ਨੇ ਕਿਹਾ ਕਿ ਇਹ ਛੋਟੇ-ਛੋਟੇ ਕਸਬੇ, ਇਹ ਛੋਟਾ ਜਿਹਾ ਸ਼ਹਿਰ ਇਹਨਾਂ ਨੂੰ ਕਿਉਂ ਨਹੀਂ ਕਾਬੂ ਕਰਦੇ, ਆਪ ਮੁੜ ਚੱਲੇ ਹੋ ? ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਇਥੇ ਇਕ ਉਹ ਪੁਰਸ਼ ਰਹਿੰਦਾ ਹੈ ਜਿਸਨੇ ਰੱਬ ਨੂੰ ਵੀ ਕਾਬੂ ਕੀਤਾ ਹੋਇਆ ਹੈ, ਅਸੀਂ ਉਸਨੂੰ ਕੀ ਕਾਬੂ ਕਰੀਏ। ਨਹੀਂ, ਇਹ ਭਾਈ ਜਗਤੇ ਜੀ ਦੇ ਅੰਡਰ ਹੀ ਰਹਿਣ ਦਿਉ। ਭਾਈ ਜਗਤਾ ਜੀ ਤੋਂ ਬਾਅਦ ਇਹ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਾਟ ਵਿਚ ਆਇਆ।

ਇਕ ਦਿਨ ਇਕ ਨੌਜਵਾਨ ਘੋੜੇ 'ਤੇ ਅਸਵਾਰ ਚੜ੍ਹਿਆ, ਬੜੇ ਸੁੰਦਰ ਕੱਪੜੇ ਪਹਿਨੇ ਆਇਆ ਤੇ ਭਾਈ ਜਗਤਾ ਜੀ ਨੂੰ ਕਹਿਣ ਲੱਗਾ ਕਿ ਮੈਨੂੰ ਰੱਸਾ ਚਾਹੀਦਾ ਹੈ। ਪਤਾ ਚੱਲਿਆ ਹੈ ਕਿ ਤੁਹਾਡੇ ਡੇਰੇ ਵਿਚੋਂ ਮਿਲਦੇ ਹਨ। ਭਾਈ ਜੀ ਨੇ ਅੰਦਰੋਂ ਕੱਢ ਕੇ ਵੱਟਿਆ ਹੋਇਆ ਰੱਸਾ ਉਸ ਅਸਵਾਰ ਦੇ ਹਵਾਲੇ ਕੀਤਾ। ਉਹ ਨਮਸਕਾਰ ਕਰਕੇ ਚੱਲ ਪਿਆ। ਉਥੋਂ ਦਾ ਇਕ ਸੇਵਕ ਭਾਈ ਜਗਤੇ ਜੀ ਨੂੰ ਕਹਿਣ ਲੱਗਾ ਕਿ ਉਸਨੇ ਬੜੀ ਸੁੰਦਰ ਪੁਸ਼ਾਕ ਪਹਿਨੀ ਹੋਈ ਸੀ ਅਤੇ ਅਮੀਰ ਘਰਾਣੇ ਦਾ ਲੱਗਦਾ ਸੀ ਤੇ ਤੁਸੀਂ ਉਸਨੂੰ ਰੱਸਾ ਦੇ ਦਿੱਤਾ ਅਤੇ ਉਹ ਵੀ ਦਾਨ ਵਿਚ, ਪਰ ਬਦਲੇ ਵਿਚ ਕੁਝ ਦੇ ਕੇ ਵੀ ਨਹੀਂ ਗਿਆ। ਭਾਈ ਜਗਤਾ ਜੀ ਕਹਿੰਦੇ ਹਨ ਕਿ ਕੋਈ ਲੋੜਵੰਦ ਫੱਟੇ ਹੋਏ ਕੱਪੜਿਆਂ ਵਿਚ ਹੁੰਦਾ ਹੈ ਅਤੇ ਕੋਈ ਲੋੜਵੰਦ ਰੇਸ਼ਮੀ ਕੱਪੜਿਆ ਵਿਚ ਹੁੰਦਾ ਹੈ। ਕੋਈ ਲੋੜਵੰਦ ਜ਼ਮੀਨ 'ਤੇ ਚੱਲ ਕੇ ਆ ਕੇ ਮੰਗਦਾ ਹੈ, ਕੋਈ ਲੋੜਵੰਦ ਘੋੜੇ 'ਤੇ ਅਸਵਾਰ ਹੋ ਕੇ ਮੰਗਦਾ ਹੈ। ਮੰਗਣਾ ਇਕੋ ਹੀ ਹੈ। ਕੋਈ ਗ਼ਰੀਬ ਮੰਗਤਾ ਆਇਆ ਹੈ, ਕੋਈ ਅਮੀਰ ਮੰਗਤਾ ਆਇਆ ਹੈ। ਲੋੜਵੰਦ ਆਖ਼ਿਰ ਲੋੜਵੰਦ ਹੈ। ਅਸੀਂ

ਇਕ ਲੋੜਵੰਦ ਦੀ ਲੋੜ ਪੂਰੀ ਕਰ ਦਿੱਤੀ ਹੈ। ਹੋ ਸਕਦਾ ਹੈ ਉਸ ਕੋਲ ਪੈਸੇ ਨਾ ਹੋਣ। ਜੇਕਰ ਪੈਸੇ ਹੁੰਦੇ ਤਾਂ ਸ਼ਾਇਦ ਉਹ ਬਾਜ਼ਾਰ ਤੋਂ ਰੱਸਾ ਲੈ ਲੈਂਦਾ। ਜਿਸ ਕੋਲ ਪੈਸੇ ਨਹੀਂ ਹਨ ਤੇ ਉਸਨੂੰ ਲੋੜ ਪੈ ਗਈ ਹੈ ਤਾਂ ਲੋੜਵੰਦ ਦੀ ਪੂਰਤੀ ਕਰਨਾ ਸਾਡਾ ਧਰਮ ਹੈ। ਇਸ ਤਰ੍ਹਾਂ ਦੇ ਸਨ ਖੁੱਲ੍ਹਦਿਲੀ ਦੇ ਮਾਲਕ ਭਾਈ ਜਗਤਾ ਜੀ, ਇਸ ਤਰ੍ਹਾਂ ਦੀ ਸੇਵਾ ਸਿਮਰਨ ਦੀ ਮੂਰਤੀ ਸਨ ਭਾਈ ਜਗਤਾ ਜੀ। ਇਸ ਤਰ੍ਹਾਂ ਦੇ ਸਨ ਨੂਰਪੁਰ ਥੱਲ ਦੇ ਮਹਾਨ ਨੂਰ ਭਾਈ ਜਗਤਾ ਜੀ। ਸੇਵਾ ਪੰਥੀਆਂ ਦੇ ਇਤਿਹਾਸ ਵਿਚ ਇਹ ਨੂਰ ਬਣ ਕੇ ਚਮਕ ਰਹੇ ਹਨ। ਇਹ ਰੌਸ਼ਨੀ ਦਾ ਮੀਨਾਰ ਹਨ। ਸੇਵਾ ਕਿਵੇਂ ਕਰਨੀ ਚਾਹੀਦੀ ਹੈ, ਦਾਨ ਕਿਸ ਨੂੰ ਦੇਣਾ ਹੈ, ਭਜਨ ਕਿਵੇਂ ਕਰਨਾ ਹੈ, ਇਹ ਸਮੂੰਹ ਸੇਵਾ ਪੰਥੀਆਂ ਨੂੰ ਭਾਈ ਜਗਤਾ ਜੀ ਦੀ ਰਹਿਤ ਬਹਿਤ ਤੋਂ, ਕਰਨੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਬਾਬਾ ਫ਼ਰੀਦ ਕਹਿੰਦੇ ਹਨ–

*ਮਤਿ ਹੋਦੀ ਹੋਇ ਇਆਣਾ॥*
*ਤਾਣ ਹੋਦੇ ਹੋਇ ਨਿਤਾਣਾ॥*
*ਅਣਹੋਦੇ ਆਪੁ ਵੰਡਾਏ॥*
*ਕੋ ਐਸਾ ਭਗਤੁ ਸਦਾਏ॥*

(ਅੰਗ ੧੩੮੪)

ਖ਼ੁੱਦ ਡੇਰੇ ਨੂੰ ਚਲਾਉਣ ਲਈ ਵੀ ਕੁਝ ਨਾ ਹੋਵੇ ਅਤੇ ਫਿਰ ਵੀ ਮਿਹਨਤ ਕਰਕੇ ਦਾਨ ਦੇਣਾ, ਲੰਗਰ ਲਗਾਉਣੇ, ਇਹ ਕੋਈ ਭਾਈ ਜਗਤਾ ਜੀ ਤੋਂ ਸਿਖੇ। ਕਰੋੜਾਂ ਦੀ ਧਨ-ਸੰਪਦਾ ਹੋ ਕੇ ਵੀ ਸੂਮ ਬਿਰਤੀਆਂ ਵਾਲਾ ਇਹ ਸੇਵਾ ਪੰਥੀਆਂ ਦਾ ਰੂਪ ਨਹੀਂ ਹੈ। ਸੇਵਾ ਪੰਥੀਆਂ ਦਾ ਰੂਪ, ਜੇਬ ਖ਼ਾਲੀ ਹੈ, ਫਿਰ ਵੀ ਕਿਸੇ ਦੀ ਜੇਬ ਭਰ ਸਕਦੇ ਹਨ। ਡੇਰੇ ਵਿਚ ਕੁਝ ਨਹੀਂ ਹੈ ਫਿਰ ਵੀ ਕਿਸੇ ਦਾ ਘਰ ਚਲਾ ਸਕਦੇ ਹਨ। ਅਜੇ ਆਪਣੀਆਂ ਵੀ ਲੋੜਾਂ ਨਹੀਂ ਪੂਰੀਆਂ ਹੋਈਆਂ, ਫਿਰ ਵੀ ਕਿਸੇ ਦੀ ਲੋੜ ਪੂਰੀ ਕਰ ਸਕਦੇ ਹਨ। ਇਹ ਮਹਾਨ ਗੁਰਮਤਿ ਦੀ ਛਾਪ ਹਨ ਸੇਵਾ ਪੰਥੀਆਂ ਦੇ ਇਤਿਹਾਸ ਵਿਚ ਭਾਈ ਜਗਤਾ ਜੀ। ਭਗਤ ਰੱਜਬ ਜੀ ਦਾ ਕਹਿਣਾ ਬੜਾ ਸੁੰਦਰ ਹੈ–

*ਨਦੀ ਸੰਤ ਅਰਿ ਮੇਘਲਾ ਚਲੇ ਭੁਇਅੰਗਮ ਚਾਲ।*
*ਰਜਬ ਜਿਹ ਜਿਹ ਪਗ ਧਰੇ ਤਿਹ ਤਿਹ ਕਰਤ ਨਿਹਾਲ।*

ਨਦੀ ਦੀ ਚਾਲ ਦੀ ਤਰ੍ਹਾਂ ਸੰਤ ਚੱਲਦਾ ਹੈ। ਸੱਜੇ-ਖੱਬੇ, ਸੱਜੇ-ਖੱਬੇ ਤਾਂ ਕਿ ਹਰ ਪਾਸੇ ਦੇ ਲੋਕ ਸੈਰਾਬ ਹੋ ਸਕਣ, ਹਰ ਪਾਸੇ ਦੀ ਧਰਤੀ ਸਰਸਬਜ਼ ਹੋ ਸਕੇ।

ਇਸ ਧਾਰਾ ਵਿਚ, ਇਸ ਵੱਗਦੇ ਹੋਏ ਝਰਨੇ ਵਿਚ ਹੁਣ ਆ ਕੇ ਜਿਹੜਾ ਝਰਨਾ ਜੁੜਿਆ, ਇਸ ਦਾ ਨਾਮ ਸੀ ਭਾਈ ਬੁੱਧੂ ਸਾਹਿਬ ਜੀ ਸੇਵਾ ਪੰਥੀ। ਸੇਵਾ ਪੰਥੀਆਂ ਦੇ ਇਤਿਹਾਸ ਵਿਚ ਇਹ ਵੀ ਸਿਰਲੇਖ ਵਰਗੇ ਹਨ। ਇਹ ਸੁਭਾਅ ਕਰਕੇ ਵੀ ਸੇਵਾ ਦੀ ਮੂਰਤੀ

ਸਨ। ਭਾਈ ਬੁੱਧੂ ਜੀ ਦਾ ਜਨਮ ਜ਼ਿਲ੍ਹਾ ਝੰਗ ਦੇ ਪਿੰਡ ਟਾਲੀ ਵਿਚ ਸੰਮਤ 1850 ਨੂੰ ਹੋਇਆ। ਉਪਰਾਮਤਾ, ਉਦਾਸੀਨ ਸਹਿਣਸ਼ੀਲਤਾ, ਪਰਉਪਕਾਰੀ, ਦਾਨੀ ਬਿਰਤੀ ਸੁਭਾਅ ਜਨਮ ਤੋਂ ਹੀ ਸੀ। ਪਰ ਗੁਰਮਤਿ ਦੀ ਧਾਰਾ ਵੱਗਦੇ ਹੋਏ ਝਰਨੇ ਜੋ ਦਰਿਆ ਬਣ ਚੁੱਕੇ ਸਨ, ਉਹਨਾਂ ਦੀ ਸੰਗਤ ਨਸੀਬ ਹੋ ਗਈ। ਛਾਪ ਲੱਗ ਗਈ ਇਹਨਾਂ 'ਤੇ ਵੀ ਭਾਈ ਜਗਤੇ ਜੀ ਦੀ, ਭਾਈ ਸੇਵਾ ਰਾਮ ਜੀ ਦੀ, ਭਾਈ ਆਇਆ ਰਾਮ ਜੀ ਦੀ ਅਤੇ ਭਾਈ ਅੱਡਣ ਸਾਹਿਬ ਜੀ ਦੀ। ਪਰਉਪਕਾਰ ਦੀ ਮੂਰਤੀ ਇਹ ਇੰਨੀ ਸੇਵਾ ਵਿਚ ਲੀਨ ਰਹਿੰਦੇ ਕਿ ਆਪ ਧੁੱਪ ਵਿਚ ਖੜੇ ਹੋ ਕੇ ਰੋਟੀਆਂ ਤੰਦੂਰ 'ਤੇ ਲਗਾਉਂਦੇ ਅਤੇ ਛਾਂ ਵਿਚ ਬੈਠ ਕੇ ਪ੍ਰਸ਼ਾਦਾ ਛੱਕਣ ਵਾਲੇ ਪ੍ਰਸ਼ਾਦਾ ਛੱਕਦੇ। ਕਦੀ ਕਦਾਈਂ ਕੋਈ ਨੇੜੇ-ਤੇੜੇ ਦੀ ਮਾਤਾ, ਕੋਈ ਲੋੜਵੰਦ ਗੁੰਨ੍ਹਿਆ ਹੋਇਆ ਆਟਾ ਲੈ ਆਉਂਦਾ ਤੇ ਕਹਿੰਦਾ ਕਿ ਭਾਈ ਜੀ ! ਦੋ ਰੋਟੀਆਂ ਸਾਨੂੰ ਵੀ ਲਾਹ ਦਿਉ।

ਮੰਨ ਲਉ ਕਿਸੇ ਪਿੰਡ ਵਿਚ ਇਕ ਘਰ ਵਿਚ ਤੰਦੂਰ ਬੱਲਦਾ ਸੀ ਤਾਂ ਸਾਰੀਆਂ ਬੀਬੀਆਂ ਰੋਟੀਆਂ ਪਕਾਉਣ ਲਈ ਇਥੇ ਹੀ ਆ ਜਾਂਦੀਆਂ ਸਨ। ਨਾਲ ਆਪਣਾ ਬਾਲਣ ਲਿਆਉਣਾ, ਤੰਦੂਰ ਵਿਚ ਬਾਲਣ ਪਾਉਣਾ ਅਤੇ ਰੋਟੀਆਂ ਲਾਹ ਕੇ ਲੈ ਜਾਣੀਆਂ। ਕਿਸੇ ਨੇ ਦੋ-ਚਾਰ ਹੀ ਰੋਟੀਆਂ ਪਕਾਉਣੀਆਂ ਹੁੰਦੀਆਂ ਸਨ, ਕਈ ਬਾਲਣ ਵੀ ਨਹੀਂ ਲਿਆਉਂਦੀਆਂ ਸਨ। ਇਹ ਪੱਛਮੀ ਪੰਜਾਬ ਅਤੇ ਫ਼ਰੰਟੀਅਰ ਦਾ ਆਮ ਰਿਵਾਜ ਸੀ। ਲੋੜਵੰਦ ਜੋ ਆਪਣੇ ਘਰ ਵਿਚ ਬਾਲਣ ਲਿਆਉਣ ਵਿਚ ਸਮਰੱਥਾ ਨਹੀਂ ਰੱਖਦੇ ਸਨ, ਆਪਣੇ ਘਰ ਵਿਚ ਤੰਦੂਰ ਜਲਾਉਣ ਵਿਚ ਸਮਰੱਥਾ ਨਹੀਂ ਰੱਖਦੇ ਸਨ, ਕਿਉਂਕਿ ਮਾਰਥੂਲ ਰੇਤਲਾ ਇਲਾਕਾ, ਲੱਕੜ-ਬਾਲਣ ਲੱਭਣਾ ਬਹੁਤ ਔਖਾ ਸੀ। ਇਸੇ ਤਰ੍ਹਾਂ ਜਦੋਂ ਕਈ ਗੁੰਨ੍ਹਿਆ ਹੋਇਆ ਆਟਾ ਭਾਈ ਜੀ ਕੋਲ ਲਿਆਉਂਦੇ ਤਾਂ ਕਹਿੰਦੇ, ਭਾਈ ਬੁੱਧੂ ਜੀ ! ਸਾਨੂੰ ਵੀ ਦੋ ਰੋਟੀਆਂ ਪਕਾ ਦਿਉ। ਬੜੀ ਪ੍ਰਸੰਨਤਾ ਤੇ ਸੇਵਾ ਭਾਵ ਨਾਲ, ਬੜੀ ਲਗਨ ਨਾਲ ਰੋਟੀਆਂ ਲਗਾ ਕੇ ਉਹਨਾਂ ਨੂੰ ਦੇ ਦਿੰਦੇ।

ਅੱਜ ਇਕ ਸਿਪਾਹੀ ਆ ਗਿਆ ਤੇ ਸਿਪਾਹੀ ਹੋਣ ਦਾ ਉਸਨੂੰ ਹੰਕਾਰ ਸੀ। ਲੋੜਵੰਦ ਦੀ ਤਰ੍ਹਾਂ ਨਹੀਂ, ਇਕ ਹੰਕਾਰੀ ਦੀ ਤਰ੍ਹਾਂ ਉਸਨੇ ਆ ਕੇ ਕਿਹਾ ਭਾਈ ਜੀ ! ਦੋ ਰੋਟੀਆਂ ਸਾਨੂੰ ਵੀ ਲਾਹ ਦਿਉ। ਗੁੰਨ੍ਹਿਆ ਹੋਇਆ ਆਟਾ ਉਸਨੇ ਦਿੱਤਾ। ਵਰਦੀ ਪਹਿਨੀ ਹੋਈ ਸਿਪਾਹੀ ਦੀ। ਜੋ ਆਟਾ ਉਸ ਸਿਪਾਹੀ ਨੇ ਦਿੱਤਾ, ਉਸ ਦੀਆਂ ਚਾਰ ਰੋਟੀਆਂ ਬਣਨੀਆਂ ਸਨ। ਰੱਬੀ ਖੇਡ, ਤਿੰਨ ਰੋਟੀਆਂ ਠੀਕ ਨਿਕਲ ਆਈਆਂ ਤੇ ਚੌਥੀ ਥੋੜ੍ਹੀ ਜਿਹੀ ਸੜੀ ਹੋਈ ਨਿਕਲ ਆਈ। ਸੜੀ ਹੋਈ ਰੋਟੀ ਨੂੰ ਦੇਖਕੇ ਸਿਪਾਹੀ ਪੂਰਾ ਸੜ ਗਿਆ। ਇਸ ਸੜੇ ਹੋਏ ਨੇ ਖਿੱਚ ਕੇ ਚਪੇੜ ਮਾਰ ਦਿੱਤੀ ਭਾਈ ਬੁੱਧੂ ਸਾਹਿਬ ਨੂੰ। ਪਰ ਨਿਰਮਾਣਤਾ ਦੀ ਮੂਰਤੀ, ਸਬਰ-ਸਿਦਕ ਦੇ ਮਾਲਕ ਭਾਈ ਬੁੱਧੂ ਜੀ। ਅਜਿਹੀਆਂ ਘਟਨਾਵਾਂ ਹੀ ਦਰਅਸਲ ਕਿਸੇ ਪੂਰਨ ਪੁਰਖ ਨੂੰ ਪ੍ਰਖਣ ਦੀਆਂ ਕਸੌਟੀਆਂ ਹੋਇਆ ਕਰਦੀਆਂ ਹਨ। ਹੱਥ ਜੋੜ ਕੇ ਸਿਪਾਹੀ ਨੂੰ ਕਹਿਣ ਲੱਗੇ, ਭੁੱਲ ਹੋ ਗਈ ਹੈ, ਅੱਗੋਂ ਤੋਂ ਤੁਸੀਂ ਜਦੋਂ ਲਿਆਉਗੇ ਕੋਸ਼ਿਸ਼ ਕਰਾਂਗੇ ਰੋਟੀਆਂ ਠੀਕ ਢੰਗ ਨਾਲ

ਬਣਨ। ਭਾਈ ਬੁੱਧੂ ਜੀ ਨੂੰ ਹੱਥ ਜੋੜੇ ਖੜੇ ਦੇਖਕੇ ਬੜਾ ਸ਼ਰਮਸਾਰ ਹੋਇਆ ਇਹ ਸਿਪਾਹੀ। ਚਰਨੀਂ ਡਿੱਗ ਪਿਆ ਤੇ ਕਹਿਣ ਲੱਗਾ, ਇਹ ਰੋਟੀ ਨਹੀਂ ਸੜੀ ਭਾਈ ਸਾਹਿਬ, ਮੇਰਾ ਦਿਲ ਸੜਿਆ ਹੈ, ਮੇਰੇ ਕੋਲੋਂ ਭੁੱਲ ਹੋ ਗਈ ਹੈ। ਭਾਈ ਬੁੱਧੂ ਸਾਹਿਬ ਕਹਿਣ ਲੱਗੇ, ਤੁਸੀਂ ਇਸ ਸੜਦੇ ਹੋਏ ਦਿਲ ਨੂੰ ਸ਼ਾਂਤ ਕਰਨਾ ਹੈ ਤਾਂ ਜਾਉ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਮੱਥਾ ਟੇਕ ਲਉ, ਜਪੁ ਜੀ ਸਾਹਿਬ ਦਾ ਪਾਠ ਕਰ ਲਉ, ਹਿਰਦਾ ਸ਼ਾਂਤ ਹੋ ਜਾਏਗਾ। ਮੱਥਾ ਟੇਕਿਆ, ਜਪੁ ਜੀ ਸਾਹਿਬ ਦਾ ਪਾਠ ਸੁਣਿਆ, ਫਿਰ ਇਹ ਸਿਪਾਹੀ ਸੇਵਾ-ਸਿਮਰਨ ਦੀ ਮੂਰਤੀ ਹੋ ਗਿਆ। ਇਸ ਸਿਪਾਹੀ 'ਤੇ ਵੀ ਰੱਬੀ ਰੰਗਤ ਚੜ੍ਹ ਗਈ।

ਇਕ ਦਿਨ ਮਹਾਰਾਜਾ ਰਣਜੀਤ ਸਿੰਘ ਆਪ ਦੀ ਮਹਿਮਾ ਸੁਣ ਕੇ ਆਪ ਜੀ ਦੇ ਦੀਦਾਰ ਲਈ ਆਏ। ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਬੈਠ ਗਏ। ਸੇਵਾਦਾਰਾਂ ਨੂੰ ਪੁੱਛਿਆ ਕਿ ਭਾਈ ਬੁੱਧੂ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ। ਭਾਈ ਬੁੱਧੂ ਸਾਹਿਬ ਤੰਦੂਰ 'ਤੇ ਰੋਟੀਆਂ ਪਕਾ ਰਹੇ ਸਨ। ਭਾਵੇਂ ਦੂਰੋਂ ਮਹਾਰਾਜਾ ਰਣਜੀਤ ਸਿੰਘ ਨੇ ਦੇਖਿਆ ਪਰ ਉਹ ਯਕੀਨ ਨਾ ਕਰ ਸਕੇ। ਇਹਨਾਂ ਵਿੰਗੀ ਟੇਢੀ ਪੱਗ ਬੰਨ੍ਹੀ ਹੋਈ ਅਤੇ ਇਕ ਫੱਟਾ ਹੋਇਆ ਕੁੜਤਾ ਪਾਇਆ ਹੋਇਆ ਸੀ। ਇਹ ਜੋ ਰੋਟੀਆਂ ਪਕਾ ਰਹੇ ਹਨ, ਇਹ ਭਾਈ ਬੁੱਧੂ ਸਾਹਿਬ ਹਨ ? ਸੇਵਾਦਾਰ ਭਾਈ ਬੁੱਧੂ ਸਾਹਿਬ ਨੂੰ ਕਹਿਣ ਲੱਗੇ, ਵਕਤ ਦੇ ਹੁਕਮਰਾਨ ਆਏ ਹਨ, ਬੈਠੇ ਹਨ, ਆਪ ਦੀ ਉਡੀਕ ਕਰ ਰਹੇ ਹਨ। ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਸਾਰਿਆਂ ਦੇ ਕਹਿਣ 'ਤੇ ਬੁੱਧੂ ਸਾਹਿਬ ਅੰਦਰ ਆਏ, ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਸਤਿਗੁਰਾਂ ਦੀ ਤਾਬਿਆ ਵਿਚ ਬੈਠ ਗਏ। ਮਹਾਰਾਜਾ ਰਣਜੀਤ ਸਿੰਘ ਨੇ ਸੁਭਾਵਿਕ ਪੁੱਛ ਲਿਆ, ਭਾਈ ਬੁੱਧੂ ਸਾਹਿਬ ਕਿੱਥੇ ਹਨ ? ਹੱਥ ਜੋੜ ਕੇ ਭਾਈ ਬੁੱਧੂ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, ਮਹਾਰਾਜ ! ਇਹ ਹਨ। ਸਾਹਿਬ ਇਹ ਹਨ ਤੇ ਬੁੱਧੂ ਮੈਂ ਹਾਂ। ਅੱਖਾਂ ਭਰ ਆਈਆਂ ਮਹਾਰਾਜੇ ਦੀਆਂ। ਨਿਰਮਾਣਤਾ ਦੀ ਮੂਰਤੀ, ਵਿਨਿਮਰਤਾ ਦੀ ਮੂਰਤੀ, ਮਹਾਨ ਗਿਆਨ ਦੇ ਸਾਗਰ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਬੁੱਧੂ ਕਹਿਲਾ ਰਹੇ ਹਨ। ਇਹਨਾਂ ਦੀ ਰਹਿਣੀ ਬਹਿਣੀ ਜੀਵਨ ਵਿਚ ਪ੍ਰਕਾਸ਼ ਪੈਦਾ ਕਰਦੀ ਹੈ, ਪ੍ਰਭਾਵ ਪੈਦਾ ਕਰਦੀ ਹੈ।

ਸੇਵਾ ਪੰਥੀਆਂ ਦੀ ਇਸ ਚੱਲਦੀ ਹੋਈ ਧਾਰਾ ਨੂੰ ਹੋਰ ਵੀ ਵਾਧਾ ਬਖ਼ਸ਼ਿਆ ਭਾਈ ਸੇਵਾ ਰਾਮ ਜੀ ਸੇਵਾ ਪੰਥੀ ਨੇ। ਨੂਰਪੁਰ ਥੱਲ ਵਿਚ ਰਹਿ ਕੇ ਆਪ ਸੇਵਾ ਸਿਮਰਨ ਤਾਂ ਕਰਦੇ ਰਹੇ, ਪਰ ਇਕ ਇਕ ਵਾੜੇ ਵਿਚ ਜਾ ਕੇ ਆਪ ਨੇ ਰਾਹਗੀਰਾਂ ਦੇ ਸੁੱਖ, ਆਰਾਮ ਅਤੇ ਲੰਗਰ ਲਈ ਇਕ ਧਰਮਸ਼ਾਲਾ ਵੀ ਬਣਾਈ। ਮਿੱਠੇ ਟਿਵਾਣੇ ਦੀ ਧਰਮਸ਼ਾਲਾ ਦੇ ਬਾਨੀ ਭਾਈ ਸੇਵਾ ਰਾਮ ਸੇਵਾ ਪੰਥੀ ਸਨ। ਰਾਤ ਦਿਨ ਭਜਨ ਕਰਨਾ ਅਤੇ ਦੂਜਿਆਂ ਨੂੰ ਭਜਨ ਦੀ ਪ੍ਰੇਰਨਾ ਦਿੰਦੇ ਸਨ। ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਗਾਇਨ ਕਰਨੀ ਅਤੇ ਦੂਜਿਆਂ ਨੂੰ ਸੁਣਾਉਣੀ। ਇਸ ਤਰ੍ਹਾਂ ਸੇਵਾ ਪੰਥੀਆਂ ਨੇ ਲੋਕਾਂ ਦੇ ਹਿਰਦਿਆਂ ਨੂੰ ਖ਼ੁਸ਼ਹਾਲ ਕਰ ਦਿੱਤਾ ਆਪਣੀ ਸੇਵਾ ਦੀ

ਬਰਕਤ ਨਾਲ, ਆਪਣੇ ਸਿਮਰਨ ਦੀ ਬਰਕਤ ਨਾਲ। ਗੁਰਮਤਿ ਦਾ ਗੁਲਸਤਾਨ ਉਸ ਇਲਾਕੇ ਵਿਚ ਪੈਦਾ ਕੀਤਾ, ਜਿਸ ਦੀ ਵੱਡੀ ਸ਼ਾਖ਼ ਅੱਜ ਵੰਡੇ ਹੋਏ ਭਾਰਤ ਵਿਚ ਅਸੀਂ ਦੇਖ ਸਕਦੇ ਹਾਂ। ਥਾਂ ਥਾਂ 'ਤੇ ਅੱਜ ਵੀ ਗੁਰਮਤਿ ਦੇ ਮਹਿਕਦੇ ਹੋਏ ਬੂਟੇ, ਫੁੱਲ ਜੋ ਮਿਲਦੇ ਹਨ, ਉਹਨਾਂ ਵਿਚ ਇਹਨਾਂ ਸੇਵਾ ਪੰਥੀਆਂ ਸਾਧੂਆਂ ਦਾ ਬਹੁਤ ਵੱਡਾ ਯੋਗਦਾਨ ਹੈ, ਬਹੁਤ ਵੱਡੀ ਮਿਹਨਤ ਹੈ। ਉਸ ਧਾਰਾ ਨੂੰ ਮਹਾਨ ਬਣਾਉਣ ਵਿਚ ਸੇਵਾ ਪੰਥੀ ਸਾਧੂ ਭਾਈ ਸਾਹਿਬ ਭਾਈ ਸੇਵਾ ਰਾਮ ਜੀ ਦਾ ਆਪਣਾ ਇਕ ਖ਼ਾਸ ਅਸਥਾਨ ਹੈ।

ਉਹਨਾਂ ਤੋਂ ਬਾਅਦ ਮਿੱਠੇ ਟਿਵਾਣੇ ਦੀ ਸੇਵਾ ਮਿਲੀ ਭਾਈ ਪ੍ਰੀਤਮ ਦਾਸ ਜੀ ਸੇਵਾ ਪੰਥੀ ਨੂੰ। ਜਿਸ ਤਰ੍ਹਾਂ ਦਾ ਇਹਨਾਂ ਦਾ ਨਾਮ ਸੀ, ਉਸੇ ਤਰ੍ਹਾਂ ਹੀ ਇਹ ਪ੍ਰਮਾਤਮਾ ਦੇ ਪ੍ਰੇਮ ਵਿਚ ਭਿੱਜੀ ਹੋਈ ਆਤਮਾ ਸੀ ਭਾਈ ਪ੍ਰੀਤਮ ਦਾਸ। ਆਪਣੇ ਆਪ ਵਿਚ ਹਰ ਸਮੇਂ ਪ੍ਰਮਾਤਮਾ ਨਾਲ ਪਿਆਰ ਰੱਖਣਾ ਅਤੇ ਇਸੇ ਪਿਆਰ ਦੀ ਸੌਗਾਤ ਨੂੰ ਦੂਜਿਆਂ ਤੱਕ ਪਹੁੰਚਾਉਣਾ, ਡੇਰੇ ਵਿਚ ਸੇਵਾ ਕਰਕੇ ਲੰਗਰ ਬਣਾਉਣਾ ਅਤੇ ਬਣੇ ਹੋਏ ਲੰਗਰ ਨੂੰ ਲੋੜਵੰਦਾਂ ਵਿਚ ਵੰਡਣਾ, ਰਾਹਗੀਰਾਂ ਵਿਚ ਵੰਡਣਾ ਅਤੇ ਸੇਵਾਦਾਰਾਂ ਵਿਚ ਵੰਡਣਾ ਇਹ ਆਪ ਦਾ ਰੋਜ਼ ਦਾ ਸੁਭਾਉ ਸੀ।

ਇਸ ਚੱਲਦੀ ਹੋਈ ਧਾਰਾ ਵਿਚ ਹੁਣ ਜੋ ਆ ਕੇ ਸ਼ਾਮਿਲ ਹੋਏ ਹਨ ਉਹਨਾਂ ਦਾ ਨਾਮ ਸੀ ਸੰਤ ਭਾਈ ਹਰੀ ਸਿੰਘ ਜੀ ਸੇਵਾ ਪੰਥੀ। ਹੁਣ ਤੱਕ ਜੋ ਸਾਧੂ, ਗੁਰਮਤਿ ਦੀ ਮੂਰਤੀ, ਸੇਵਾ ਸਿਮਰਨ ਕਰਦੇ ਰਹੇ, ਉਹ ਨਾਮ ਸੀ ਰਾਮ ਸ਼ਾਹ ਜੀ। ਭਾਈ ਸਾਹਿਬ ਭਾਈ ਹਰੀ ਸਿੰਘ ਤੋਂ ਇਹ 'ਸਿੰਘ' ਦੀ ਪ੍ਰਥਾ ਚੱਲੀ ਅਤੇ ਆਪ ਨੇ ਕਲਗੀਧਰ ਦਾ ਅੰਮ੍ਰਿਤ ਪਾਨ ਕਰਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਰੂਪ ਨੂੰ ਵੀ ਵੰਡਣਾ ਸ਼ੁਰੂ ਕੀਤਾ। ਸੇਵਾ ਪੰਥੀਆਂ ਨੇ ਗੁਰਮਤਿ ਦਾ ਸੁਭਾਅ ਵੰਡਿਆ ਅਤੇ ਭਾਈ ਹਰੀ ਸਿੰਘ ਜੀ ਤੋਂ ਸਰੂਪ ਦੀ ਦਾਤ ਵੀ ਲੋਕਾਂ ਨੂੰ ਮਿਲਣੀ ਸ਼ੁਰੂ ਹੋ ਗਈ। ਲੋਕੀਂ ਪੂਰਨ ਤੌਰ 'ਤੇ ਸਿੰਘ ਸੱਜ ਕੇ ਗੁਰੂ ਵਾਲੇ ਦਿੱਸਣ ਲੱਗ ਪਏ।

ਭਾਈ ਪ੍ਰੀਤਮ ਦਾਸ ਜੀ ਤੋਂ ਬਾਅਦ ਭਾਈ ਹਰੀ ਸਿੰਘ ਜੀ ਨੇ ਇਸ ਪ੍ਰਚਾਰ ਸੇਵਾ ਨੂੰ ਖ਼ੂਬ ਨਿਭਾਇਆ। ਆਪ ਜੀ ਦਾ ਜਨਮ 5 ਵੈਸਾਖ 1846 ਬਿਕਰਮੀ ਨੂੰ ਭਾਈ ਵਸਤੋ ਸਿੰਘ ਜੀ ਦੇ ਘਰ ਮਾਤਾ ਪਿਆਰੀ ਜੀ ਦੀ ਕੁੱਖੋਂ ਹੋਇਆ। ਜਿਵੇਂ ਆਮ ਕਹਾਵਤ ਹੈ— "ਹੋਣਹਾਰ ਬਿਰਵਾ ਕੇ ਚਿਕਣੇ ਚਿਕਣੇ ਪਾਤ" ਬਚਪਨ ਤੋਂ ਹੀ ਆਪ ਵਿਚ ਹਰੀ ਸਿਮਰਨ ਦੀ ਛਾਪ ਦੇਖੀ ਗਈ। ਆਪ ਇੰਨੇ ਸਮ-ਦ੍ਰਿਸ਼ਟ ਸਨ ਕਿ ਹਰ ਘਟ ਵਿਚ ਪ੍ਰਮਾਤਮਾ ਨੂੰ ਦੇਖਣ ਵਾਲੇ ਸਨ। ਅੰਮ੍ਰਿਤ ਵੇਲੇ ਉੱਠ ਕੇ ਜੀਵਨ ਨੂੰ ਅੰਮ੍ਰਿਤਮਈ ਬਣਾਉਣਾ ਤੇ ਅੰਮ੍ਰਿਤ ਵੇਲੇ ਉੱਠਣ ਦੀ ਹਰ ਇਕ ਨੂੰ ਪ੍ਰੇਰਨਾ ਦੇ ਕੇ ਸਭ ਨੂੰ ਅੰਮ੍ਰਿਤਮਈ ਬਣਾਉਣ ਵਿਚ ਆਪ ਦਾ ਯੋਗਦਾਨ ਸੀ। ਸੇਵਾ ਦੀ ਟਕਸਾਲ ਮਿੱਠਾ ਟਿਵਾਣਾ ਸੀ, ਸਿਮਰਨ ਦੀ ਟਕਸਾਲ ਬਣ ਗਿਆ। ਅੰਮ੍ਰਿਤ ਵੇਲੇ ਰੌਣਕਾਂ ਲੱਗਣ ਲੱਗ ਪਈਆਂ। ਸੇਵਾ ਸਿਮਰਨ ਦੀਆਂ ਝੜੀਆਂ ਲੱਗਣ ਲੱਗ ਪਈਆਂ। ਕੀਰਤਨ ਅਤੇ ਗੁਰਬਾਣੀ ਵਿਚਾਰ ਦੁਆਰਾ ਸਤਿਸੰਗ ਦਾ ਮਾਹੌਲ ਅਤਿਅੰਤ ਰੂਹਾਨੀ ਬਣ

ਜਾਂਦਾ ਸੀ। ਇਸਦੇ ਵਿਚ ਭਾਈ ਸਾਹਿਬ ਭਾਈ ਹਰੀ ਸਿੰਘ ਜੀ ਨੇ ਮਹਾਨ ਯੋਗਦਾਨ ਪਾਇਆ। ਲਿਹਾਜ਼ਾ ਗੁਰਮਤਿ ਇਤਿਹਾਸ ਦੇ, ਸੇਵਾ ਪੰਥੀਆਂ ਦੇ ਇਤਿਹਾਸ ਦੇ ਆਕਾਸ਼ ਦੇ ਇਹ ਵੀ ਮਹਾਨ ਚਮਕਦੇ ਇਕ ਸਿਤਾਰੇ ਹਨ।

ਭਾਈ ਸੇਵਾ ਰਾਮ ਜੀ, ਭਾਈ ਪ੍ਰੀਤਮ ਦਾਸ ਜੀ, ਸੰਤ ਭਾਈ ਹਰੀ ਸਿੰਘ ਜੀ ਤੋਂ ਬਾਅਦ ਇਸ ਧਾਰਾ ਨੂੰ ਹੋਰ ਵੱਡੇ ਰੂਪ ਵਿਚ ਅਗਾਂਹ ਤੋਰਿਆ ਮਿੱਠੇ ਟਿਵਾਣੇ ਦੇ ਮਹਾਨ ਸੰਤ ਬਾਬਾ ਭਗਤ ਸਿੰਘ ਜੀ ਨੇ। ਇਹ ਦਿਨ ਰਾਤ ਸੇਵਾ ਸਿਮਰਨ ਵਿਚ ਜੁੱਟੇ ਰਹਿੰਦੇ ਅਤੇ ਸੰਗਤਾਂ ਨੂੰ ਸੇਵਾ ਸਿਮਰਨ ਦੀ ਦਾਤ ਬਖ਼ਸ਼ਦੇ ਰਹਿੰਦੇ। ਆਪ ਦੀ ਸੇਵਾ ਵਿਚ ਰਹਿੰਦੇ ਸਨ ਜੋ ਬਾਅਦ ਵਿਚ ਮਹਾਨ ਸੰਤ ਕਹਿਲਾਏ—ਸੰਤ ਬਾਬਾ ਜਵਾਹਰ ਸਿੰਘ ਜੀ, ਸੰਤ ਬਾਬਾ ਨਿਹਚਲ ਸਿੰਘ ਜੀ। ਇਹ ਲੰਗਰ ਆਪਣੇ ਹੱਥੀਂ ਵੰਡਦੇ ਸਨ ਅਤੇ ਟਿਕਾਣੇ ਦੀ ਇਮਾਰਤ ਦੀ ਸੇਵਾ ਬਹੁਤ ਸੋਹਣੇ ਢੰਗ ਨਾਲ ਕਰਾ ਕੇ ਮਿੱਠੇ ਟਿਵਾਣੇ ਦਾ ਸਥਾਨ ਧਰਮਸ਼ਾਲਾ ਬੜੇ ਸੋਹਣੇ ਢੰਗ ਵਿਚ ਇਹਨਾਂ ਨੇ ਉਜਾਗਰ ਕੀਤਾ ਜੋ ਦੂਰੋਂ ਹੀ ਗੁਰਮਤਿ ਦੀ ਛਾਪ ਪੇਸ਼ ਕਰਦੀ ਸੀ ਅਤੇ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਾਮ ਨੂੰ ਪ੍ਰਗਟ ਕਰਦੀ ਸੀ।

ਆਮ ਕਰਕੇ ਸੇਵਾ ਪੰਥੀ ਸਾਧੂਆਂ ਦਾ ਸੇਵਾ ਸਿਮਰਨ ਹੀ ਪ੍ਰਧਾਨ ਰਿਹਾ ਹੈ ਅਤੇ ਸੰਤ ਬਾਬਾ ਭਗਤ ਸਿੰਘ ਜੀ ਤਾਂ ਗੁਰਬਾਣੀ ਦੇ ਅਰਥ ਬੋਧ ਦੇ ਵੀ ਗਿਆਤਾ ਸਨ। ਲਿਹਾਜ਼ਾ ਉਹ ਕਥਾ ਕਰਕੇ ਸੰਗਤਾਂ ਨੂੰ ਗੁਰਬਾਣੀ ਦੇ ਵਿਚਾਰ ਸਰਵਨ ਕਰਾਉਂਦੇ ਸਨ। ਇਹ ਇਕ ਵਿਸ਼ੇਸ਼ਤਾ ਸੰਤ ਬਾਬਾ ਭਗਤ ਸਿੰਘ ਜੀ ਤੋਂ ਚੱਲੀ। ਉਸ ਦਿਨ ਤੋਂ ਬਾਅਦ ਸੇਵਾ ਪੰਥੀਆਂ ਦੇ ਟਿਕਾਣੇ ਵਿਚ ਕਥਾ ਦੀ ਮਰਿਆਦਾ ਆਮ ਚੱਲ ਪਈ ਤਾਂ ਕਿ ਲੋਕਾਂ ਨੂੰ ਗੁਰਬਾਣੀ ਦੀ ਸੂਝ-ਸਮਝ ਵੀ ਮਿਲੇ। ਆਖ਼ਿਰ ਆਪ ਦਾ ਸਰੀਰ ਬਿਰਧ ਹੋਇਆ ਅਤੇ ਪੇਟ ਵਿਚ ਹਰਨੀਆਂ ਪੈਦਾ ਹੋ ਗਈਆਂ। ਇਲਾਜ ਲਈ ਸੰਗਤਾਂ ਦੇ ਕਹਿਣ 'ਤੇ ਮੀਆਂਵਾਲੀ ਲਈ ਰਵਾਨਾ ਹੋਏ। ਉਸ ਸਮੇਂ ਇਕ ਸੇਵਕ ਸੰਤ ਜੀ ਨੇ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਸੇਵਾ ਲਈ ਆਪ ਜੀ ਦੇ ਨਾਲ ਹਸਪਤਾਲ ਜਾਣਾ ਚਾਹਾਂਗਾ, ਇਜਾਜ਼ਤ ਬਖ਼ਸ਼ੋ ? ਸੰਤ ਭਗਤ ਸਿੰਘ ਜੀ ਕਹਿਣ ਲੱਗੇ ਨਹੀਂ, ਮੇਰੇ ਨਾਲ ਜਵਾਹਰ ਸਿੰਘ ਜਾ ਰਹੇ ਹਨ, ਉਹ ਸੇਵਾ ਕਰਨਗੇ। ਤੁਸੀਂ ਟਿਵਾਣੇ ਵਿਚ ਡੇਰੇ ਵਿਚ ਲੰਗਰ ਦੀ ਸੇਵਾ ਕਰਨਾ। ਇਸ ਤਰ੍ਹਾਂ ਆਖ਼ਰੀ ਇਹ ਸੰਦੇਸ਼ ਉਪਦੇਸ਼ ਦੇ ਕੇ ਜ਼ਿਲ੍ਹਾ ਮੀਆਂਵਾਲੀ ਦੇ ਹਸਪਤਾਲ ਵਿਚ ਆਪ ਜੀ ਦੀ ਦੇਹੀ ਦਾ ਅੰਤ ਹੋਇਆ। ਜੋ ਸਰੀਰ ਕਰਕੇ ਮਿੱਟੀ ਵਿਚ ਸਮਾਏ, ਅਤੇ ਆਤਮਾ ਕਰਕੇ ਪ੍ਰਮਾਤਮਾ ਵਿਚ ਲੀਨ ਹੋਏ।

ਸੇਵਾ ਪੰਥੀਆਂ ਦੀ ਇਹ ਛਾਪ ਅਸੀਂ ਵੱਡੇ ਪੱਧਰ 'ਤੇ ਭਾਰਤ ਵਿਚ ਦੇਖ ਸਕਦੇ ਹਾਂ, ਕਿਉਂਕਿ ਜਿੱਥੇ ਇਹ ਮਹਾਨ ਛਾਪਾਂ ਸਨ, ਦੇਸ਼ ਦੀ ਵੰਡ ਤੋਂ ਬਾਅਦ ਉਹ ਇਲਾਕਾ ਪਾਕਿਸਤਾਨ ਹੋ ਗਿਆ। ਹੁਣ ਉਹਨਾਂ ਅਸਥਾਨਾਂ ਦੀ ਛਾਪ ਸ੍ਰੀ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਹੁਸ਼ਿਆਰਪੁਰ, ਕੈਂਥਲ ਅਤੇ ਇਸ ਤੋਂ ਇਲਾਵਾ ਰਹੁਤਕ ਜਿਹੇ ਛੋਟੇ ਛੋਟੇ ਕਸਬੇ ਅਸਥਾਨਾਂ ਵਿਚ ਤੇ ਸ਼ਹਿਰਾਂ ਵਿਚ ਦੇਖਣ ਨੂੰ ਮਿਲਦੀ ਹੈ। ਦਿੱਲੀ ਵਿਚ ਵੀ ਇਸ ਸੇਵਾ ਪੰਥੀ

ਸ਼ਾਖ਼ ਦਾ ਅਸਥਾਨ ਮੌਜੂਦ ਹੈ। ਇਹਨਾਂ ਅਸਥਾਨਾਂ ਦੀ, ਇਹਨਾਂ ਟਿਕਾਣਿਆਂ ਦੀ ਜੋ ਇਤਿਹਾਸਕ ਰੂਪ ਰੇਖਾ ਹੈ, ਮੈਂ ਤੁਹਾਡੇ ਸਾਹਮਣੇ ਰੱਖਣ ਲੱਗਾ ਹਾਂ। ਹੁਸ਼ਿਆਰਪੁਰ ਦਾ ਮਹਾਨ ਅਸਥਾਨ ਜੋ ਡੇਰਾ ਮਿੱਠਾ ਟਿਵਾਣਾ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਇਸ ਡੇਰੇ ਦਾ ਮਹਾਨ ਸੰਬੰਧ ਸੰਤ ਬਾਬਾ ਜਵਾਹਰ ਸਿੰਘ ਜੀ ਨਾਲ ਹੈ।

ਸੰਤ ਬਾਬਾ ਜਵਾਹਰ ਸਿੰਘ ਜੀ ਦਾ ਜਨਮ ਪਿਤਾ ਭਾਈ ਮੂਲ ਸਿੰਘ ਜੀ ਦੇ ਗ੍ਰਹਿ ਮਾਤਾ ਨਰੈਣ ਦੇਵੀ ਜੀ ਦੀ ਕੁੱਖੋਂ ਸੰਨ 1855 ਬਿਕਰਮੀ ਵਿਚ ਹੋਇਆ। ਜ਼ਿਲ੍ਹਾ ਸ਼ਾਹਪੁਰ ਪਾਕਿਸਤਾਨ ਵਿਖੇ ਆਪ ਜੀ ਦਾ ਜਨਮ ਹੋਇਆ ਹੈ। ਮਾਤਾ ਨਰੈਣ ਦੇਵੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਆਪ ਜੀ ਦੀ ਪ੍ਰਵਰਿਸ਼ ਦਾ ਸਾਰਾ ਭਾਰ ਆਪ ਦੀ ਚਾਚੀ ਦੇ ਸਿਰ ਆਇਆ। ਠੀਕ ਹੈ, ਮਾਂ ਦਾ ਸਾਇਆ ਤਾਂ ਇਸ ਬੱਚੇ ਦੇ ਸਿਰ ਤੋਂ ਜਾਂਦਾ ਰਿਹਾ ਪਰ ਇਸ ਦੇ ਸਿਰ ਦਾ ਸਾਇਆ ਜੋ ਕਦੀ ਜਾਂਦਾ ਹੀ ਨਹੀਂ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਘਰ ਲੱਭ ਲਿਆ ਅਤੇ ਉਹ ਪ੍ਰਾਪਤ ਹੋਇਆ ਸੰਤ ਬਾਬਾ ਭਗਤ ਜੀ ਦੇ ਰਾਹੀਂ। ਆਪ ਜੀ ਦੇ ਨਾਲ ਖੂੰਡੇ ਵਾਲਾ ਸੰਤ ਇਹ ਲਕਬ ਵੀ ਜੁੜਿਆ ਹੋਇਆ ਸੀ। ਆਪ ਜੀ ਦੇ ਖੂੰਡੇ ਵਿਚ ਬੜੀਆਂ ਬਰਕਤਾਂ ਸਨ। ਆਪ ਜੀ ਦੇ ਬਚਨਾਂ ਵਿਚ ਵੀ ਬਰਕਤ ਸੀ। ਵਾਕ ਖ਼ਤਾ ਨਹੀਂ ਜਾਂਦੇ ਸਨ ਕਿਉਂਕਿ ਹਰ ਸਮੇਂ ਗੁਰੂ ਦੇ ਵਾਕ ਨਾਲ ਜੁੜੇ ਹੋਏ ਸਨ। ਜੋ ਗੁਰੂ ਦੀ ਸੰਗਤ ਵਿਚ ਜੁੜਿਆ ਹੋਇਆ ਹੈ, ਉਸ ਦੇ ਹੱਥਾਂ ਵਿਚ ਬਰਕਤਾਂ ਆ ਜਾਂਦੀਆਂ ਹਨ। ਜੋ ਗੁਰੂ ਦੇ ਮੰਤਰ ਨਾਲ ਜੁੜਿਆ ਹੁੰਦਾ ਹੈ, ਉਸ ਦੇ ਬੋਲਾਂ ਵਿਚ ਸਤਿਆ ਆ ਜਾਂਦੀ ਹੈ। ਅਜਿਹਾ ਪ੍ਰਤੱਖ ਸਰੂਪ ਵਿਚ ਸਤਿਸੰਗੀਆਂ ਨੇ ਸੰਤ ਬਾਬਾ ਜਵਾਹਰ ਸਿੰਘ ਜੀ ਦੇ ਜੀਵਨ ਵਿਚ ਦੇਖਿਆ। ਮਿੱਠਾ ਟਿਵਾਣਾ ਕਾਫ਼ੀ ਸਮੇਂ ਤੋਂ ਗੁਰਮਤਿ ਦੀ ਮਿਠਾਸ ਵੰਡ ਰਿਹਾ ਸੀ। ਵੱਖ-ਵੱਖ ਬਰਕਤ ਭਰੇ ਹੱਥ ਗੁਰਮਤਿ ਦੀ ਸੀਰਨੀ ਨੂੰ ਵੰਡਦੇ ਰਹੇ। ਆਖ਼ਿਰ ਦੇਸ਼ ਦੀ ਵੰਡ ਤੋਂ ਪਹਿਲੇ ਤੱਕ ਮਹੰਤ ਜਵਾਹਰ ਸਿੰਘ ਜੀ ਬੜੇ ਖੁੱਲ੍ਹੇ ਹੱਥਾਂ ਨਾਲ ਸੇਵਾ ਸਿਮਰਨ ਦੀ ਦਾਤ ਵੰਡਦੇ ਰਹੇ। ਜਿਵੇਂ ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ-

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

(ਅੰਗ ੬੪੯)

ਜਿਹੜਾ ਆਪਣੇ ਹਿਰਦੇ ਵਿਚ ਪ੍ਰਮਾਤਮਾ ਦੇ ਨਾਮ ਨੂੰ ਟਿਕਾਅ ਲੈਂਦਾ ਹੈ, ਉਸ ਦੇ ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਉਸ ਦੇ ਬੋਲਾਂ ਵਿਚ ਸਤਿਆ ਆ ਜਾਂਦੀ ਹੈ। ਇਹ ਪ੍ਰਤੱਖ ਰੂਪ ਵਿਚ ਦੇਖਿਆ ਗਿਆ ਹੈ ਕਿ ਮਹੰਤ ਜਵਾਹਰ ਸਿੰਘ ਜੀ ਦੇ ਹੱਥ ਬਰਕਤ ਭਰੇ, ਮਹੰਤ ਜਵਾਹਰ ਸਿੰਘ ਜੀ ਦੇ ਬੋਲ ਖ਼ਤਾ ਨਹੀਂ ਜਾਣ ਵਾਲੇ ਸਨ। ਦੇਸ਼ ਦੀ ਵੰਡ ਦੇ ਨਾਲ ਇਹ ਮਿੱਠਾ ਟਿਵਾਣਾ ਗੁਰਮਤਿ ਦੀ ਮਿਠਾਸ ਕਾਫ਼ੀ ਸਮੇਂ ਤੋਂ ਵੰਡਦਾ ਆ ਰਿਹਾ ਸੀ। ਆਖ਼ਿਰ ਅਸਥਾਨ ਬਦਲਿਆ। ਮਿੱਠਾ ਟਿਵਾਣਾ ਉਸ ਦੀ ਥਾਂ 'ਤੇ ਹੁਣ ਹੁਸ਼ਿਆਰਪੁਰ ਵਿਚ ਡੇਰਾ

ਮਿੱਠਾ ਟਿਵਾਣਾ ਬਣਿਆ। ਇਥੇ ਵੀ ਉਸੇ ਤਰੀਕੇ ਨਾਲ ਸੇਵਾ, ਸਿਮਰਨ ਅਤੇ ਪਰਉਪਕਾਰ ਦੀਆਂ ਲਹਿਰਾਂ ਚੱਲ ਰਹੀਆਂ ਹਨ। ਇਹ ਅਸਥਾਨ ਮਹੰਤ ਜਵਾਹਰ ਸਿੰਘ ਜੀ ਤੋਂ ਬਾਅਦ ਮਹੰਤ ਤਾਰਾ ਸਿੰਘ ਜੀ ਦੀ ਸਪੁਰਦਗੀ ਹੇਠ ਆਏ। ਆਪ ਦੀ ਹੋਂਦ ਨੇ ਯਤੀਮ ਬੱਚਿਆਂ ਦੀ ਪਾਲਣਾ ਦਾ ਕੇਂਦਰ ਬਣਾਇਆ। ਹੁਸ਼ਿਆਰਪੁਰ ਯਤੀਮ ਬੱਚਿਆਂ ਨੂੰ ਕੀਰਤਨ ਦੀ ਦਾਤ ਦਿੱਤੀ ਜਾਂਦੀ ਹੈ ਜਿਸ ਵਿਚੋਂ ਬੜੇ-ਬੜੇ ਪ੍ਰਚਲਿਤ, ਮਸ਼ਹੂਰ ਅਤੇ ਗੁਰਮਤਿ ਵਿਚ ਨਾਮ ਕਮਾਉਣ ਵਾਲੇ ਕੀਰਤਨੀਆਂ ਨੇ ਜਨਮ ਲਿਆ।

ਮਹੰਤ ਤਾਰਾ ਸਿੰਘ ਜੀ ਸੁਭਾਅ ਕਰਕੇ ਭੋਲੇ ਸਨ। ਮਿੱਠਾ ਸੁਭਾਅ, ਸਿੱਧਾ ਪਹਿਰਾਵਾ, ਸਿੱਧੇ ਬੋਲ, ਇਹ ਮਹੰਤ ਤਾਰਾ ਸਿੰਘ ਜੀ ਹੀ ਸਨ ਜੋ ਵਾਕਿਆ ਹੀ ਸੇਵਾ ਪੰਥੀਆਂ ਦੇ ਜਗਤ ਦੇ ਸਿਤਾਰੇ ਸਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਆਤਮਕ ਵਿਕਾਸ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਗੁਰੂ ਪਿਆਰੀ ਸਾਧ ਸੰਗਤ ਜੀਉ!
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਮਨੁੱਖੀ ਜ਼ਿੰਦਗੀ ਦਾ ਧਾਰਮਿਕ ਪੁਰਸ਼ਾਂ ਨੇ ਜਿਸ ਢੰਗ ਨਾਲ ਅਧਿਐਨ ਕੀਤਾ ਹੈ, ਉਹਨਾਂ ਦਾ ਕਹਿਣਾ ਹੈ ਕਿ ਇਹ ਤਨ, ਇਹ ਜੀਵਨ ਬਹੁਤ ਲੰਮੀ ਯਾਤਰਾ ਤੋਂ ਬਾਅਦ ਪ੍ਰਾਪਤ ਹੋਇਆ ਹੈ। ਅਸੀਂ ਇਹ ਯਾਤਰਾ ਕਿਥੋਂ ਸ਼ੁਰੂ ਕੀਤੀ ਸੀ, ਕਦੋਂ ਸ਼ੁਰੂ ਕੀਤੀ ਸੀ ਅਤੇ ਕਿਵੇਂ ਸ਼ੁਰੂ ਕੀਤੀ ਸੀ, ਇਹ ਸਾਰੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਬੜੀ ਸੁੰਦਰ ਇਕ ਪੰਗਤੀ ਹੈ-

*ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥*

(ਅੰਗ ੭੬੩)

ਹੇ ਈਸ਼ਵਰ ! ਹੁਣ ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਪਰ ਬਹੁਤ ਦੂਰੋਂ ਆਇਆ ਹਾਂ। ਕਿਸ ਥਾਂ ਤੋਂ ਇਹ ਯਾਤਰਾ ਸ਼ੁਰੂ ਹੋਈ, ਇਹ ਦੂਰੀ ਕਿੰਨੀ ਹੈ, ਇਹ ਬਹੁਤ ਲੰਮੇ ਚੌੜੇ ਅਧਿਐਨ ਨੂੰ ਮੰਗਦੀ ਹੈ। ਸਾਹਿਬਾਂ ਦੀ ਬਾਣੀ ਦਾ ਫੁਰਮਾਣ ਹੈ ਕਿ ਮਨੁੱਖ ਦੀ ਯਾਤਰਾ ਪੱਥਰਾਂ ਤੋਂ ਸ਼ੁਰੂ ਹੋਈ—

*ਕਈ ਜਨਮ ਸੈਲ ਗਿਰਿ ਕਰਿਆ॥*

(ਅੰਗ ੧੭੬)

ਅਸੀਂ ਅਨੇਕਾਂ ਅਰਬਾਂ ਖਰਬਾਂ ਸਾਲ ਤੱਕ ਪੱਥਰ ਹੀ ਸਾਂ। ਮਨੁੱਖੀ ਜੀਵਨ ਦੀ ਯਾਤਰਾ ਪੱਥਰਾਂ ਤੋਂ ਸ਼ੁਰੂ ਹੋਈ। ਵਿਕਾਸ ਦੀ ਥਿਊਰੀ ਨੂੰ ਤਾਂ ਪੱਛਮੀ ਵਿਗਿਆਨਕਾਂ ਨੇ ਵੀ ਬਾਕਾਇਦਾ ਤਸਲੀਮ ਕੀਤਾ ਹੈ। ਜਿਵੇਂ ਕਿ ਇਕ ਵਿਗਿਆਨੀ ਦਾ ਕਹਿਣਾ ਹੈ ਕਿ ਮਨੁੱਖ ਬੰਦਰਾਂ ਤੋਂ ਵਿਕਾਸ ਕਰਦਿਆਂ-ਕਰਦਿਆਂ ਇਥੋਂ ਤੱਕ ਪਹੁੰਚਿਆ ਹੈ। ਇਸ ਤੋਂ ਪਹਿਲਾਂ ਮਨੁੱਖ ਬੰਦਰ ਹੀ ਸੀ ਅਤੇ ਇਹ ਨਿਖਾਰ ਹੈ ਉਸ ਬਾਂਦਰ ਦਾ, ਜਿਸ ਨੂੰ ਅਸੀਂ ਮਨੁੱਖ ਕਹਿੰਦੇ ਹਾਂ। ਇਕ ਗੱਲ ਸਪੱਸ਼ਟ ਹੋਈ ਕਿ ਸਾਡਾ ਪਿਛੋਕੜ ਕੁਝ ਹੋਰ ਹੈ। ਵਿਗਿਆਨੀ ਦੀ ਪਹੁੰਚ ਸਿਰਫ

ਪਦਾਰਥ ਤੱਕ ਹੋਈ, ਉਹ ਵਿਗਿਆਨਕ ਹੈ। ਧਰਮ ਦੀ ਖੋਜ ਚੇਤਨਾ ਦੀ ਖੋਜ ਹੈ, ਆਤਮਾ ਦੀ ਖੋਜ ਹੈ, ਉਹ ਬਹੁਤ ਗਹਿਰੇ ਤੱਲ ਤੱਕ ਜਾਂਦੀ ਹੈ।

ਮਹਾਰਾਜ ਕਹਿੰਦੇ ਹਨ ਕਿ ਮਨੁੱਖ ਪਹਿਲਾਂ ਜੜ੍ਹ ਰੂਪ ਵਿਚ ਸੀ, ਪੱਥਰ ਰੂਪ ਵਿਚ ਸੀ। ਪੱਥਰ ਜ਼ਿਵੇਂ ਇਕ ਜੀਵ ਸੁੱਤਾ ਹੋਇਆ ਹੈ, ਜਿਵੇਂ ਇਕ ਬੱਚਾ ਬਹੁਤ ਗੂੜ੍ਹੀ ਨੀਂਦ ਵਿਚ ਸੁੱਤਾ ਹੋਵੇ, ਪਰ ਸੌਂ ਕੇ ਵੀ ਵਿਕਾਸ ਜਾਰੀ ਰਹਿੰਦਾ ਹੈ। ਆਖ਼ਿਰ ਬੱਚਾ ਵੱਡਾ ਹੋ ਰਿਹਾ ਹੈ। ਭਾਵੇਂ ਨਵਾਂ ਜੰਮਿਆ ਬੱਚਾ 20-20, 18-18 ਘੰਟੇ ਸੌਂਦਾ ਹੈ, ਪਰ ਸੁੱਤਿਆਂ ਹੀ ਉਸ ਦਾ ਵਿਕਾਸ ਹੋ ਰਿਹਾ ਹੁੰਦਾ ਹੈ। ਇਸ ਤਰ੍ਹਾਂ ਪੱਥਰ ਵਿਚ ਚੇਤਨਾ ਬਿਲਕੁਲ ਸੁੱਤੀ ਹੋਈ ਹੈ। ਭਾਵੇਂ ਸੁੱਤੀ ਹੋਈ ਹੈ, ਪਰ ਵਿਕਾਸ ਜਾਰੀ ਹੈ। ਇਸ ਲਈ ਪੱਥਰ ਹੀਰੇ ਬਣ ਜਾਂਦੇ ਹਨ, ਨੀਲਮ ਬਣ ਜਾਂਦੇ ਹਨ, ਪੰਨੇ ਬਣ ਜਾਂਦੇ ਹਨ। ਮਹਾਂਪੁਰਸ਼ਾਂ ਦਾ ਕਹਿਣਾ ਹੈ ਕਿ ਪੱਥਰਾਂ ਦਾ ਵਿਕਸਿਤ ਰੂਪ ਹੈ ਸੰਗਮਰਮਰ, ਪੰਨੇ, ਨੀਲਮ, ਹੀਰਾ ਆਦਿ। ਪਰ ਵਿਕਾਸ ਕਰਕੇ ਪੱਥਰ ਕੋਮਲ ਹੋ ਗਿਆ, ਪੱਥਰ ਚਮਕ ਗਿਆ, ਪੱਥਰ ਵਿਚ ਰੰਗ ਆ ਗਿਆ।

ਮੁਗ਼ਲ ਸ਼ਹਿਨਸ਼ਾਹ ਨੇ ਇਸ ਤਰ੍ਹਾਂ ਦੇ ਚਮਕਦੇ ਪੱਥਰਾਂ ਨੂੰ, ਖ਼ਾਸ ਕਰਕੇ ਇਕ ਵਿਸ਼ੇਸ਼ ਪੱਥਰ ਨੂੰ ਕੋਹਿਨੂਰ ਕਿਹਾ। ਕੋਈ ਕਹਿੰਦਾ ਹੈ ਪਹਾੜ ਨੂੰ ਪਹਾੜਾਂ ਦਾ ਨੂਰ, ਪੱਥਰਾਂ ਦਾ ਨੂਰ। ਜੇ ਪੱਥਰ ਨੂਰ ਬਣ ਸਕਦਾ ਹੈ ਲੰਮੀ-ਚੌੜੀ ਯਾਤਰਾ ਤੋਂ ਬਾਅਦ ਤਾਂ ਫਿਰ ਸੰਭਾਵਨਾ ਮਨੁੱਖ ਦੇ ਅੰਦਰ ਵੀ ਛੁੱਪੀ ਹੋਈ ਹੈ, ਮਨੁੱਖ ਵੀ ਨੂਰ ਬਣ ਸਕਦਾ ਹੈ, ਮਨੁੱਖ ਵੀ ਪ੍ਰਕਾਸ਼ ਹੋ ਸਕਦਾ ਹੈ। ਪੱਥਰ ਚਮਕ ਸਕਦਾ ਹੈ ਅਤੇ ਜਦੋਂ ਪੱਥਰ ਚਮਕਦਾ ਹੈ ਕੋਹਿਨੂਰ ਬਣਦਾ ਹੈ ਤਾਂ ਉਹ ਤਾਜ ਵਿਚ ਜੜ੍ਹਿਆ ਜਾਂਦਾ ਹੈ, ਉਹ ਸਿਰ 'ਤੇ ਆ ਕੇ ਬੈਠਦਾ ਹੈ। ਇਸੇ ਤਰੀਕੇ ਨਾਲ ਜਿਸ ਮਨੁੱਖ ਦੇ ਅੰਦਰ ਨੂਰ ਪੈਦਾ ਹੋ ਜਾਂਦਾ ਹੈ, ਚਾਨਣਾ ਪੈਦਾ ਹੋ ਜਾਂਦਾ ਹੈ ਤਾਂ ਮਨੁੱਖਤਾ ਦਾ ਸਿਰ ਹੁੰਦਾ ਹੈ, ਸਮੁੱਚੀ ਮਾਨਵਤਾ ਵਿਚ ਉਸ ਦੀ ਥਾਂ ਮਹਾਨ ਹੁੰਦੀ ਹੈ, ਅਤੀ-ਉੱਤਮ ਹੁੰਦੀ ਹੈ।

ਪੱਥਰਾਂ ਤੋਂ ਇਹ ਯਾਤਰਾ ਸ਼ੁਰੂ ਹੋਈ। ਮਨੁੱਖਤਾ ਦਾ ਆਦਿ, ਪਹਿਲਾ ਕਦਮ ਪੱਥਰ ਸੀ। ਅਰਬਾਂ-ਖਰਬਾਂ ਸਾਲ ਤੱਕ ਅਸੀਂ ਪੱਥਰ ਰਹੇ। ਸਹਿਜੇ-ਸਹਿਜੇ ਧੀਮੀ ਗਤੀ ਨਾਲ ਇਹ ਵਿਕਾਸ ਜਾਰੀ ਰਿਹਾ ਅਤੇ ਅਸੀਂ ਪਹੁੰਚੇ ਬਨਸਪਤੀ ਦੀ ਦੁਨੀਆਂ ਵਿਚ। ਇਹ ਸਾਡਾ ਦੂਜਾ ਪੜਾਅ ਹੈ। ਜਿੱਥੇ ਪੱਥਰ ਪੂਰਨ ਰੂਪ ਵਿਚ ਸੁੱਤਾ ਹੋਇਆ ਹੈ, ਉਥੇ ਬਨਸਪਤੀ ਦਾ ਇਕ ਹਿੱਸਾ ਜਾਗ ਪਿਆ। ਉਸ ਦੇ ਤਿੰਨ ਹਿੱਸੇ ਸੁੱਤੇ ਹੋਏ ਹਨ, ਇਕ ਹਿੱਸਾ ਜਾਗਿਆ ਹੋਇਆ ਹੈ। ਬਨਸਪਤੀ ਪੂਰਨ ਰੂਪ ਵਿਚ ਅਚੇਤ ਨਹੀਂ ਹੈ। ਸਾਡੇ ਦੇਸ਼ ਦੇ ਇਕ ਮਹਾਨ ਬੰਗਾਲੀ ਵਿਗਿਆਨਕ ਸਰ ਜਗਦੀਸ਼ ਚੰਦਰ ਬੋਸ ਨੇ ਸਿੱਧ ਕਰ ਦਿੱਤਾ ਸੀ ਕਿ ਬਨਸਪਤੀ ਦੁੱਖ ਸੁੱਖ ਨੂੰ ਮਹਿਸੂਸ ਕਰਦੀ ਹੈ। ਬਨਸਪਤੀ ਵਿਚ ਨਰ ਵੀ ਹਨ, ਮਦੀਨ ਵੀ ਹਨ। ਬਨਸਪਤੀ ਦੇ ਉੱਪਰ ਸੰਗੀਤ ਦਾ ਵੀ ਬਹੁਤਾ ਗਹਿਰਾ ਪ੍ਰਭਾਵ ਪੈਂਦਾ ਹੈ। ਕੋਈ ਮਨੁੱਖ ਬੜਾ ਗੰਭੀਰ ਅਤੇ

ਦੁੱਖੀ ਬ੍ਰਿਛ ਦੇ ਥੱਲੇ ਬੈਠਾ ਹੋਵੇ, ਬ੍ਰਿਛ ਇਸ ਦਾ ਵੀ ਪ੍ਰਭਾਵ ਕਬੂਲ ਕਰਦਾ ਹੈ। ਕੋਈ ਆਨੰਦ ਅਤੇ ਉਲਾਸ ਵਿਚ ਬੈਠਾ ਹੋਵੇ, ਪਿਆਰ ਅਤੇ ਸਨੇਹ ਪੂਰਵਕ ਬੈਠਾ ਹੋਵੇ, ਹਮਦਰਦੀ ਦੇ ਜਜ਼ਬਿਆਂ ਨਾਲ ਬੈਠਾ ਹੋਵੇ, ਇਸ ਦਾ ਅਸਰ ਵੀ ਬਨਸਪਤੀ ਕਬੂਲ ਕਰਦੀ ਹੈ। ਇਸ ਤੋਂ ਇਕ ਗੱਲ ਸਪੱਸ਼ਟ ਹੋ ਗਈ ਕਿ ਬਨਸਪਤੀ ਪੂਰਨ ਰੂਪ ਵਿਚ ਸੁੱਤੀ ਹੋਈ ਨਹੀਂ। ਉਸ ਦਾ ਇਕ ਹਿੱਸਾ ਜਾਗਿਆ ਹੋਇਆ ਹੈ ਅਤੇ ਤਿੰਨ ਹਿੱਸੇ ਸੁੱਤੇ ਹੋਏ ਹਨ।

ਜਿਸ ਤਰ੍ਹਾਂ ਪੱਥਰਾਂ ਦਾ ਵਿਕਸਿਤ ਸਰੂਪ ਹੈ ਹੀਰੇ, ਮੋਤੀ, ਪੰਨੇ, ਮੂੰਗੇ ਆਦਿ, ਇਸ ਤਰ੍ਹਾਂ ਬਨਸਪਤੀ ਵਿਚ ਵੀ ਕੁਝ ਵਿਕਾਸ ਕਰਦਿਆਂ ਕਰਦਿਆਂ ਪੌਦੇ, ਬ੍ਰਿੱਛ ਸਿਖਰ 'ਤੇ ਪਹੁੰਚੇ ਹਨ। ਬਨਸਪਤੀ ਵਿਚ ਸਭ ਤੋਂ ਸਿਖਰ ਮਨੀ ਹੈ ਸਾਡੇ ਦੇਸ਼ ਵਾਸੀਆਂ ਲਈ ਚੰਦਨ। ਚੰਦਨ ਬੁਲੰਦੀ ਹੈ। ਸ਼ੀਤਲ ਹੈ, ਸੁਗੰਧਿਤ ਹੈ। ਜਿਹੜੀ ਸ਼ੀਤਲਤਾ ਅਤੇ ਸੁਗੰਧੀ ਉਸ ਦੇ ਕੋਲ ਹੈ, ਉਸਨੂੰ ਉਹ ਰੱਜ ਕੇ ਲੁਟਾਉਂਦਾ ਹੈ। ਆਲੇ ਦੁਆਲੇ ਦੇ ਮਾਹੌਲ ਨੂੰ ਵੀ ਮੁਅੱਤਰ ਕਰ ਦਿੰਦਾ ਹੈ। ਸਮੁੱਚੀ ਬਨਸਪਤੀ ਨੂੰ ਵੀ ਸੁਗੰਧਤ ਕਰ ਦਿੰਦਾ ਹੈ। ਇਸ ਤਰ੍ਹਾਂ ਇਸ ਦੇ ਗੁਣਾਂ ਕਰਕੇ ਬਨਸਪਤੀ ਦੀ ਸਿਖਰ ਮੰਨ ਲਿਆ ਗਿਆ ਚੰਦਨ ਨੂੰ।

ਅਸੀਂ ਦੇਖਦੇ ਹਾਂ ਕਿ ਜੇਕਰ ਕਿਸੇ ਮਨੁੱਖ ਦੇ ਅੰਦਰ ਗਿਆਨ ਧਿਆਨ ਹੋਵੇ, ਭਗਤੀ ਹੋਵੇ, ਸ਼ੁਭ ਗੁਣਾਂ ਦਾ ਮਾਲਕ ਹੋਵੇ ਤਾਂ ਅਸੀਂ ਤਸ਼ਬੀਹ ਦਿੰਦੇ ਹਾਂ ਕਿ ਇਹ ਹੀਰੇ ਵਰਗਾ ਹੈ, ਇਹ ਤਾਂ ਮੋਤੀਆਂ ਵਰਗਾ ਹੈ। ਜੇ ਬਨਸਪਤੀ ਵਿਚੋਂ ਤਸ਼ਬੀਹ ਲੱਭਣੀ ਹੋਵੇ ਸੰਤਾਂ ਮਹਾਪੁਰਸ਼ਾਂ ਲਈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਚੰਦਨ ਦੀ ਤਰ੍ਹਾਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਉਦਾਹਰਨ ਮਿਲਦੇ ਹਨ-

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥*

(ਅੰਗ ੧੩੭੩)

ਚੰਦਨ ਦਾ ਇਹ ਗੁਣ ਹੈ ਕਿ ਭਾਵੇਂ ਸੱਪ ਵੀ ਲਿਪਟੇ ਹੋਣ, ਉਹਨਾਂ ਨੂੰ ਵੀ ਸੁਗੰਧੀ ਦਿੰਦਾ ਹੈ। ਹੂਬਹੂ ਇਹੀ ਲੱਛਣ ਮਹਾਂ ਪੁਰਸ਼ ਦਾ ਹੈ, ਸੰਤ ਦਾ ਹੈ। ਇਸ ਲਈ ਬਨਸਪਤੀ ਵਿਚੋਂ ਤਸ਼ਬੀਹ ਦਿੱਤੀ ਗਈ ਚੰਦਨ ਦੀ। ਚੰਦਨ ਬਨਸਪਤੀ ਦਾ ਸਿਰਮੌਰ ਹੈ ਅਤੇ ਸਿਰਮੌਰਤਾ ਉਸ ਦੀ ਅਜੇ ਤੱਕ ਵੀ ਬਾਕਾਇਦਾ ਕਾਇਮ ਹੈ।

ਵਿਕਾਸ ਜਾਰੀ ਸੀ ਕਿਉਂਕਿ ਪਰੀਪੂਰਨ ਪ੍ਰਮਾਤਮਾ ਦਾ ਜਿਹੜਾ ਨਾਮ ਹੈ ਬ੍ਰਹਮ। ਬ੍ਰਹਮ ਦਾ ਮਤਲਬ ਹੈ ਫੈਲਦਾ ਹੋਇਆ, ਵੱਧ ਰਿਹਾ। ਅੱਜ ਵਿਗਿਆਨ ਇਸ ਗੱਲ ਦੀ ਤਸਦੀਕ ਕਰ ਰਿਹਾ ਹੈ ਕਿ ਜਗਤ ਫੈਲ ਰਿਹਾ ਹੈ, ਪਸਰ ਰਿਹਾ ਹੈ ਅਤੇ ਬੜੀ ਮਹਾਨ ਗਤੀ ਨਾਲ ਪਸਰ ਰਿਹਾ ਹੈ। ਵਿਕਾਸ ਦਾ ਮਤਲਬ ਹੈ ਬ੍ਰਹਮ ਅਤੇ ਬ੍ਰਹਮ ਦਾ ਮਤਲਬ ਹੈ ਵਿਕਾਸ।

ਚੇਤਨਾ ਦੇ ਤੱਲ 'ਤੇ ਵਿਕਾਸ ਜਾਰੀ ਹੈ।

ਬਨਸਪਤੀ ਤੋਂ ਬਾਅਦ ਅਗਲੀ ਜਿਹੜੀ ਦੁਨੀਆਂ ਹੈ, ਤੀਸਰਾ ਜਿਹੜਾ ਪੜਾਅ ਹੈ, ਉਹ ਪਸ਼ੂਆਂ ਦਾ ਜਗਤ ਹੈ, ਪੰਛੀਆਂ ਦਾ ਜਗਤ ਹੈ। ਇਸ ਪੰਛੀ ਅਤੇ ਪਸ਼ੂ ਜਗਤ ਵਿਚ ਵੀ ਕੁਝ ਪਛੜੇ ਹੋਏ ਹਨ, ਕੁਝ ਮਹਾਨ ਹਨ। ਜਿਵੇਂ ਪੱਥਰਾਂ ਵਿਚ ਕੁਝ ਪੱਥਰ ਬਿਲਕੁਲ ਮਾਮੂਲੀ ਹਨ, ਪਰ ਕੁਝ ਪੱਥਰ ਮਹਾਨ ਹਨ, ਅਹਿਮ ਹਨ, ਇਸ ਤਰ੍ਹਾਂ ਬਨਸਪਤੀ ਵਿਚੋਂ ਵੀ ਕੁਝ ਬਨਸਪਤੀ ਬਿਲਕੁਲ ਤੁੱਛ ਹੈ, ਕਿੱਕਰ, ਜੰਡ ਹੈ। ਇਸ ਤਰ੍ਹਾਂ ਦੇ ਹੋਰ ਪੌਦੇ ਹਨ ਜਿਨ੍ਹਾਂ ਦੀ ਖ਼ਾਸ ਆਪਣੀ ਥਾਂ ਹੈ।

ਪਸ਼ੂ ਜਗਤ ਵਿਚ ਵੀ ਅਣਗਿਣਤ ਪਸ਼ੂ ਅਜਿਹੇ ਹਨ ਜਿਨ੍ਹਾਂ ਨੂੰ ਅਸੀਂ ਨਖਿੱਧ ਕਹਿ ਦਿੰਦੇ ਹਾਂ। ਸੂਰ ਹਨ, ਕੁੱਤੇ ਹਨ, ਬਘਿਆੜ ਹਨ, ਇਹਨਾਂ ਨੂੰ ਅਸੀਂ ਨਖਿੱਧ ਕਹਿੰਦੇ ਹਾਂ। ਪਰ ਪਸ਼ੂਆਂ ਦੇ ਜਗਤ ਵਿਚ ਵੀ ਕੁਝ ਅਜਿਹੇ ਪਸ਼ੂ ਹਨ ਜੋ ਵਿਕਾਸ ਕਰਕੇ ਬਹੁਤ ਅੱਗੇ ਵੱਧ ਗਏ ਹਨ। ਜਿਵੇਂ ਕਿ ਗਊ ਹੈ, ਸ਼ੇਰ ਹੈ, ਹਾਥੀ ਹੈ। ਇਹ ਜਿਹੜੇ ਜਾਨਵਰ ਹਨ, ਇਹਨਾਂ ਵਿਚ ਸੋਚਣੀ ਬਾਕੀ ਜਾਨਵਰਾਂ ਨਾਲੋਂ ਜ਼ਿਆਦਾ ਹੈ। ਸਾਡੇ ਦੇਸ਼ ਦੀ ਜਿਹੜੀ ਪੁਰਾਣੀ ਪਰੰਪਰਾ ਹੈ ਕਿ ਗਊ ਨੂੰ ਤਬਾਹ ਕਰਨਾ ਮਨੁੱਖ ਨੂੰ ਤਬਾਹ ਕਰਨਾ ਹੈ। ਗਊ ਦਾ ਮਾਸ ਖਾਣਾ ਬੰਦੇ ਦਾ ਮਾਸ ਖਾਣਾ ਹੈ। ਇਹ ਬਿਲਕੁਲ ਸਹੀ ਜਾਪਦਾ ਹੈ। ਕਿਉਂ ? ਜਿਸ ਢੰਗ ਨਾਲ ਗਊ ਸੋਚਦੀ ਹੈ, ਉਸ ਤੋਂ ਪਤਾ ਚੱਲਿਆ ਹੈ ਕਿ ਇਸ ਦਾ ਬ੍ਰੇਨ ਵਿਕਸਿਤ ਹੋ ਗਿਆ ਹੈ। ਇਹ ਜ਼ਿਆਦਾ ਸੋਚਦੀ ਹੈ, ਇਹ ਬਹੁਤ ਗਹਿਰੇ ਤੱਲ ਵਿਚ ਸੋਚਦੀ ਹੈ। ਇਸ ਦੇ ਅੰਦਰ ਮਮਤਾ ਬਹੁਤ ਗਹਿਰੀ ਹੈ। ਇਹ ਦੁੱਖ-ਸੁੱਖ ਨੂੰ ਬਹੁਤ ਜ਼ਿਆਦਾ ਮਹਿਸੂਸ ਕਰਦੀ ਹੈ। ਜਿਸ ਦਾ ਜਿੰਨਾ ਜ਼ਿਆਦਾ ਦਿਮਾਗ਼ ਅਗਾਂਹ ਹੋਵੇਗਾ, ਉਹ ਦੁੱਖ ਅਤੇ ਸੁੱਖ ਨੂੰ ਉੱਨਾ ਜ਼ਿਆਦਾ ਮਹਿਸੂਸ ਕਰੇਗਾ। ਗਊ ਦੁੱਖ-ਸੁੱਖ ਨੂੰ ਬਹੁਤ ਜ਼ਿਆਦਾ ਮਹਿਸੂਸ ਕਰਦੀ ਹੈ। ਭਾਰਤ ਦੇ ਰਿਸ਼ੀ ਮੁਨੀਆਂ ਨੇ ਫ਼ੈਸਲਾ ਕੀਤਾ ਕਿ ਗਊ ਨੂੰ ਮਾਰਨਾ ਮਹਾਨ ਪਾਪ ਹੈ, ਕਿਉਂਕਿ ਪਸ਼ੂਆਂ ਵਿਚੋਂ ਇਹ ਸਿਖਰ 'ਤੇ ਹੈ।

ਜੋ ਵਸਤੂ, ਜੋ ਹਸਤੀ ਸਿਖਰ 'ਤੇ ਪਹੁੰਚ ਗਈ ਹੈ, ਅਸੀਂ ਦੇਖਦੇ ਹਾਂ ਪ੍ਰਾਚੀਨ ਸਮੇਂ ਤੋਂ ਉਹ ਧਰਮ ਮੰਦਿਰਾਂ ਦਾ ਸ਼ਿੰਗਾਰ ਰਹੇ ਹਨ। ਹੀਰੇ, ਮੋਤੀ, ਨੀਲਮ, ਪੰਨੇ ਪ੍ਰਾਚੀਨ ਸਮੇਂ ਤੋਂ ਧਰਮ ਮੰਦਿਰਾਂ ਵਿਚ ਰੱਖੇ ਜਾਂਦੇ ਸਨ। ਸਿਰਫ਼ ਇਸ ਲਈ ਨਹੀਂ ਰੱਖੇ ਜਾਂਦੇ ਸਨ ਕਿ ਇਹ ਕੀਮਤੀ ਹਨ, ਇਹ ਮਹਾਨ ਹਨ, ਬਲਕਿ ਇਸ ਲਈ ਰੱਖੇ ਜਾਂਦੇ ਸਨ ਕਿ ਇਹ ਸਿਖਰ 'ਤੇ ਪਹੁੰਚ ਗਏ ਹਨ, ਇਹਨਾਂ ਨੇ ਬੁਲੰਦੀ ਨੂੰ ਛੂਹ ਲਿਆ ਹੈ ਤਾਂਕਿ ਇਹਨਾਂ ਤੋਂ ਮਨੁੱਖ ਪ੍ਰੇਰਨਾ ਲੈ ਸਕੇ ਕਿ ਮੈਂ ਵੀ ਸਿਖਰ 'ਤੇ ਪਹੁੰਚਣਾ ਹੈ, ਆਪਣੀ ਬੁਲੰਦੀ ਨੂੰ ਛੂਹਣਾ ਹੈ, ਆਪਣੀ ਮੰਜ਼ਿਲ ਲੱਭਣੀ ਹੈ। ਨੀਲਮ, ਪੰਨੇ ਜਿੱਥੇ ਮੰਦਿਰਾਂ ਵਿਚ ਰੱਖੇ ਗਏ, ਉਥੇ ਬਨਸਪਤੀ ਵਿਚ ਫੁੱਲ ਅਤੇ ਚੰਦਨ ਨੂੰ ਵੀ ਧਰਮ ਮੰਦਿਰਾਂ ਵਿਚ ਖ਼ਾਸ ਥਾਂ ਮਿਲੀ ਅਤੇ ਅੱਜ ਵੀ ਮਿਲੀ ਹੋਈ ਹੈ। ਅੱਜ ਵੀ ਅਸੀਂ ਫੁੱਲ ਗੁਰੂ ਦੇ ਚਰਨਾਂ ਤੋਂ ਨਿਛਾਵਰ ਕਰਦੇ ਹਾਂ। ਮੰਦਿਰਾਂ ਵਿਚ ਭਗਵਾਨ

ਦੀਆਂ ਮੂਰਤੀਆਂ ਦੇ ਕਦਮਾਂ ਵਿਚ ਰੱਖਦੇ ਹਾਂ। ਅੱਜ ਵੀ ਭਾਰਤ ਦੇ ਤਮਾਮ ਧਾਰਮਿਕ ਮੰਦਿਰਾਂ ਵਿਚ ਚੰਦਨ ਰਗੜਿਆ ਜਾਂਦਾ ਹੈ। ਚੰਦਨ ਦੀ ਆਪਣੀ ਥਾਂ ਹੈ, ਚੰਦਨ ਦਾ ਲੇਪ ਕੀਤਾ ਜਾਂਦਾ ਹੈ। ਚੰਦਨ ਅਤੇ ਫੁੱਲ ਧਾਰਮਿਕ ਮੰਦਿਰਾਂ ਦੀ ਰੌਣਕ ਬਣ ਗਏ। ਹੀਰੇ, ਮੋਤੀ, ਪੰਨੇ, ਜਵਾਹਰ ਧਾਰਮਿਕ ਮੰਦਿਰਾਂ ਦੀ ਰੌਣਕ ਬਣ ਗਏ। ਦਰਬਾਰ ਸਾਹਿਬ ਵਿਚ ਇਸ ਤਰ੍ਹਾਂ ਦੇ ਨੀਲਮ, ਪੰਨੇ ਅੱਜ ਵੀ ਬਹੁਤਾਤ ਵਿਚ ਮੌਜੂਦ ਹਨ।

ਜਿੱਥੇ ਬਨਸਪਤੀ ਅਤੇ ਵਿਕਸਿਤ ਹੋਏ ਪੱਥਰ ਧਾਰਮਿਕ ਮੰਦਿਰਾਂ ਦੀ ਰੌਣਕ ਬਣੇ, ਉਥੇ ਪਸ਼ੂ ਵੀ ਰੌਣਕ ਬਣੇ। ਉਹ ਪਸ਼ੂ ਜੋ ਵਿਕਾਸ ਕਰਕੇ ਅਗਾਂਹ ਵੱਧ ਗਏ ਸਨ, ਅਸੀਂ ਦੇਖਦੇ ਹਾਂ ਕਿ ਪ੍ਰਾਚੀਨ ਧਰਮ ਮੰਦਿਰਾਂ ਵਿਚ ਜਾਈਏ ਤਾਂ ਗਊ ਦੀਆਂ ਮੂਰਤੀਆਂ ਬਣੀਆਂ ਹੋਈਆਂ ਹਨ, ਸ਼ੇਰ ਦੀਆਂ ਮੂਰਤੀਆਂ ਬਣੀਆਂ ਹੋਈਆਂ ਹਨ। ਪੁੱਛਿਆ ਜਾ ਸਕਦਾ ਹੈ ਆਲਮਾਂ ਤੋਂ, ਰਿਸ਼ੀ-ਮੁਨੀਆਂ ਤੋਂ ਕਿ ਹਜ਼ਾਰਾਂ ਤਰ੍ਹਾਂ ਦੇ ਪਸ਼ੂ ਪੰਛੀ ਹਨ, ਸਿਰਫ਼ ਗਊ ਦੀਆਂ ਮੂਰਤੀਆਂ ਹੀ ਕਿਉਂ ਬਣਾਈਆਂ ? ਸਿਰਫ਼ ਸ਼ੇਰ ਦੀਆਂ ਮੂਰਤੀਆਂ ਹੀ ਕਿਉਂ ਬਣਾਈਆਂ ? ਦਰਅਸਲ ਕੁਝ ਗੁਣਾਂ ਵਿਚ ਸ਼ੇਰ ਬਹੁਤ ਅੱਗੇ ਹਨ। ਸਾਹਸ ਵਿਚ, ਬਹਾਦਰੀ ਵਿਚ, ਨਿਡਰਤਾ ਵਿਚ ਸ਼ੇਰ ਬਹੁਤ ਅੱਗੇ ਹੈ। ਭਲੇਮਾਨਸੀ ਵਿਚ, ਸ਼ਰਾਫਤ ਵਿਚ, ਨਿਰਮਾਣਤਾ ਵਿਚ ਗਊ ਦੀ ਆਪਣੀ ਦੁਨੀਆਂ ਹੈ। ਇਸ ਲਈ ਕੋਈ ਬੰਦਾ ਸ਼ਰੀਫ ਹੋਵੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਤਾਂ ਨਿਰਾ ਗਊ ਹੈ। ਕੋਈ ਬਹੁਤ ਬਹਾਦਰ ਹੋਵੇ ਤਾਂ ਸਾਨੂੰ ਕਹਿਣਾ ਪੈਂਦਾ ਹੈ ਕਿ ਇਹ ਤਾਂ ਸਿੰਘ ਹੈ, ਸ਼ੇਰ ਹੈ।

ਬਹਾਦਰ ਮਨੁੱਖ ਲਈ ਸਾਨੂੰ ਤਸ਼ਬੀਹ ਲੱਭਣੀ ਪੈਂਦੀ ਹੈ ਪਸ਼ੂਆਂ ਦੀ ਦੁਨੀਆਂ ਵਿਚੋਂ ਸ਼ੇਰ। ਪਵਿੱਤਰਤਾ ਲਈ, ਭਲੇਮਾਣਸੀ ਲਈ ਤਸ਼ਬੀਹ ਲੱਭਦੇ ਹਾਂ ਕਿ ਇਹ ਤਾਂ ਗਊ ਹੈ। ਗਊ ਅਤੇ ਸ਼ੇਰ ਵਿਕਸਿਤ ਰੂਪ ਹੈ ਪਸ਼ੂਆਂ ਦਾ। ਇਸ ਲਈ ਇਹ ਧਾਰਮਿਕ ਮੰਦਿਰਾਂ ਦੀ ਰੌਣਕ ਬਣੇ ਅਤੇ ਇਹ ਇਕ ਇਸ਼ਾਰਾ ਕਰ ਰਹੇ ਹਨ। ਤੁਸੀਂ ਦੇਖੋ ਗਊ ਦੀਆਂ ਮੂਰਤੀਆਂ ਹਨ, ਸ਼ੇਰ ਦੀਆਂ ਮੂਰਤੀਆਂ ਹਨ ਅਤੇ ਇਹ ਬਾਹਰ ਹੁੰਦੀਆਂ ਹਨ। ਮੰਦਿਰਾਂ ਦੇ ਅੰਦਰ ਇਕ ਭਗਵਾਨ ਦੀ ਮੂਰਤੀ ਹੁੰਦੀ ਹੈ, ਕਿਸੇ ਦੇਵਤੇ ਦੀ ਮੂਰਤੀ ਹੁੰਦੀ ਹੈ ਪਰ ਬਾਹਰ ਸ਼ੇਰ ਦੀਆਂ ਮੂਰਤੀਆਂ ਹਨ, ਗਊ ਦੀਆਂ ਮੂਰਤੀਆਂ ਹਨ। ਇਹ ਇਸ਼ਾਰਾ ਕਰ ਰਹੀਆਂ ਹਨ ਕਿ ਪ੍ਰਮਾਤਮਾ ਦੇ ਮੰਦਿਰ ਤੱਕ ਉਹੀ ਪਹੁੰਚ ਸਕਦਾ ਹੈ ਜਿਸ ਦੇ ਕੋਲ ਸ਼ੇਰ ਵਰਗਾ ਸਾਹਸ ਹੋਵੇ, ਜਿਸ ਕੋਲ ਗਊ ਵਰਗੀ ਭਲੇ-ਮਾਣਸੀ ਹੋਵੇ। ਸਿਰਫ਼ ਗਊ ਦੀ ਤਰ੍ਹਾਂ ਜਿਹੜਾ ਭਲੇਮਾਣਸ ਹੋਵੇ ਅਤੇ ਸਿੰਘ ਵਾਲਾ ਸਾਹਸ ਕੋਲ ਨਾ ਹੋਵੇ, ਉਸ ਦੀ ਭਲੇਮਾਣਸੀ ਵਿਚ ਬੁਜ਼ਦਿਲੀ ਆ ਜਾਂਦੀ ਹੈ, ਕਾਇਰਤਾ ਆ ਜਾਂਦੀ ਹੈ ਅਤੇ ਉਹ ਇਕ ਦਿਨ ਆਪਣਾ ਸਭ ਕੁਝ ਗੁਆ ਬੈਠਦਾ ਹੈ। ਜਿਸ ਕੋਲ ਸ਼ੇਰ ਵਰਗਾ ਸਾਹਸ ਤਾਂ ਹੋਵੇ ਪਰ ਗਊ ਵਰਗੀ ਹਲੀਮੀ ਨਾ ਹੋਵੇ, ਉਹ ਜ਼ਾਲਮ ਹੋ ਜਾਂਦਾ ਹੈ, ਬੜਾ ਕਠੋਰ ਹੋ ਜਾਂਦਾ ਹੈ। ਇਸ ਲਈ ਇਸ ਗੱਲ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਕਿ ਹਲੀਮੀ ਮਨੁੱਖ ਕੋਲ ਗਊ ਵਰਗੀ ਚਾਹੀਦੀ ਹੈ, ਪਰ ਸਾਹਸ ਤੇ ਬਹਾਦਰੀ ਮਨੁੱਖ

ਕੋਲ ਸ਼ੇਰ ਵਰਗੀ ਚਾਹੀਦੀ ਹੈ। ਸ਼ੇਰ ਦੀ ਤਰ੍ਹਾਂ ਸਾਹਸ ਰੱਖਣ ਵਾਲਾ ਅਤੇ ਗਊ ਦੀ ਤਰ੍ਹਾਂ ਪਰਉਪਕਾਰੀ ਜਜ਼ਬਾ ਰੱਖਣ ਵਾਲਾ ਜਿਹੜਾ ਮਨੁੱਖ ਹੈ, ਉਹ ਪ੍ਰਮਾਤਮਾ ਤੱਕ ਪਹੁੰਚ ਸਕੇਗਾ। ਪਸ਼ੂਆਂ ਦਾ ਵਿਕਸਿਤ ਸਰੂਪ ਹੈ ਗਊ ਅਤੇ ਸ਼ੇਰ।

ਪੰਛੀਆਂ ਵਿਚੋਂ ਹੰਸ ਦੀ ਆਪਣੀ ਇਕ ਖ਼ਾਸ ਦੁਨੀਆਂ ਹੈ। ਅਸੀਂ ਪਵਿੱਤਰ ਮਨੁੱਖ ਲਈ ਜੇਕਰ ਤਸ਼ਬੀਹ ਲੱਭਦੇ ਹਾਂ ਤਾਂ ਕਹਿੰਦੇ ਹਾਂ ਕਿ ਇਹ ਤਾਂ ਬਿਲਕੁਲ ਹੰਸ ਹੈ। ਹੰਸ ਵੀ ਧਾਰਮਿਕ ਮੰਦਿਰਾਂ ਦੀ ਰੌਣਕ ਬਣੇ। ਰਿਸ਼ੀ-ਮੁਨੀਆਂ ਦੇ ਆਸ਼ਰਮ ਦੀ ਰੌਣਕ ਬਣੇ। ਉਹ ਹੰਸਾਂ ਨੂੰ ਪਾਲ ਕੇ ਰੱਖਦੇ ਸਨ, ਗਊਆਂ ਨੂੰ ਪਾਲ ਕੇ ਰੱਖਦੇ ਸਨ। ਅਣਗਿਣਤ ਜੋਗੀ-ਜੰਗਮ ਸ਼ੇਰਾਂ ਨੂੰ ਵੀ ਰੱਖਦੇ ਸਨ ਆਪਣੇ ਆਸ਼ਰਮ ਵਿਚ ਅਤੇ ਕੀਮਤੀ ਪੰਨੇ ਵੀ ਰੱਖਦੇ ਸਨ, ਚੰਦਨ ਵੀ ਰੱਖਦੇ ਸਨ ਤਾਂਕਿ ਮਨੁੱਖ ਇਹਨਾਂ ਵਿਕਸਿਤ ਹੋਏ ਜੀਵਾਂ ਤੋਂ ਅਤੇ ਵਿਕਸਿਤ ਹੋਈਆਂ ਵਸਤੂਆਂ ਤੋਂ ਵਿਕਾਸ ਦੀ ਪ੍ਰੇਰਨਾ ਲੈ ਸਕਣ। ਸਿਖਰ ਤੱਕ ਪਹੁੰਚਣ ਦੀ ਪ੍ਰੇਰਨਾ ਲੈ ਸਕਣ।

ਜੀਵ ਦੀ ਚੇਤਨਾ ਦਾ ਚੌਥਾ ਪੜਾਅ ਹੈ ਮਨੁੱਖ। ਅਸੀਂ ਚੌਥੇ ਪੜਾਅ 'ਤੇ ਖੜੇ ਹਾਂ। ਖੜੇ ਪੜਾਅ 'ਤੇ ਹਾਂ, ਮੰਜ਼ਿਲ 'ਤੇ ਨਹੀਂ। ਅਜੇ ਅਸੀਂ ਰਸਤੇ ਵਿਚ ਹਾਂ। ਮਨੁੱਖ ਵੀ ਇਕ ਮਾਰਗ ਦਾ ਪੜਾਅ ਹੈ, ਜਿਵੇਂ ਕਿ ਬਨਸਪਤੀ, ਜਿਵੇਂ ਕਿ ਪਸ਼ੂ ਅਤੇ ਪੰਛੀ। ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦੇ ਬੜੇ ਸੁੰਦਰ ਉਦਾਹਰਨ ਹਨ—

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥* (ਅੰਗ ੧੭੬)

ਤੂੰ ਇਹਨਾਂ ਤਮਾਮ ਜੂਨੀਆਂ ਵਿਚੋਂ ਲੰਘ ਕੇ ਆਇਆ ਅਤੇ ਅੱਜ ਮਨੁੱਖਤਾ ਤੱਕ ਪਹੁੰਚਿਆ ਹੈਂ। ਇਥੇ ਰੁੱਕ ਨਾ, ਹੋਰ ਅਗਾਂਹ ਵੱਧ। ਜਦੋਂ ਤੂੰ ਅਗਾਂਹ ਵੱਧੇਂਗਾ ਤਾਂ ਫਿਰ ਮਨੁੱਖ ਮਨੁੱਖ ਨਹੀਂ ਰਹੇਗਾ, ਉਹ ਦੇਵਤਾ ਬਣ ਜਾਏਗਾ। ਮਨੁੱਖਤਾ ਤੋਂ ਅਗਾਂਹ ਟੱਪੇ ਹੋਏ ਮਨੁੱਖ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਇਹ ਤਾਂ ਦੇਵਤਾ ਹੈ, ਇਹ ਤਾਂ ਫ਼ਰਿਸ਼ਤਾ ਹੈ। ਪਰ ਮਨੁੱਖ ਹੋ ਕੇ ਜਿਹੜਾ ਪੱਛੜ ਗਿਆ ਹੈ, ਪਿੱਛੇ ਚਲਾ ਗਿਆ ਹੈ, ਸਾਨੂੰ ਕਹਿਣਾ ਪੈਂਦਾ ਹੈ ਕਿ ਇਹ ਮਨੁੱਖ ਨਹੀਂ, ਇਹ ਤਾਂ ਨਿਰਾ ਪਸ਼ੂ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ-

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨੁ ਰਾਤਿ ॥*

(ਅੰਗ ੨੬੭)

ਸ਼ਕਲ ਸੂਰਤ ਮਨੁੱਖਾਂ ਵਾਲੀ ਹੈ, ਪਰ ਕਰਤੂਤ ਤਮਾਮ ਪਸ਼ੂਆਂ ਵਾਲੀ ਹੈ। ਕਹਿੰਦੇ ਹਨ, ਪੱਥਰ ਪੱਥਰ ਦੀ ਹੋਂਦ ਤੋਂ ਪਿੱਛੇ ਨਹੀਂ ਜਾ ਸਕਦਾ, ਅੱਗੇ ਹੀ ਜਾ ਸਕਦਾ ਹੈ। ਵਿਕਾਸ ਦਾ ਮਤਲਬ ਹੈ ਅਗਾਂਹ ਹੋਣਾ, ਅੱਗੇ ਹੋਣਾ। ਬਨਸਪਤੀ ਅਗਾਂਹ ਵੱਧ ਸਕਦੀ ਹੈ ਅਤੇ ਸਹਿਜੇ-ਸਹਿਜੇ ਵਿਕਾਸ ਜਾਰੀ ਹੈ। ਪਸ਼ੂ-ਪੰਛੀਆਂ ਦੀ ਦੁਨੀਆਂ ਵਿਚ ਸਹਿਜੇ-ਸਹਿਜੇ ਵਿਕਾਸ ਜਾਰੀ ਹੈ। ਉਹ ਅੱਗੇ ਜਾ ਸਕਦੇ ਹਨ, ਪਿੱਛੇ ਨਹੀਂ ਜਾ ਸਕਦੇ। ਪਰ ਮਨੁੱਖ ਦੇ ਅਗਾਂਹ ਹੋਣ ਦਾ ਮਤਲਬ ਹੈ ਦੇਵਤਾ ਹੋਣਾ। ਚੋਣ ਤੂੰ ਸੁਇੰਮ ਕਰਨੀ ਹੈ। ਮਨੁੱਖ ਸਹੀ ਚੋਣ ਕਰ ਸਕੇ ਅਤੇ ਇਸ ਚੁਣਾਵ ਵਿਚ ਕਿਤੇ ਭਟਕ ਨਾ ਜਾਏ, ਗਾਹੇ ਬਗਾਹੇ ਰਹਿਬਰੀ ਪੁਰਸ਼ ਜ਼ਮੀਨ 'ਤੇ ਆਉਂਦੇ ਰਹੇ ਅਤੇ ਮਨੁੱਖ ਨੂੰ ਅਗਾਂਹ ਵੱਧਣ ਦੀ ਪ੍ਰੇਰਨਾ ਦਿੰਦੇ ਰਹੇ। ਅਤੀਤ ਦੀ ਖਿੱਚ ਬੜੀ ਹੈ, ਅਤੀਤ ਦਾ ਮੋਹ ਬੜਾ ਹੈ, ਭੂਤਕਾਲ ਦਾ ਮੋਹ ਬੜਾ ਹੈ। ਜਿਥੋਂ ਅਸੀਂ ਲੰਘ ਕੇ ਆਏ ਹਾਂ ਉਥੋਂ ਦੀ ਪਕੜ ਬਹੁਤ ਹੈ। ਕਈ ਵਾਰੀ ਜਿਨ੍ਹਾਂ ਗਲੀਆਂ ਵਿਚੋਂ ਮਨੁੱਖ ਲੰਘ ਕੇ ਆਉਂਦਾ ਹੈ, ਉਹਨਾਂ ਦੀ ਧੂੜ ਵੀ ਨਾਲ ਲੈ ਕੇ ਆਉਂਦਾ ਹੈ। ਜਿਸ ਜਿਸ ਜੂਨ ਵਿਚੋਂ ਅਸੀਂ ਲੰਘ ਕੇ ਆਏ ਹਾਂ, ਉਹਨਾਂ ਦੇ ਸੰਸਕਾਰ ਸਾਡੇ ਨਾਲ ਹਨ। ਇਸ ਲਈ ਮਨੁੱਖ ਹੁੰਦਿਆਂ ਹੋਇਆਂ ਕਈ ਵਾਰੀ ਸਾਡੇ ਕੋਲ ਅਜਿਹੇ ਕਰਮ ਹੁੰਦੇ ਹਨ ਜੋ ਮਨੁੱਖਤਾ ਦੀ ਕਸੌਟੀ 'ਤੇ ਪੂਰੇ ਨਹੀਂ ਉਤਰਦੇ।

ਮਨੁੱਖ ਹੁੰਦਿਆਂ ਹੋਇਆਂ ਕਈ ਵਾਰੀ ਅਸੀਂ ਅਜਿਹਾ ਵਿਵਹਾਰ ਕਰਦੇ ਹਾਂ ਜੋ ਪਸ਼ੂਆਂ ਤੋਂ ਵੀ ਥੱਲੇ ਮਨੁੱਖ ਨੂੰ ਲੈ ਜਾਂਦਾ ਹੈ। ਇਹ ਕਰਮ, ਇਹ ਵਿਵਹਾਰ ਇਸ ਗੱਲ ਨੂੰ ਸਿੱਧ ਕਰਦੇ ਹਨ ਕਿ ਮਨੁੱਖ ਦੇ ਅੰਦਰ ਅਤੀਤ ਦੀ ਖਿੱਚ ਹੈ। ਜਿੱਥੋਂ ਮਨੁੱਖ ਲੰਘ ਕੇ ਆਇਆ ਹੈ, ਉਹਨਾਂ ਦੀ ਬਹੁਤ ਤਕੜੀ ਖਿੱਚ ਹੈ। ਭਾਰਤ ਦੇ ਵਿਚ ਕੁਝ ਇਸ ਤਰ੍ਹਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ ਜਿਨ੍ਹਾਂ ਦੇ ਰਾਜ਼ ਅਤੇ ਰਮਜ਼ ਨੂੰ ਥੋੜ੍ਹਾ ਜਿਹਾ ਸਮਝਣਾ ਹੈ। ਕਹਾਵਤਾਂ ਹਨ, ਪੁਰਾਣਕ ਮਿਥਿਹਾਸ ਹੈ ਕਿ ਰਿਸ਼ੀ ਮਾਂਡੋ ਦਾ ਜਨਮ ਮੈਂਡਕੀ ਤੋਂ ਹੋਇਆ। ਮਛੰਦਰ ਨਾਥ ਦਾ ਜਨਮ ਮੱਛੀ ਤੋਂ ਹੋਇਆ। ਰਿਸ਼ੀ ਗੋਕੜ ਦਾ ਜਨਮ ਗਊ ਤੋਂ ਹੋਇਆ। ਪ੍ਰਾਕਿਰਤਕ ਨਿਯਤ 'ਤੇ ਇਹ ਗੱਲ ਪੂਰੀ ਨਹੀਂ ਉਤਰਦੀ ਕਿ ਕੋਈ ਮੈਂਡਕ ਕਿਸੇ ਮਨੁੱਖ ਨੂੰ ਜਨਮ ਦੇਵੇ, ਕੋਈ ਮੱਛੀ ਕਿਸੇ ਮਨੁੱਖ ਨੂੰ ਜਨਮ ਦੇਵੇ, ਕੋਈ ਗਊ ਕਿਸੇ ਮਨੁੱਖ ਨੂੰ ਜਨਮ ਦੇਵੇ। ਕਾਦਰ ਕਰੀਮ ਦੇ ਬਣਾਏ ਹੋਏ ਕਾਨੂੰਨ 'ਤੇ ਇਹ ਗੱਲ ਪੂਰੀ ਨਹੀਂ ਉਤਰਦੀ। ਕਿਉਂਕਿ ਧਰਮ ਗ੍ਰੰਥਾਂ ਦੀਆਂ ਸਾਖੀਆਂ ਪੀੜੀ-ਦਰ-ਪੀੜੀ ਹਜ਼ਾਰਾਂ ਸਾਲ ਤੋਂ ਸਾਡੇ ਦੇਸ਼ ਵਿਚ ਸੁਣਾਈਆਂ ਜਾ ਰਹੀਆਂ ਹਨ, ਪੜ੍ਹੀਆਂ ਜਾ ਰਹੀਆਂ ਹਨ, ਸੁਣੀਆਂ ਜਾ ਰਹੀਆਂ ਹਨ। ਲਾਜ਼ਮੀ ਇਹਨਾਂ ਵਿਚ ਤੱਥ ਹੋਵੇਗਾ, ਕੁਝ ਰਾਜ਼ ਹੋਵੇਗਾ, ਜਿਸਨੂੰ ਲੱਭਣ ਦੀ ਲੋੜ ਹੈ।

ਕਹਿੰਦੇ ਹਨ ਮਛੰਦਰ ਦਾ ਮੱਛੀ ਤੋਂ ਜਨਮ ਹੋਇਆ। ਮੇਰੇ ਅਧਿਐਨ ਵਿਚ ਜੋ ਗੱਲ ਆਈ ਹੈ ਉਸਨੂੰ ਇਸ ਤਰੀਕੇ ਨਾਲ ਪੇਸ਼ ਕਰਾਂ ਕਿ 80 ਸਾਲ ਦੀ ਉਮਰ ਵਿਚ ਜਿਸ ਸਮੇਂ ਮਛੰਦਰ ਨਾਥ ਜੋਗੀਆਂ ਦਾ ਬਾਣਾ ਤਿਆਗ ਕੇ ਭੋਗੀ ਬਣਦਾ ਹੈ, ਵਿਆਹ ਕਰਦਾ ਹੈ,

ਸ਼ਰਾਬ ਵਿਚ ਲੀਨ ਰਹਿੰਦਾ ਹੈ, ਜੂਆ ਖੇਡਦਾ ਹੈ, ਨਿਰਤ ਦੇਖਦਾ ਹੈ। 80 ਸਾਲ ਦੀ ਉਮਰ ਵਿਚ ਜੋਗ ਤੋਂ ਭਰੱਸ਼ਟ ਹੋ ਕੇ ਭਰੱਸ਼ਟ ਜੋਗੀ ਹੋ ਗਿਆ ਤਾਂ ਕਹਿੰਦੇ ਹਨ ਗੋਰਖ ਨੂੰ ਬੜਾ ਸਦਮਾ ਪਹੁੰਚਿਆ, ਜੋ ਉਹਨਾਂ ਦਾ ਮੁੱਖੀ ਚੇਲਾ ਸੀ। ਉਹਨਾਂ ਦੇ ਕੋਲ ਗਿਆ ਅਤੇ ਕਿਹਾ ਐ ਗੁਰਦੇਵ ! ਤੁਹਾਡੇ ਇਸ ਤਰ੍ਹਾਂ ਭਰੱਸ਼ਟ ਹੋਣ ਦੇ ਨਾਲ ਜੋਗ ਪੰਥ ਨੂੰ ਬਹੁਤ ਵੱਡੀ ਸੱਟ ਲੱਗੀ ਹੈ। ਜੁਆਨੀ ਤੁਹਾਡੀ ਬੇਦਾਗ਼ ਲੰਘ ਗਈ, ਬਚਪਨਾ ਤੁਹਾਡਾ ਭੋਲੇ-ਭਾਅ ਵਿਚ ਲੰਘ ਗਿਆ, ਪਰ ਬੁਢੇਪਾ ਤੁਹਾਡਾ ਦਾਗ਼ੀ ਹੈ। ਬੁਢੇਪੇ ਵਿਚ ਤੁਸੀਂ ਬਹੁਤ ਵੱਡਾ ਕੁਕਰਮ ਕੀਤਾ ਹੈ। ਇਹ ਵਿਆਖਿਆ ਇੰਨੀ ਦਿਲ-ਚੁਭਵੀਂ ਗੋਰਖ ਨਾਥ ਨੇ ਕੀਤੀ ਕਿ ਮਛੰਦਰ ਦੀਆਂ ਅੱਖਾਂ ਭਰ ਆਈਆਂ। ਰੋ ਪਿਆ। ਚੌਂਕੜਾ ਮਾਰ ਕੇ ਬੈਠ ਗਿਆ, ਕਹਿਣ ਲੱਗਾ ਕਿ ਗੋਰਖ ! ਮੈਨੂੰ ਸਮਾਧੀ ਵਿਚ ਜਾਣ ਦੇ ਅਤੇ ਮੈਂ ਦੇਖਣਾ ਚਾਹੁੰਦਾ ਹਾਂ ਕਿ ਮੇਰਾ ਪਿਛਲਾ ਜਨਮ ਕੀ ਸੀ। ਮੇਰਾ ਅਤੀਤ ਕੀ ਸੀ ? ਮਹਾਂਪੁਰਸ਼ ਆਤਮ-ਬੱਲ ਨਾਲ ਜੇਕਰ ਸੁਰਤ ਅੱਗੇ ਕਰੇ ਤਾਂ ਭਵਿੱਖ ਦੀ ਗੱਲ ਦੱਸ ਸਕਦਾ ਹੈ। ਜੇਕਰ ਸੁਰਤ ਪਿੱਛੇ ਕਰੇ ਤਾਂ ਭੂਤਕਾਲ ਦੀਆਂ ਗੱਲਾਂ ਵੀ ਕਰ ਸਕਦਾ ਹੈ।

ਸ਼ਮਸ ਤਬਰੇਜ਼ ਨੇ ਸਾਫ਼ ਲਿਖ ਦਿੱਤਾ ਹੈ ਕਿ ਮੇਰੀਆਂ ਪਿਛਲੀਆਂ ਜੋ ਨੌਂ ਮਾਵਾਂ ਹਨ, ਜਿਨ੍ਹਾਂ ਦੀ ਗੋਦ ਵਿਚ ਮੈਂ ਖੇਡ ਚੁੱਕਿਆ ਹਾਂ, ਉਹਨਾਂ ਦੀ ਸ਼ਕਲ ਸੂਰਤ ਮੇਰੇ ਸਾਹਮਣੇ ਬਾਰ-ਬਾਰ ਆਉਂਦੀ ਹੈ। ਹਾਲਾਂਕਿ ਇਹ ਸੂਫ਼ੀ ਫ਼ਕੀਰ ਹੈ, ਮੁਸਲਮਾਨ ਹੈ। ਇਸਲਾਮ ਪੁਨਰ ਜਨਮ ਨੂੰ ਨਹੀਂ ਮੰਨਦਾ। ਈਸਾਈਅਤ ਪੁਨਰ ਜਨਮ ਨੂੰ ਨਹੀਂ ਮੰਨਦੀ। ਹਿੰਦੁਸਤਾਨ ਤੋਂ ਬਾਹਰ ਜਿੰਨੇ ਵੀ ਧਰਮ ਹਨ, ਉਹ ਪੁਨਰ ਜਨਮ ਨੂੰ ਨਹੀਂ ਮੰਨਦੇ। ਚਾਹੇ ਯਹੂਦੀ ਹਨ, ਪਾਰਸੀ ਹਨ, ਈਸਾਈ ਹਨ, ਇਹ ਪੁਨਰ ਜਨਮ ਨੂੰ ਨਹੀਂ ਮੰਨਦੇ। ਬਾਰ-ਬਾਰ ਦੇ ਜਨਮ ਨੂੰ, ਪੁਨਰ ਜਨਮ ਨੂੰ ਮੰਨਣ ਦੀ ਜਿਹੜੀ ਭਾਵਨਾ ਹੈ, ਇਹ ਸਿਰਫ਼ ਹਿੰਦੁਸਤਾਨ ਵਿਚ ਹੈ। ਚਾਹੇ ਉਹ ਜੋਗੀ ਹਨ, ਜੈਨੀ ਹਨ, ਸਿੱਖ ਹਨ, ਸਨਾਤਨੀ ਹਨ, ਕੋਈ ਵੀ ਪੰਥ ਹੈ, ਜਿਹੜਾ ਇਸ ਦੇਸ਼ ਵਿਚ ਪੈਦਾ ਹੋਇਆ ਉਹ ਪੁਨਰ ਜਨਮ ਨੂੰ ਮੰਨਦਾ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਆਪਣੀ ਕਥਾ ਲਿਖੀ ਹੈ। ਉਸ ਦੇ ਵਿਚ ਦੱਸਿਆ ਹੈ ਕਿ ਮੈਂ ਪਿਛਲੇ ਜਨਮ ਵਿਚ ਹੇਮਕੁੰਟ ਦਾ ਤਪੀਸ਼ਵਰ ਸੀ। ਮੈਂ ਉਥੇ ਬੈਠ ਕੇ ਤੱਪ ਕਰਦਾ ਸੀ। ਸ਼ਮਸ ਤਬਰੇਜ਼ ਕਹਿੰਦਾ ਹੈ ਕਿ ਮੈਂ ਪਿਛਲੇ ਜਨਮ ਵਿਚ ਫ਼ਕੀਰ ਸੀ ਅਤੇ ਮੈਂ ਆਪਣੀਆਂ ਨੌਂ ਮਾਵਾਂ ਨੂੰ ਜਾਣਦਾ ਹਾਂ। ਕਬੀਰ ਕਹਿੰਦੇ ਹਨ ਕਿ ਮੈਂ ਪਿਛਲੇ ਜਨਮ ਵਿਚ ਵੀ ਭਗਤ ਸੀ, ਪਰ ਮੈਨੂੰ ਮੁਕਤੀ ਨਹੀਂ ਮਿਲ ਸਕੀ—

*ਐਸੇ ਘਰ ਹਮ ਬਹੁਤੁ ਬਸਾਏ॥*
*ਜਬ ਹਮ ਰਾਮ ਗਰਭ ਹੋਇ ਆਏ॥*

(ਅੰਗ ੩੨੬)

ਇਸ ਤਰ੍ਹਾਂ ਦੇ ਘਰ ਮੈਂ ਬਹੁਤ ਬਸਾਏ ਹਨ, ਜਿਸ ਤਰ੍ਹਾਂ ਦਾ ਮੈਂ ਹੁਣ ਬਸਾਇਆ ਹੈ।

*ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥*

(ਅੰਗ ੬੭੦)

ਹੇ ਪ੍ਰਭੂ ! ਪਿਛਲੇ ਜਨਮ ਵਿਚ ਵੀ ਮੈਂ ਤੇਰਾ ਸੇਵਕ ਸੀ ਪਰ ਤੇਰੇ ਤੱਕ ਨਹੀਂ ਪਹੁੰਚ ਸਕਿਆ। ਹੁਣ ਤੂੰ ਬਖ਼ਸ਼ਿਸ਼ ਕਰੀਂ ਤਾਂਕਿ ਮੈਂ ਤੇਰੇ ਤੱਕ ਪਹੁੰਚ ਸਕਾਂ। ਐਤਕੀ ਜਿਹੜਾ ਮੇਰਾ ਜਨਮ ਹੈ ਇਹ ਐਵੇਂ ਜ਼ਾਇਆ ਨਾ ਚਲਾ ਜਾਏ।

ਮਛੰਦਰ ਨਾਥ ਸਮਾਧੀ ਵਿਚ ਬੈਠਾ। ਉਸਨੇ ਸੁਰਤ ਨੂੰ ਪਿੱਛੇ ਕੀਤਾ। ਅੱਖਾਂ ਖੋਲ੍ਹੀਆਂ, ਅੱਖਾਂ ਵਿਚ ਹੰਝੂ ਸਨ। ਗੋਰਖ ਕਹਿੰਦਾ ਹੈ, ਰੋ ਰਹੇ ਹੋ, ਗੱਲ ਕੀ ਹੈ ? ਕਹਿਣ ਲੱਗਾ, ਮੇਰਾ ਪਿਛਲਾ ਜਨਮ ਮੱਛੀ ਦਾ ਸੀ ਅਤੇ ਆਖ਼ਰੀ ਕੜੀ ਮੱਛੀ ਦੀ ਹੈ। ਮੈਂ ਉਸਨੂੰ ਤਿਆਗ ਕੇ ਮਨੁੱਖ ਬਣਿਆ। ਮੱਛੀ ਦੇ ਸੰਸਕਾਰ ਮੇਰੇ ਅੰਦਰ ਬੜੇ ਪ੍ਰਬਲ ਹਨ। ਮੱਛੀ ਦੀ ਚੰਚਲਤਾ ਮੇਰੇ ਅੰਦਰ ਮੌਜੂਦ ਹੈ। ਮੈਂ ਜੋਗ ਦੀ ਸਾਧਨਾ ਨਾਲ, ਭਗਤੀ ਦੇ ਨਾਲ ਸਾਰੇ ਪਸ਼ੂਆਂ ਦੇ ਸੰਸਕਾਰ ਅੰਦਰੋਂ ਧੋ ਦਿੱਤੇ ਹਨ ਪਰ ਮੈਂ ਮੱਛੀ ਦੇ ਸੰਸਕਾਰ ਨਹੀਂ ਧੋ ਸਕਿਆ, ਜਿਸ ਦੀ ਚੰਚਲਤਾ ਨੇ ਮੈਨੂੰ ਬੁਢੇਪੇ ਵਿਚ ਦਾਗ਼ੀ ਬਣਾ ਦਿੱਤਾ।

ਇਹ ਗੱਲ ਵਿਚਾਰ ਅਤੇ ਸਚਾਈ ਦੀ ਕਸੌਟੀ ਉਤੇ ਬਿਲਕੁਲ ਪੂਰੀ ਉਤਰਦੀ ਹੈ। ਮਨੁੱਖ ਦੇ ਕੁਝ ਸੰਸਕਾਰ ਪਸ਼ੂਆਂ ਵਰਗੇ ਹਨ ਤਾਂ ਹੀ ਇਸ ਕੋਲੋਂ ਕੁਝ ਕੰਮ ਪਸ਼ੂਆਂ ਵਰਗੇ ਹੋ ਜਾਂਦੇ ਹਨ। ਰਿਸ਼ੀ ਮਾਂਡੋ ਬਾਰੇ ਜ਼ਿਕਰ ਹੈ ਕਿ ਇਸ ਦਾ ਜਨਮ ਮੈਂਡਕੀ ਤੋਂ ਹੋਇਆ। ਖੋਜ ਕਰਨ ਤੋਂ ਬਾਅਦ ਜਿਹੜੀ ਗੱਲ ਸਾਹਮਣੇ ਆਈ ਹੈ, ਉਹ ਇਹ ਹੈ ਕਿ ਵਿਚਾਰ ਸਭਾ ਵਿਚ ਇਹ ਮਾਂਡੋ ਕਿਸੇ ਨਾਲ ਵੀ ਸਹਿਮਤ ਨਹੀਂ ਹੁੰਦਾ ਸੀ, ਤਰਕ ਖੜੀ ਕਰ ਦਿੰਦਾ ਸੀ। ਸਹਿਮਤ ਹੋਣ ਲਈ ਵਧੇਰੀ ਅਕਲ ਚਾਹੀਦੀ ਹੈ, ਤਰਕ ਕੋਈ ਨਹੀਂ ਕਰ ਸਕਦਾ। ਤਰਕ ਤਾਂ ਪ੍ਰਮਾਤਮਾ 'ਤੇ ਵੀ ਕੀਤੀ ਜਾ ਸਕਦੀ ਹੈ। ਇਹ ਬਿਲਕੁਲ ਤਰਕ ਕਰ ਦਿੰਦਾ ਸੀ। ਇਹ ਝੂਠ ਦਾ ਤਾਂ ਖੰਡਨ ਕਰਦਾ ਸੀ ਪਰ ਸੱਚ ਦਾ ਵੀ ਖੰਡਨ ਕਰ ਦਿੰਦਾ ਸੀ। ਜਿਸ ਸਮੇਂ ਭੰਡ ਕੇ ਆਪਣੀ ਕੁਟੀਆ ਵਿਚ ਆਉਂਦਾ ਸੀ, ਤਾਂ ਇਸ ਨੂੰ ਪਸਚਾਤਾਪ ਵੀ ਬੜਾ ਹੁੰਦਾ ਸੀ। ਆਖ਼ਿਰ ਨਾਲ ਦੇ ਸ਼ਿਸ਼ਾਂ ਨੇ ਪੁੱਛ ਲਿਆ, ਮਹਾਤਮਾ ਜੀ ! ਤੁਹਾਡੀ ਇਸ ਫ਼ਿਤਰਤ ਦੇ ਨਾਲ ਸਾਡੀ ਬਦਨਾਮੀ ਬੜੀ ਹੁੰਦੀ ਹੈ। ਤੁਸੀਂ ਹਰ ਗੱਲ ਨੂੰ ਤਰਕ ਕਰ ਦਿੰਦੇ ਹੋ। ਕਹਿੰਦੇ ਹਨ ਕਿ ਸਮਾਧੀ ਵਿਚ ਜਿਸ ਸਮੇਂ ਮਾਂਡੋ ਗਿਆ ਤਾਂ ਇਸਨੂੰ ਆਪਣਾ ਪਿਛਲਾ ਜਨਮ ਮੈਂਡਕੀ ਦਾ ਦਿੱਸਿਆ। ਰਿਸ਼ੀ ਮਾਂਡੋ ਨੇ ਰੋਂਦਿਆਂ ਹੋਇਆਂ ਕਿਹਾ ਕਿ ਮੈਂ ਹੁਣ ਆਪਣੇ ਅੰਦਰੋਂ ਇਸ ਮੈਂਡਕ ਨੂੰ ਬਾਹਰ ਕੱਢਣਾ ਹੈ। ਜਿਸ ਦਿਨ ਮਨੁੱਖ ਆਪਣੇ ਅੰਦਰੋਂ ਸਾਰੇ ਪਸ਼ੂਆਂ ਨੂੰ ਕੱਢ ਲੈਂਦਾ ਹੈ, ਉਸ ਦਿਨ ਪੂਰਨ ਮਨੁੱਖ ਬਣਦਾ ਹੈ। ਜਿਸ ਦਿਨ ਪੂਰਨ ਮਨੁੱਖ ਬਣਦਾ ਹੈ, ਉਸੇ ਦਿਨ ਹੀ ਪ੍ਰਮਾਤਮਾ ਦਾ ਸਿੰਘਾਸਣ ਇਸਨੂੰ ਨਸੀਬ ਹੁੰਦਾ ਹੈ। ਸਿਰਫ਼ ਇਕ ਪਸ਼ੂ ਉਤੇ ਭਾਰਤ ਦਾ ਦ੍ਰਿਸ਼ਟੀਕੋਣ ਨਹੀਂ ਟਿੱਕਿਆ। ਹਰ ਮਨੁੱਖ ਵੱਖ-ਵੱਖ ਕੜੀ ਤੋਂ ਮਨੁੱਖਤਾ ਤੱਕ ਪਹੁੰਚਿਆ ਹੈ। ਇਸ ਲਈ ਹਰ ਮਨੁੱਖ ਦਾ ਸੁਭਾਅ ਵੀ ਅਸੀਂ ਵੱਖ-ਵੱਖ ਦੇਖਦੇ ਹਾਂ।

ਇਥੇ ਅਸੀਂ ਪ੍ਰਮਾਤਮਾ ਦੀ ਸਾਧਨਾ ਦੇ ਨਾਲ ਅਗਾਂਹ ਚੱਲਣਾ ਹੈ ਤੇ ਜਦੋਂ ਅਗਾਂਹ ਚੱਲਾਂਗੇ ਤਾਂ ਲੋਕੀਂ ਇਹੀ ਕਹਿਣਗੇ ਕਿ ਇਹ ਬੰਦਾ ਨਹੀਂ, ਇਹ ਦੇਵਤਾ ਹੈ। ਜੇ ਪੱਛੜ ਗਏ ਤਾਂ ਲੋਕਾਂ ਨੇ ਕਹਿ ਦੇਣਾ ਹੈ ਕਿ ਇਹ ਬੰਦਾ ਨਹੀਂ, ਇਹ ਤਾਂ ਪਸ਼ੂ ਹੈ। ਅਸੀਂ ਦੇਵਤਾ ਹੋਣ ਲਈ ਇਥੇ ਆਏ ਹਾਂ। ਜੇ ਇਸ ਜਨਮ ਵਿਚ ਦੇਵਤਾ ਨਾ ਬਣ ਸਕੇ ਤਾਂ ਫਿਰ ਬਹੁਤ ਵੱਡਾ ਇਹ ਦੁਰਭਾਗ ਹੋਵੇਗਾ। ਇਸ ਤਰ੍ਹਾਂ ਦਾ ਅਵਸਰ ਬਾਰ-ਬਾਰ ਨਹੀਂ ਮਿਲਦਾ—

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਰਹਰਾਸਿ ਸਾਹਿਬ)

ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ

☆☆☆

# ਅਪੁ ਤੇਜ ਬਾਇ ਪ੍ਰਿਥਮੀ ਆਕਾਸਾ

ਸਤਿਕਾਰ ਯੋਗ ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਕਬੀਰ ਜੀ ਦਾ ਫੁਰਮਾਣ ਹੈ-

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥*
*ਐਸੀ ਰਹਤ ਰਹਉ ਹਰਿ ਪਾਸਾ॥*

(ਅੰਗ ੩੨੭)

ਇਸ ਤਰ੍ਹਾਂ ਦੀ ਰਹਿਣੀ ਰਹੋ ਤਾਂ ਹਰੀ ਦੀ ਨੇੜਤਾ ਨਸੀਬ ਹੋ ਜਾਏਗੀ। ਹਰੀ ਦਾ ਮਿਲਣ ਨਸੀਬ ਹੋ ਜਾਏਗਾ। ਕਿਹੋ ਜਿਹੀ ਰਹਿਣੀ ? ਅਪੁ=ਪਾਣੀ। ਤੇਜ=ਅਗਨੀ। ਬਾਇ=ਹਵਾ। ਇਹਨਾਂ ਪੰਜਾਂ ਤੱਤਾਂ ਦਾ ਸੁਭਾਅ ਅਲੱਗ-ਅਲੱਗ ਹੈ। ਇਕ ਤੱਤ ਦਾ ਸੁਭਾਅ ਦੂਜੇ ਤੱਤ ਨਾਲ ਮੇਲ ਨਹੀਂ ਖਾਂਦਾ। ਜਿਵੇਂ ਮਿੱਟੀ ਹੈ, ਧਰਤੀ ਹੈ, ਉਸ ਤਰ੍ਹਾਂ ਪਾਣੀ ਨਹੀਂ ਹੈ। ਜਿਸ ਤਰ੍ਹਾਂ ਦਾ ਪਾਣੀ ਹੈ, ਉਹੋ ਜਿਹੀ ਅਗਨੀ ਨਹੀਂ ਹੈ। ਜਿਸ ਤਰ੍ਹਾਂ ਦੀ ਅਗਨੀ ਹੈ, ਉਹੋ ਜਿਹੀ ਹਵਾ ਨਹੀਂ ਹੈ। ਸਾਡੇ ਦੇਸ਼ ਵਿਚ ਸਾਰਾ ਬ੍ਰਹਿਮੰਡ, ਇਹ ਪਿੰਡ, ਇਹ ਸਰੀਰ ਪੰਜ ਤੱਤਾਂ ਦਾ ਮੰਨਦੇ ਹਨ। ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਣ ਕਰ ਰਹੇ ਹਨ-

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ*
*ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

(ਅੰਗ ੭੩੬)

ਮਨੁੱਖ ਨੂੰ ਕਰਤਾ ਤਾਂ ਮੰਨੀਏ ਜੇ ਕੋਈ ਛੇਵਾਂ ਤੱਤ ਬਣਾ ਦੇਵੇ। ਮਨੁੱਖ ਜੋ ਕੁਝ ਵੀ ਬਣਾਉਂਦਾ ਪਿਆ ਹੈ, ਇਹਨਾਂ ਪੰਜ ਤੱਤਾਂ ਦੇ ਵਿਚੋਂ ਹੀ ਬਣਾਉਂਦਾ ਹੈ। ਜੋ ਭਾਰਤ ਦੇ ਧਰਮ ਪੈਦਾ ਹੋਏ ਹਨ—ਸਨਾਤਨ ਮੱਤ, ਜੈਨ ਮੱਤ, ਬੋਧ ਮੱਤ, ਸਿੱਖ ਮੱਤ, ਪੰਜ ਤੱਤ ਇਹ ਮੰਨਦੇ ਹਨ। ਮਿਡਲਸ ਦੇ ਚਾਰ ਧਰਮ ਜਿਹੜੇ ਪੈਦਾ ਹੋਏ ਹਨ—ਯਹੂਦੀ, ਈਸਾਈ, ਪਾਰਸੀ, ਇਸਲਾਮ—ਇਹ ਚਾਰ ਤੱਤ ਮੰਨਦੇ ਹਨ, ਪੰਜ ਤੱਤ ਨਹੀਂ ਮੰਨਦੇ।

ਇਕ ਚੰਗੇ ਮੁਸਲਮਾਨ ਨੇ ਮੇਰੇ ਉੱਤੇ ਇਕ ਪ੍ਰਸ਼ਨ ਕੀਤਾ ਸੀ ਕਿ ਸਰੀਰ ਵਿਚ ਪੰਜਵਾਂ ਤੱਤ ਕਿਹੜੀ ਥਾਂ 'ਤੇ ਹੈ ? ਸਰੀਰ ਵਿਚ ਪਵਣ ਹੈ, ਇਸ ਦਾ ਸਬੂਤ ਹੈ। ਸਰੀਰ ਵਿਚ ਅਗਨੀ

ਹੈ, ਇਸ ਦਾ ਵੀ ਸਬੂਤ ਹੈ। ਸਰੀਰ ਮਿੱਟੀ ਦਾ ਬਣਿਆ ਹੋਇਆ ਹੈ ਤਾਂ ਮਿੱਟੀ ਹੈ। ਸਰੀਰ ਵਿਚ ਪਾਣੀ ਵੀ ਹੈ ਪਰੰਤੂ ਸਰੀਰ ਦੇ ਅੰਦਰ ਆਕਾਸ਼ ਕਿੱਥੇ ਹੈ ? ਸਾਡੇ ਵਿਚ ਇਹ ਹੈ ਕਿ ਮਨੁੱਖ ਦੀ ਮ੍ਰਿਤੂ ਹੋ ਗਈ ਹੈ, ਸੂਖਸ਼ਮ ਅਤੇ ਅਸਥੂਲ ਦਾ ਸੰਬੰਧ ਟੁੱਟ ਗਿਆ ਹੈ। ਇਹ ਸੂਖਸ਼ਮ ਕਾਇਆ ਇਕ ਅੰਦਾਜ਼ੇ ਦੇ ਮੁਤਾਬਿਕ ਜਾਂ ਦੱਸ ਦਿਨਾਂ ਬਾਅਦ ਜਾਂ ਵੀਹ-ਤੀਹ ਚਾਲੀ ਦਿਨਾਂ ਬਾਅਦ ਕਿਤੇ ਜਨਮ ਲੈ ਲੈਂਦੀ ਹੈ। ਹਰ ਸਮੇਂ ਪ੍ਰਿਥਵੀ 'ਤੇ ਮੌਤ ਹੋ ਰਹੀ ਹੈ। ਲੱਖਾਂ ਮਨੁੱਖ ਰੋਜ਼ ਮਰਦੇ ਹਨ ਅਤੇ ਹਰ ਸਮੇਂ ਗਰਭ ਉਪਲਬੱਧ ਹੈ। ਜਿਹੜੇ ਸਾਧਾਰਨ ਜੀਵ ਨਹੀਂ ਹਨ, ਗ਼ੈਰ-ਸਾਧਾਰਨ ਹਨ, ਅਤੀ-ਉੱਤਮ ਅਤੇ ਅਤੀ-ਨੀਚ, ਇਹਨਾਂ ਨੂੰ ਜਨਮ ਲੈਣ ਲੱਗਿਆਂ ਬਹੁਤ ਸਮਾਂ ਲੱਗਦਾ ਹੈ। ਪਰ ਆਮ ਹਾਲਤ ਵਿਚ ਜਨਮ ਹੋ ਜਾਂਦਾ ਹੈ। ਕਿਉਂਕਿ ਆਮ ਲੋਕੀਂ ਸਾਧਾਰਨ ਹਨ। ਸਾਧਾਰਨ ਕਿਸਨੂੰ ਕਹਿੰਦੇ ਹਨ ? ਸੱਚ ਵੀ ਬੋਲਦੇ ਹਨ, ਝੂਠ ਵੀ ਬੋਲਦੇ ਹਨ। ਇਹਨਾਂ ਦਾ ਜਨਮ ਹੋ ਜਾਏਗਾ। ਦਾਨ ਵੀ ਕਰਦੇ ਹਨ, ਬੇਈਮਾਨੀ ਵੀ ਕਰਦੇ ਹਨ। ਬਾਣੀ ਵੀ ਪੜ੍ਹਦੇ ਹਨ, ਗੰਦੇ ਗੀਤ ਵੀ ਅਲਾਪਦੇ ਹਨ। ਸਤਿਸੰਗ ਵੀ ਕਰਦੇ ਹਨ, ਕੁਸੰਗਤ ਵੀ ਕਰਦੇ ਹਨ। ਅੰਮ੍ਰਿਤ ਦੀ ਤੜਪ ਵੀ ਰੱਖਦੇ ਹਨ, ਸ਼ਰਾਬ ਦੀ ਪਿਆਸ ਵੀ ਰੱਖਦੇ ਹਨ। ਇਹਨਾਂ ਨੂੰ ਕਹਿੰਦੇ ਹਨ ਸਾਧਾਰਨ ਮਨੁੱਖ। ਗ਼ੈਰ-ਸਾਧਾਰਨ ਇਹਨਾਂ ਨੂੰ ਉਡੀਕ ਕਰਨੀ ਪੈਂਦੀ ਹੈ।

ਬਾਬਾ ਫ਼ਰੀਦ ਵੀ ਆਖ਼ਿਰ ਮੁਸਲਮਾਨ ਹਨ। ਉਹ ਆਪਣੀ ਬਾਣੀ ਵਿਚ ਕਹਿੰਦੇ ਹਨ-

*ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥*
*ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥*

(ਅੰਗ ੧੩੮੨)

ਇਹ ਨਿਮਾਣੀਆਂ ਰੂਹਾਂ, ਇਹ ਸੂਖਸ਼ਮ ਸਰੀਰ, ਇਹ ਜੀਵ-ਆਤਮਾ ਕਬਰਾਂ ਨੂੰ ਮੱਲ ਕੇ ਬੈਠ ਜਾਂਦੀਆਂ ਹਨ। ਕਿਆਮਤ ਵਾਲੇ ਦਿਨ, ਪਰਲੋ ਵਾਲੇ ਦਿਨ ਅਜ਼ਰਾਈਲ ਜਿਹੜਾ ਫ਼ਰਿਸ਼ਤਾ ਹੈ, ਉਹ ਸ਼ਹਿਨਾਈ ਵਜਾਏਗਾ ਤੇ ਕਬਰਾਂ ਵਿਚੋਂ ਰੂਹਾਂ ਉੱਠ ਬੈਠਣਗੀਆਂ। ਉਹ ਖ਼ੁਦਾ ਦੇ ਦਰਬਾਰ ਵਿਚ ਪੇਸ਼ ਹੋਣਗੀਆਂ। ਮੁਹੰਮਦ ਸਾਹਿਬ ਜਿਨ੍ਹਾਂ ਦੀ ਹਾਮੀ ਭਰਨਗੇ, ਉਹ ਜੰਨਤ ਵਿਚ ਜਾਣਗੇ, ਬਾਕੀ ਨਹੀਂ। ਉਹਨਾਂ ਦਾ ਵਿਧੀ ਵਿਧਾਨ ਇਹ ਹੈ। ਜੰਨਤ ਹਮੇਸ਼ਾ ਲਈ ਜੰਨਤ, ਦੋਜ਼ਕ ਹਮੇਸ਼ਾ ਲਈ ਦੋਜ਼ਕ।

ਜਰਮਨੀ ਦਾ ਇਕ ਪ੍ਰਸਿੱਧ ਦਾਰਸ਼ਨਿਕ ਜੋ ਨਾਸਤਿਕ ਹੋ ਗਿਆ ਸੀ ਨੀਤੀਸ਼, ਉਹ ਕਹਿੰਦਾ ਹੈ ਕਿ ਇਹ ਕਹਿਣਾ ਛੱਡ ਦਿਉ ਕਿ ਖ਼ੁਦਾ ਕਰੀਮ ਹੈ, ਰਹੀਮ ਹੈ, ਰਹਿਮਾਨ ਹੈ, ਦਇਆਲੂ ਹੈ, ਕ੍ਰਿਪਾਲੂ ਹੈ। ਨਾਸਤਿਕ ਹੋ ਗਿਆ ਸੀ, ਈਸਾਈ ਸੀ। ਕਿਉਂਕਿ ਜੋ ਇਸਲਾਮ ਦੀ ਮਨੌਤ ਹੈ, ਉਹੀ ਈਸਾਈਅਤ ਦੀ ਹੈ। ਕਿਸੇ ਹੱਦ ਤੱਕ ਬਾਬੇ ਆਦਮ ਕੋਲ ਇਹਨਾਂ ਚਾਰਾਂ

ਦੀ ਕਥਾ ਚੱਲਦੀ ਹੈ। ਇਹ ਚਾਰੇ ਧਰਮ ਜੋ ਮਿਡਲਸ ਵਿਚ ਹੋਏ ਹਨ, ਇਹ ਕਹਿੰਦੇ ਹਨ ਕਿ ਕਿਆਮਤ ਵਾਲੇ ਦਿਨ ਤੱਕ ਰੂਹ ਕਬਰ ਵਿਚ ਪਈ ਰਹੇਗੀ। ਜੀਵ-ਆਤਮਾ ਕਬਰ ਵਿਚ ਹੋਵੇਗੀ। ਕਿਆਮਤ ਵਾਲੇ ਦਿਨ ਅਜ਼ਰਾਈਲ ਫ਼ਰਿਸ਼ਤਾ ਉਹ ਸ਼ਹਿਨਾਈ ਵਜਾਏਗਾ ਫਿਰ ਸਾਰੀਆਂ ਰੂਹਾਂ ਉੱਠ ਬੈਠਣਗੀਆਂ। ਖ਼ੁਦਾ ਦੇ ਦਰਬਾਰ ਵਿਚ ਪੇਸ਼ ਹੋਣਗੀਆਂ। ਉਹ ਅਜਿਹਾ ਮੰਨਦੇ ਹਨ ਕਿ ਸੱਤਵੇਂ ਆਸਮਾਨ 'ਤੇ ਖ਼ੁਦਾ ਬੈਠਾ ਹੈ, ਇਸ ਜ਼ਮੀਨ 'ਤੇ ਕੋਈ ਨਹੀਂ। ਫਿਰ ਜਿਨ੍ਹਾਂ ਦੀ ਹਾਮੀ ਪੈਗ਼ੰਬਰ ਭਰਨਗੇ, ਉਹਨਾਂ ਲਈ ਜੰਨਤ, ਬਾਕੀਆਂ ਲਈ ਦੋਜ਼ਕ। ਸਾਡੇ ਵਿਚ ਇਹ ਹੈ ਕਿ ਉਸੇ ਸਮੇਂ ਫ਼ੈਸਲਾ ਹੁੰਦਾ ਹੈ। ਨਰਕ ਅਤੇ ਸਵਰਗ ਉਸੇ ਸਮੇਂ ਹੈ।

ਨਰਕ ਕਿਸ ਨੂੰ ਕਹਿੰਦੇ ਹਨ ? ਦੁੱਖ ਨੂੰ। ਸਵਰਗ ਕਿਸਨੂੰ ਕਹਿੰਦੇ ਹਨ ? ਸ੍ਵੈ-ਵਰਗ, ਆਪਣੇ ਵਰਗਾ ਵਰਗ, ਜੋ ਕੁਝ ਚਾਹੀਦਾ ਹੈ, ਹੈ। ਜੋ ਅੱਖਾਂ ਨੂੰ ਚਾਹੀਦਾ ਹੈ, ਉਹ ਹੈ। ਜੋ ਕੰਨਾਂ ਨੂੰ ਚਾਹੀਦਾ ਹੈ, ਉਹ ਹੈ। ਜੋ ਖਲੜੀ ਜ਼ਬਾਨ ਨੂੰ ਚਾਹੀਦਾ ਹੈ, ਉਹ ਹੈ। ਬਹੁਤਾਤ ਵਿਚ ਹੈ, ਕੋਈ ਕਮੀ ਨਹੀਂ। ਜੋ ਕੁਝ ਵੀ ਚਾਹੀਦਾ ਹੈ, ਨਹੀਂ ਹੈ। ਹਰ ਚੀਜ਼ ਦਾ ਅਭਾਉ ਹੈ, ਨਰਕ। ਰਹਿਣ ਲਈ ਮਕਾਨ ਨਹੀਂ ਹੈ, ਪਹਿਨਣ ਲਈ ਕੱਪੜੇ ਨਹੀਂ ਹਨ, ਖਾਣ ਲਈ ਦੋ ਸਮੇਂ ਦਾ ਭੋਜਨ ਨਹੀਂ ਹੈ, ਸਰਦੀ-ਗਰਮੀ ਤੋਂ ਬਚਾਅ ਦਾ ਕੋਈ ਸਾਧਨ ਨਹੀਂ ਹੈ। ਇਸੇ ਨੂੰ ਭਾਰਤ ਵਿਚ ਨਰਕ ਕਹਿੰਦੇ ਹਨ। ਜਿਵੇਂ-ਜਿਵੇਂ ਦੁੱਖ ਵੱਧਦਾ ਹੈ, ਕੁੰਭੀ ਨਰਕ। ਜਿਵੇਂ-ਜਿਵੇਂ ਸੁੱਖ ਵੱਧਦਾ ਹੈ, ਸਵਰਗ। ਸਵਰਗ ਵਿਚ ਇੰਦਰਿਆਂ ਦਾ ਰੱਸ ਹੁੰਦਾ ਹੈ। ਜੋ ਇੰਦਰਿਆਂ ਦੇ ਰੱਸ ਵਿਚ ਜੀਅ ਰਿਹਾ ਹੈ, ਇੰਦਰ ਹੈ, ਸਵਰਗ ਦਾ ਰਾਜਾ ਹੈ। ਪ੍ਰਮਾਤਮਾ ਦਾ ਨਾਮ ਜੱਪ ਕੇ ਮਨੁੱਖ ਨੂੰ ਸਵਰਗ ਨਹੀਂ ਮਿਲਦਾ।

*ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥*
*ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥*

(ਅੰਗ ੧੩੭੦)

ਉਹ ਸਵਰਗ ਤੋਂ ਵੀ ਉੱਚਾ ਹੋ ਜਾਂਦਾ ਹੈ, ਉਸਨੂੰ ਜਿੱਤ ਲੈਂਦਾ ਹੈ। ਜਿਹੜਾ ਜਿੱਤ ਲੈਂਦਾ ਹੈ, ਉਸਨੂੰ ਕਹਿੰਦੇ ਹਨ ਇੰਦਰਜੀਤ। ਇਹ ਹੁਣ ਅੱਖਾਂ ਦਾ ਗ਼ੁਲਾਮ ਨਹੀਂ ਹੈ, ਇਹ ਹੁਣ ਜ਼ਬਾਨ ਦਾ ਗ਼ੁਲਾਮ ਨਹੀਂ ਹੈ। ਇਹ ਨਰਕ ਸਵਰਗ ਦੋਨਾਂ ਤੋਂ ਉੱਚਾ ਉੱਠ ਗਿਆ ਹੈ। ਉਸ ਅਵਸਥਾ ਨੂੰ ਫਿਰ ਕਹਿੰਦੇ ਹਨ ਅਕਥ, ਬਿਆਨ ਨਹੀਂ ਕਰ ਸਕਦੇ। ਸਾਇੰਸ ਤਾਂ ਹਰ ਗੱਲ ਦਾ ਪ੍ਰਤੱਖਸ਼ ਪ੍ਰਮਾਣ ਮੰਗਦੀ ਹੈ, ਪਰ ਭਗਤ ਕਹਿੰਦੇ ਹਨ ਕਿ ਅਸੀਂ ਬੋਲ ਕੇ ਵੀ ਸਪੱਸ਼ਟ ਨਹੀਂ ਕਰ ਸਕਦੇ।

*ਸਹਜ ਕੀ ਅਕਥ ਕਥਾ ਹੈ ਨਿਰਾਰੀ॥*
*ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥*

(ਅੰਗ ੩੩੩)

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਜਿਹਾ ਨਹੀਂ ਕਿ ਮੈਂ ਕਥਨ ਨਹੀਂ ਕੀਤਾ। ਮਹਾਰਾਜ ਕਹਿੰਦੇ ਹਨ ਕਿ ਮੈਂ ਕਥਨ ਕਰ ਕਰ ਕੇ ਦੇਖ ਲਿਆ ਹੈ, ਮੈਂ ਕਥਨ ਨਹੀਂ ਕਰ ਸਕਦਾ-

*ਕਿਆ ਹਉ ਕਥੀ ਕਥੇ ਕਥਿ ਦੇਖਾ*
*ਮੈ ਅਕਥੁ ਨ ਕਥਨਾ ਜਾਈ॥*

(ਅੰਗ ੭੯੫)

ਵਿਗਿਆਨ ਪ੍ਰਤੱਖਸ਼ ਸਬੂਤ ਮੰਗਦਾ ਹੈ ਕਿਉਂਕਿ ਵਿਗਿਆਨ ਦੀ ਖੋਜ ਸਾਰੀ ਦੀ ਸਾਰੀ ਅੱਖਾਂ 'ਤੇ ਖੜੀ ਹੈ। ਜਿਸ ਦਾ ਤੁਸੀਂ ਪ੍ਰਤੱਖਸ਼ ਪ੍ਰਮਾਣ ਨਹੀਂ ਦੇ ਸਕਦੇ, ਉਹ ਨਹੀਂ ਹੈ, ਵਿਗਿਆਨ ਨਹੀਂ ਮੰਨਦਾ। ਧਰਮ ਕਹਿੰਦਾ ਹੈ ਕਿ ਪ੍ਰਤੱਖਸ਼ ਪ੍ਰਮਾਣ ਉਸ ਦਾ ਦਿੱਤਾ ਜਾ ਸਕਦਾ ਹੈ ਜਿਸ ਦੀ ਸੀਮਾ ਹੈ। ਪ੍ਰਮਾਤਮਾ ਦੀ ਕੋਈ ਸੀਮਾ ਨਹੀਂ। ਅਸੀਮ ਲਈ ਕੋਈ ਪ੍ਰਤੱਖਸ਼ ਪ੍ਰਮਾਣ ਨਹੀਂ। ਦੂਜਾ ਪ੍ਰਮਾਣ ਹੁੰਦਾ ਹੈ ਸ਼ਬਦ ਪ੍ਰਮਾਣ, ਬੋਲ ਕੇ ਸਪੱਸ਼ਟ ਕਰਨਾ ਤਾਂ ਫਿਰ ਭਗਤ ਕਹਿੰਦੇ ਹਨ—ਅਕਥ ਹੈ। ਅਸੀਂ ਬੋਲ ਕੇ ਵੀ ਨਹੀਂ ਸਪੱਸ਼ਟ ਕਰ ਸਕਦੇ। ਵਿਗਿਆਨ ਕਹਿੰਦਾ ਹੈ ਕਿ ਨਾ ਤੁਸੀਂ ਪ੍ਰਤੱਖਸ਼ ਪ੍ਰਮਾਣ ਦੇ ਸਕਦੇ ਹੋ, ਨਾ ਤੁਸੀਂ ਸ਼ਬਦ ਪ੍ਰਮਾਣ ਦੇ ਸਕਦੇ ਹੋ, ਫਿਰ ਤਾਂ ਕਲਪਨਾ ਦੀ ਦੁਨੀਆਂ ਹੈ, ਭਗਤ ਕਹਿੰਦੇ ਰਹੇ ਹਨ ਕਿ ਹੈ, ਪਰ ਉਹ ਕਹਿੰਦੇ ਹਨ ਕਿ ਪ੍ਰਮਾਣ ਕੋਈ ਨਹੀਂ। ਫਿਰ ਨਾਸਤਿਕ ਹੋਣ ਦੀ ਗੁੰਜਾਇਸ਼ ਹੈ। ਜੇਕਰ ਇਕ ਨਾਸਤਿਕ ਆਖੇ ਮੈਂ ਨਹੀਂ ਮੰਨਦਾ, ਕੋਈ ਪ੍ਰਤੱਖਸ਼ ਪ੍ਰਮਾਣ ਦਿਉ, ਕੋਈ ਨਹੀਂ ਹੈ। ਪ੍ਰਤੱਖਸ਼ ਪ੍ਰਮਾਣ ਜਿਸ ਦਾ ਦਿੰਦੇ ਹਾਂ, ਉਸ ਦੀ ਸੀਮਾ ਬਣ ਜਾਂਦੀ ਹੈ। ਚਲੋ ਬੋਲ ਕੇ ਸਪੱਸ਼ਟ ਕਰੋ। ਫਿਰ ਸਤਿਗੁਰੂ ਦੀ ਬਾਣੀ ਕਹਿੰਦੀ ਹੈ ਕਿ ਬੋਲ ਕੇ ਵੀ ਨਹੀਂ ਕਰ ਸਕਦੇ। ਇਕ ਮੱਛਲੀ ਸਾਗਰ ਵਿਚ ਘੁੰਮ ਸਕਦੀ ਹੈ, ਆਨੰਦ ਮਾਣ ਸਕਦੀ ਹੈ ਪਰ ਦੱਸੇ ਕਿ ਸਾਗਰ ਵਿਚ ਕਿੰਨਾ ਕੁ ਪਾਣੀ ਹੈ—

*ਮੈ ਮਛੁਲੀ ਕੈਸੇ ਅੰਤੁ ਲਹਾ॥*

ਉਹ ਕਿਵੇਂ ਬਿਆਨ ਕਰ ਸਕਦੀ ਹੈ—

*ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥*

(ਅੰਗ ੨੫)

ਕੋਈ ਪ੍ਰਤੱਖਸ਼ ਪ੍ਰਮਾਣ ਨਹੀਂ। ਹੁਣ ਜਿਸ ਦਾ ਕੋਈ ਪ੍ਰਤੱਖਸ਼ ਪ੍ਰਮਾਣ ਨਹੀਂ ਅਤੇ ਜਿਸ ਦਾ ਕੋਈ ਸ਼ਬਦ ਪ੍ਰਮਾਣ ਵੀ ਨਹੀਂ, ਉਸਨੂੰ ਮੰਨੀਏ, ਬੜੀ ਹਿੰਮਤ ਦੀ ਗੱਲ ਚਾਹੀਦੀ ਹੈ। ਸੰਸਾਰ ਵਿਚ ਪਹਿਲਾਂ ਅਸੀਂ ਦੇਖਦੇ ਹਾਂ ਤੇ ਫਿਰ ਭਰੋਸਾ ਕਰਦੇ ਹਾਂ। ਧਰਮ ਦੀ ਦੁਨੀਆਂ ਵਿਚ ਪਹਿਲਾਂ ਭਰੋਸਾ ਕਰਨਾ ਪਏਗਾ, ਫਿਰ ਪ੍ਰਮਾਤਮਾ ਦਿਖਾਈ ਦਿੰਦਾ ਹੈ।

ਬੰਗਾਲ ਦੇ ਇਕ ਪ੍ਰਸਿੱਧ ਮਹਾਤਮਾ ਸੁਆਮੀ ਵਿਵੇਕਾ ਨੰਦ, ਰਾਏਪੁਰ ਵਿਚ ਇਹਨਾਂ 'ਤੇ ਪ੍ਰਸ਼ਨ ਹੋ ਗਿਆ ਸੀ ਕਿ ਸੁਆਮੀ ਜੀ, ਦੱਸੋਗੇ ਕਿ ਕੀ ਮਨੁੱਖ ਦੀ ਜ਼ਿੰਦਗੀ ਵਿਚ ਅੰਧ

ਵਿਸ਼ਵਾਸ ਦੀ ਕੋਈ ਜ਼ਰੂਰਤ ਹੈ ? ਵਿਵੇਕਾ ਨੰਦ ਬਹੁਤ ਸਿਆਣੇ ਸਨ। ਸਮਝ ਗਏ ਕਿ ਇਹ ਨੌਜਵਾਨ ਕਿਹੜੀ ਥਾਂ ਤੋਂ ਸਵਾਲ ਪਿਆ ਕਰਦਾ ਹੈ ਅਤੇ ਕਿਉਂ ਕਰਦਾ ਪਿਆ ਹੈ। ਵਿਵੇਕਾ ਨੰਦ ਕਹਿਣ ਲੱਗੇ ਕਿ ਅੰਧ ਵਿਸ਼ਵਾਸ ਚਾਹੀਦਾ ਹੈ, ਪਰ ਇਕ ਸ਼ਰਤ ਹੈ ਕਿ ਜਿਸ ਉੱਪਰ ਵਿਸ਼ਵਾਸ ਕਰੀਏ ਉਹ ਅੰਨ੍ਹਾ ਨਾ ਹੋਵੇ। ਪ੍ਰਮਾਤਮਾ ਪਹਿਲੇ ਕਦਮ 'ਤੇ ਅੰਧ ਵਿਸ਼ਵਾਸ ਹੈ। ਜਿਸਨੂੰ ਮੈਂ ਦੇਖਿਆ ਨਹੀਂ, ਜਿਸਨੂੰ ਮੈਂ ਜਾਣਦਾ ਨਹੀਂ, ਜਿਸ ਦਾ ਮੈਨੂੰ ਕੁਝ ਪਤਾ ਨਹੀਂ ਅਤੇ ਮੈਂ ਭਰੋਸਾ ਕਰਾਂ, ਬੜੀ ਹਿੰਮਤ ਦੀ ਗੱਲ ਹੈ। ਬਹੁਤ ਪ੍ਰਬਲ ਭਾਵਨਾ ਦੀ ਗੱਲ ਹੈ। ਪਰ ਇਕ ਵਾਰੀ ਪੂਰਨ ਭਰੋਸਾ ਬੱਝ ਜਾਏ, ਉਸੇ ਸਮੇਂ ਜ਼ਿੰਦਗੀ ਵਿਚ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਹਨ-

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥*

(ਅੰਗ ੨੮੫)

ਇੱਧਰ ਭਰੋਸਾ ਬੱਝਿਆ, ਇੱਧਰ ਪ੍ਰਮਾਤਮਾ ਪ੍ਰਗਟ ਹੋ ਗਿਆ। ਫਿਰ ਇਸ ਤਰ੍ਹਾਂ ਮੰਨਣਾ ਪਏਗਾ ਕਿ ਜੇ ਅਜੇ ਤੱਕ ਕਿਸੇ ਦੀ ਸਮਾਧੀ ਨਹੀਂ ਲੱਗੀ ਤਾਂ ਉਸ ਦਾ ਭਰੋਸਾ ਡੋਲਦਾ ਹੈ। ਕਥਾ ਸੁਣ ਲਈ, ਕੀਰਤਨ ਸੁਣ ਲਿਆ, ਥੋੜ੍ਹਾ ਜਿਹਾ ਭਰੋਸਾ ਬੱਝ ਗਿਆ। ਦਿਨ ਭਰ ਹਾਲਾਤ ਦੇ ਉਤਰਾਵ-ਚੜ੍ਹਾਵ ਤੇ ਭਰੋਸਾ ਡੋਲ ਗਿਆ। ਭਰੋਸਾ ਹੀ ਡੋਲਦਾ ਹੈ, ਇਸੇ ਲਈ ਅਰਦਾਸ ਹੈ-

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

(ਅੰਗ ੨੫੬)

ਹੇ ਪ੍ਰਭੂ ! ਆਪਣਾ ਹੱਥ ਦੇ। ਛੋਟੀਆਂ ਛੋਟੀਆਂ ਘਟਨਾਵਾਂ ਤੋਂ ਮਨ ਡੋਲਦਾ ਹੈ। ਜੀਵਨ ਵਿਚ ਬੜੇ ਉਤਾਰ ਚੜ੍ਹਾਵ ਹਨ, ਮਨ ਡੋਲ ਜਾਂਦਾ ਹੈ। ਸਤਿਸੰਗ ਵਿਚ ਆਉਂਦਿਆਂ ਰੋਜ਼ ਲਾਭ ਹੋ ਰਿਹਾ ਹੈ ਕਿ ਨੁਕਸਾਨ ਹੋ ਰਿਹਾ ਹੈ। ਆਰਥਿਕ ਤੌਰ 'ਤੇ, ਕਾਰੋਬਾਰੀ ਤੌਰ 'ਤੇ ਘਾਟਾ ਹੋ ਰਿਹਾ ਹੈ ਕਿ ਨਫ਼ਾ ਹੋ ਰਿਹਾ ਹੈ, ਦਿੱਸ ਪੈਂਦਾ ਹੈ। ਖ਼ੁੱਦ ਨੂੰ ਵੀ ਦਿੱਸਦਾ ਹੈ, ਪੜੋਸੀ ਨੂੰ ਵੀ ਦਿੱਸਦਾ ਹੈ, ਰਿਸ਼ਤੇਦਾਰਾਂ ਨੂੰ ਵੀ ਦਿੱਸਦਾ ਹੈ। ਦਿੱਸ ਪੈਂਦਾ ਹੈ ਕਾਰੋਬਾਰ ਘਾਟੇ ਵਿਚ ਜਾ ਰਿਹਾ ਹੈ। ਖ਼ੁੱਦ ਨੂੰ ਤਾਂ ਦਿੱਸਦਾ ਹੈ, ਪੜੋਸੀਆਂ ਨੂੰ ਵੀ ਦਿੱਸਦਾ ਹੈ।

ਕੋਈ ਮਨੁੱਖ ਧਾਰਮਿਕ ਤੱਲ 'ਤੇ ਨਫ਼ੇ ਵਿਚ ਜਾ ਰਿਹਾ ਹੈ ਕਿ ਨੁਕਸਾਨ ਵਿਚ ਜਾ ਰਿਹਾ ਹੈ, ਕਿਵੇਂ ਨਾਪੋਗੇ ? ਰੋਜ਼-ਰੋਜ਼ ਭਰੋਸਾ ਵੱਧਦਾ ਜਾ ਰਿਹਾ ਹੈ, ਸ਼ਰਧਾ ਵੱਧਦੀ ਜਾ ਰਹੀ ਹੈ ਕਿ ਇਹ ਮਨੁੱਖ ਧਾਰਮਿਕ ਤੱਲ 'ਤੇ ਨਫ਼ੇ ਵਿਚ ਜਾ ਰਿਹਾ ਹੈ। ਭਰੋਸਾ ਹੀ ਭਰੋਸਾ ਰਹਿ ਗਿਆ ਹੈ, ਸ਼ਰਧਾ ਹੀ ਸ਼ਰਧਾ ਰਹਿ ਗਈ ਹੈ ਕਿ ਇਹ ਮਨੁੱਖ ਸਮਾਧੀ ਲੀਨ ਹੋ ਗਿਆ ਹੈ, ਮਾਲਾਮਾਲ ਹੋ ਗਿਆ ਹੈ। ਸ਼ਰਧਾ ਘੱਟਦੀ ਜਾ ਰਹੀ ਹੈ, ਰੋਜ਼-ਰੋਜ਼ ਭਰੋਸਾ ਘੱਟਦਾ ਜਾ ਰਿਹਾ ਹੈ, ਤਾਂ ਉਸ ਬੰਦੇ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਮੈਂ ਧਾਰਮਿਕ ਤੌਰ 'ਤੇ ਘਾਟੇ ਵਿਚ ਜਾ ਰਿਹਾ ਹਾਂ।

ਪਹਿਲਾਂ ਰੋਜ਼ ਨਿਤਨੇਮ ਕਰਦਾ ਸੀ, ਹੁਣ ਕਦੀ ਕਦਾਈਂ। ਪਹਿਲਾਂ ਰੋਜ਼ ਅੰਮ੍ਰਿਤ ਵੇਲੇ ਉੱਠਦਾ ਸੀ, ਹੁਣ ਕਦੀ ਕਦਾਈਂ। ਪਹਿਲਾਂ ਰੋਜ਼ ਦੋ ਟਾਇਮ ਗੁਰਦੁਆਰੇ ਆਉਂਦਾ ਸੀ, ਹੁਣ ਸੰਗ੍ਰਾਂਦ ਜਾਂ ਐਤਵਾਰ ਵਾਲੇ ਦਿਨ। ਸ਼ਰਧਾ ਘੱਟਦੀ ਜਾ ਰਹੀ ਹੈ। ਸ਼ੱਕ ਵੱਧਦਾ ਜਾ ਰਿਹਾ ਹੈ, ਭਰੋਸਾ ਘੱਟਦਾ ਜਾ ਰਿਹਾ ਹੈ। ਸ਼ੱਕ ਹੀ ਸ਼ੱਕ ਰਹਿ ਗਿਆ ਹੈ। ਭਰੋਸਾ ਤਾਂ ਬਿਲਕੁਲ ਨਹੀਂ ਰਿਹਾ ਤਾਂ ਇਹ ਧਾਰਮਿਕ ਤੱਲ 'ਤੇ ਦੀਵਾਲੀਆ ਹੋ ਗਿਆ ਹੈ।

ਧਾਰਮਿਕ ਵਿਦਵਾਨ ਅਜਿਹਾ ਕਹਿੰਦੇ ਹਨ ਕਿ ਧਨ ਦੇਖਣਾ ਹੋਵੇ ਤਾਂ ਉਸ ਦਾ ਦੇਖੋ ਜੋ ਆਪਣੇ ਨਾਲੋਂ ਪਿੱਛੇ ਹੈ ਤਾਂਕਿ ਮਨ ਵਿਚ ਸਬਰ ਪੈਦਾ ਹੋਵੇ, ਸੰਤੋਖ ਪੈਦਾ ਹੋਵੇ। ਧਰਮ ਦੇਖਣਾ ਹੈ ਤਾਂ ਉਸ ਦਾ ਦੇਖੋ, ਜਿਹੜਾ ਆਪਣੇ ਕੋਲੋਂ ਅੱਗੇ ਹੈ। ਮੈਂ ਕਦੀ ਕਦੀ ਗੁਰਦੁਆਰੇ ਆਉਂਦਾ ਹਾਂ, ਉਹ ਰੋਜ਼ ਆਉਂਦਾ ਹੈ। ਮੈਂ ਅਜੇ ਅੰਮ੍ਰਿਤ ਪਾਨ ਕਰਨ ਦੀ ਸੋਚਦਾ ਹਾਂ, ਉਸਨੇ ਅੰਮ੍ਰਿਤ ਪਾਨ ਕਰ ਲਿਆ ਹੈ। ਮੈਂ ਅਜੇ ਸੋਚਦਾ ਹਾਂ ਅੰਮ੍ਰਿਤ ਵੇਲੇ ਉੱਠਾਂ, ਉਹ ਤਾਂ ਰੋਜ਼ ਉੱਠਦਾ ਹੈ। ਮਨੁੱਖ ਬਿਲਕੁਲ ਉਲਟਾ ਕਰਦਾ ਹੈ। ਧਨ ਉਸ ਦਾ ਦੇਖਦਾ ਹੈ ਜੋ ਆਪਣੇ ਨਾਲੋਂ ਅੱਗੇ ਹੈ। ਫਿਰ ਤ੍ਰਿਸ਼ਨਾ ਪੈਦਾ ਹੋ ਜਾਂਦੀ ਹੈ, ਲੋਭ ਪੈਦਾ ਹੋ ਜਾਂਦਾ ਹੈ। ਤ੍ਰਿਸ਼ਨਾਲੂ ਬੰਦੇ ਦਾ ਫਿਰ ਅੰਮ੍ਰਿਤ ਵੇਲੇ ਉੱਠਣਾ ਤੇ ਨਾਮ ਜੱਪਣਾ ਔਖਾ ਹੋ ਜਾਂਦਾ ਹੈ। ਧਰਮ ਦੇਖਦਾ ਹੈ ਉਸ ਦਾ ਜੋ ਆਪਣੇ ਨਾਲੋਂ ਪਿੱਛੇ ਹੈ। ਉਸ ਨੇ ਕਿਹੜਾ ਅੰਮ੍ਰਿਤ ਛੱਕਿਆ ਹੈ ਜਿਹੜਾ ਮੈਂ ਛੱਕਾਂ। ਉਹ ਕਿਹੜਾ ਅੰਮ੍ਰਿਤ ਵੇਲੇ ਉੱਠਦਾ ਹੈ ਜੋ ਮੈਂ ਉੱਠਾਂ। ਇਸ ਤਰ੍ਹਾਂ ਉਹ ਧਰਮ ਦੀ ਦੁਨੀਆਂ ਵਿਚ ਪੱਛੜ ਜਾਏਗਾ। ਜੇ ਨਾ ਕੋਈ ਦਿਖਾਈ ਦੇਵੇ ਫਿਰ ਕਬੀਰ ਨੂੰ ਦੇਖੋ, ਰਵਿਦਾਸ ਨੂੰ ਦੇਖੋ, ਅਵਤਾਰਾਂ ਨੂੰ ਦੇਖੋ। ਹਰ ਹਾਲਤ ਵਿਚ ਉਹਨਾਂ ਨੇ ਪ੍ਰਮਾਤਮਾ ਦਾ ਭਰੋਸਾ ਨਹੀਂ ਗਵਾਇਆ। ਉਹਨਾਂ ਨੂੰ ਦੇਖੋ ਤਾਂਕਿ ਸੁਰਤ ਅੱਗੇ ਨੂੰ ਜਾਵੇ। ਇਹ ਅੱਖਾਂ ਪ੍ਰਮਾਤਮਾ ਨੇ ਦਿੱਤੀਆਂ ਹਨ ਅੱਗੇ ਦੇਖਣ ਲਈ। ਜੇਕਰ ਇਕ ਬੱਚਾ ਅੱਗੇ ਦੇਖੇ ਤਾਂ ਕੀ ਹੈ, ਜਵਾਨੀ। ਇਕ ਜਵਾਨ ਅੱਗੇ ਦੇਖੇ ਤਾਂ ਕੀ ਹੈ, ਬੁਢੇਪਾ। ਇਕ ਬੁੱਢਾ ਜੇਕਰ ਅੱਗੇ ਦੇਖੇ ਤਾਂ ਕੀ ਹੈ, ਕਾਲ। ਜੇ ਹੋਰ ਅੱਗੇ ਦੇਖੇ ਤਾਂ ਕੀ ਹੈ, ਅਕਾਲ ਪ੍ਰਮਾਤਮਾ।

ਕਿਸੇ ਕਿਸੇ ਬੱਚੇ ਵਿਚ ਇਹ ਵੀ ਖੂਬੀ ਹੁੰਦੀ ਹੈ ਕਿ ਉਸ ਦੀ ਦ੍ਰਿਸ਼ਟੀ ਬੁਢਾਪੇ ਤੇ ਜਵਾਨੀ ਤੋਂ ਵੀ ਅੱਗੇ ਲੰਘ ਜਾਂਦੀ ਹੈ। ਕਾਲ ਤੋਂ ਵੀ ਅੱਗੇ ਲੰਘ ਜਾਂਦੀ ਹੈ। ਅਕਾਲ ਤੱਕ ਜਾ ਪਹੁੰਚਦੀ ਹੈ। ਜਿਵੇਂ ਬਾਬਾ ਬੁੱਢਾ ਹਨ, ਭਗਤ ਪ੍ਰਹਿਲਾਦ ਹਨ। ਉਮਰ ਤਾਂ ਕੁਝ ਵੀ ਨਹੀਂ ਪਰ ਦ੍ਰਿਸ਼ਟੀ ਬੜੀ ਅੱਗੇ ਚਲੀ ਗਈ। ਅਕਾਲ ਤੱਕ ਦ੍ਰਿਸ਼ਟੀ ਉਸ ਦੀ ਪਹੁੰਚੇਗੀ ਜਿਹੜਾ ਪਹਿਲਾਂ ਕਾਲ ਤੱਕ ਪਹੁੰਚਿਆ ਹੈ। ਹਮੇਸ਼ਾ ਅਜਿਹਾ ਨਹੀਂ ਹੁੰਦਾ। ਬੱਚਾ ਬਚਪਨ ਵਿਚ ਹੀ ਰੁੱਕਿਆ ਰਹਿੰਦਾ ਹੈ, ਅੱਗੇ ਨਹੀਂ ਦੇਖਦਾ, ਕਦੀ ਕਦੀ ਕੋਈ ਧ੍ਰੂ ਪਹਿਲਾਦ, ਕਦੀ ਕਦਾਈਂ ਕੋਈ ਬਾਬਾ ਬੁੱਢਾ ਜੀ ਵਰਗੇ ਅੱਗੇ ਦੇਖਦੇ ਹਨ, ਜਵਾਨ ਕੋਈ ਵੀ ਅੱਗੇ ਨਹੀਂ ਦੇਖਦਾ, ਜਵਾਨ ਜਵਾਨੀ ਵਿਚ ਹੀ ਉਲਝਿਆ ਰਹਿੰਦਾ ਹੈ। ਉਹ ਬੁੱਢਿਆਂ ਨਾਲ ਨਫ਼ਰਤ ਕਰੇਗਾ। ਅੱਗੇ ਦੇਖੇ ਤਾਂ ਬੁੱਢੇਪਾ ਹੈ ਅਤੇ ਬੁੱਢੇਪਾ ਉਸਨੂੰ ਪਸੰਦ ਨਹੀਂ। ਜਿਸਨੂੰ ਮਨੁੱਖ ਪਸੰਦ ਨਹੀਂ

ਕਰਦਾ, ਉਸਨੂੰ ਦੇਖਣਾ ਵੀ ਨਹੀਂ ਚਾਹੁੰਦਾ। ਬੁੱਢਾ ਅੱਗੇ ਦੇਖਣਾ ਤਾਂ ਕੀ, ਬੁੱਢਾ ਬੁੱਢੇਪੇ ਵਿਚ ਵੀ ਨਹੀਂ ਰਹਿੰਦਾ, ਬੁੱਢਾ ਪਿੱਛੇ ਜਵਾਨੀ ਨੂੰ ਦੇਖਣ ਲੱਗ ਪੈਂਦਾ ਹੈ। ਤੈਨੂੰ ਜਨਮ ਮਿਲਿਆ ਹੈ, ਇਸਨੂੰ ਸਫਲ ਕਰ। ਫਿਰ ਤੂੰ ਪਰਮ ਆਨੰਦ ਨੂੰ ਪ੍ਰਾਪਤ ਕਰ ਲਏਂਗਾ। ਪਰ ਬੁੱਢਾ ਤਾਂ ਮੁੜ ਮੁੜ ਕੇ ਪਿੱਛੇ ਦੇਖਦਾ ਹੈ। ਛੱਡ ਪਿੱਛੇ ਦੇਖਣਾ, ਅੱਗੇ ਦੇਖ, ਮੌਤ ਨੂੰ ਦੇਖ।

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥*

(ਅੰਗ ੧੩੭੮)

ਜਵਾਨੀ ਤਾਂ ਬਹੁਤ ਦੂਰ ਰਹਿ ਗਈ, ਚਿਤਾ ਬਿਲਕੁਲ ਨੇੜੇ ਆ ਗਈ ਹੈ। ਜੇਕਰ ਬੁੱਢਾ ਅੱਗੇ ਦੇਖੇ ਤਾਂ ਕੀ ਹੈ, ਕਾਲ। ਜੇਕਰ ਹੋਰ ਅੱਗੇ ਦੇਖੇ ਤਾਂ ਕੀ ਹੈ, ਅਕਾਲ। ਇਹ ਕਥਾ ਅਤੇ ਕੀਰਤਨ ਇਸ ਲਈ ਹੈ, ਕਿ ਮਨੁੱਖ ਕਿਤੇ ਆਪਣੀਆਂ ਨਿਗਾਹਾਂ ਨੂੰ ਲੰਮਾ ਕਰ ਲਏ। ਕਿਤੇ ਆਪਣੇ ਘਰ ਤੱਕ ਇਸ ਦੀਆਂ ਨਿਗਾਹਾਂ ਪਹੁੰਚ ਜਾਣ। ਘਰ ਤਾਂ ਪ੍ਰਮਾਤਮਾ ਹੈ, ਬੇਅੰਤ ਹੈ, ਅਕਾਲ ਹੈ। ਮਤਾਂ ਕਿਤੇ ਅਕਾਲ ਤੱਕ ਇਸ ਦੀ ਨਿਗਾਹ ਪਹੁੰਚ ਜਾਏ। ਕਿਤੇ ਇਸ ਦੀ ਦ੍ਰਿਸ਼ਟੀ ਪਹੁੰਚ ਜਾਏ। ਪਹਿਲਾਂ ਦ੍ਰਿਸ਼ਟੀ ਪਹੁੰਚਦੀ ਹੈ। ਜਿਵੇਂ ਬੰਦਾ ਉਲਾਰ ਖੜਾ ਹੈ ਤੇ ਇਸ ਦੀਆਂ ਨਜ਼ਰਾਂ ਪਾਰ ਪਹੁੰਚਣਗੀਆਂ ਦਰਿਆ 'ਤੇ। ਇਸਨੂੰ ਕਹਿੰਦੇ ਹਨ ਪਾਰਦਰਸ਼ੀ। ਪਾਰ ਬੜੇ ਕੌਤਕ ਹੋ ਰਹੇ ਹਨ, ਮੇਲਾ ਲੱਗਿਆ ਹੋਇਆ ਹੈ, ਬੜੇ ਰੰਗ-ਤਮਾਸ਼ੇ ਹਨ ਪਰ ਉਰਾਰ ਖੜਾ ਹੈ।

ਸਤਿਸੰਗ ਕਰਦਿਆਂ-ਕਰਦਿਆਂ ਜਿਸ ਦੇ ਅੰਦਰ ਪ੍ਰਮਾਤਮਾ ਦੀ ਪਿਆਸ ਪੈਦਾ ਹੋ ਜਾਏ, ਰੱਬੀ ਤੜਪ ਪੈਦਾ ਹੋ ਜਾਏ, ਉਸ ਨੂੰ ਕਹਿੰਦੇ ਹਨ ਇਹ ਪਾਰਦਰਸ਼ੀ ਹੋ ਗਿਆ, ਇਹ ਪਾਰ ਦੇਖਣ ਵਾਲਾ ਹੋ ਗਿਆ। ਅਜੇ ਪਾਰ ਪਹੁੰਚਿਆ ਤਾਂ ਨਹੀਂ ਹੈ, ਇਹ ਪਾਰਗਰਾਮੀ ਨਹੀਂ ਹੈ, ਪਾਰ ਵੱਸਣ ਵਾਲਾ ਨਹੀਂ ਹੈ ਪਰੰਤੂ ਪਾਰਦਰਸ਼ੀ ਹੈ, ਪਾਰ ਨੂੰ ਦੇਖਣ ਵਾਲਾ ਹੈ। ਯਕੀਨ ਜਾਣੋ, ਪਹਿਲਾਂ ਸਮਝ ਹੀ ਪਹੁੰਚੇਗੀ ਕਾਲ ਤੱਕ ਅਤੇ ਅਕਾਲ ਤੱਕ। ਇਹ ਫਿਰ ਇੰਨਾ ਪ੍ਰਭਾਵਿਤ ਹੋਵੇਗਾ ਕਿ ਅਕਾਲ ਤੱਕ ਪਹੁੰਚੇ ਬਿਨਾਂ ਫਿਰ ਇਹ ਰਹਿ ਨਹੀਂ ਸਕਦਾ।

*ਤਿਥੈ ਨਾਦ ਬਿਨੋਦ ਕੋੜ ਅਨੰਦੁ॥*

(ਜਪੁ ਜੀ ਸਾਹਿਬ)

ਇੰਨਾ ਆਨੰਦ, ਇੰਨਾ ਸੰਗੀਤ, ਇੰਨੀ ਸੁਗੰਧ, ਇੰਨਾ ਰੂਪ, ਇਹ ਹੁਣ ਪਿੱਛੇ ਨਹੀਂ ਮੁੜੇਗਾ ਤੇ ਨਾ ਪਿੱਛੇ ਦੇਖੇਗਾ। ਕਾਇਆ ਪ੍ਰਮਾਤਮਾ ਨੇ ਬਣਾਈ ਹੈ ਪੰਜ ਤੱਤਾਂ ਦੀ। ਇਕ ਬੜੇ ਉੱਘੇ ਮੁਸਲਿਮ ਵਿਦਵਾਨ ਨੇ ਮੈਨੂੰ ਕਿਹਾ ਸੀ ਕਿ ਗਿਆਨੀ ਜੀ ! ਹੈਰਾਨਗੀ ਹੈ, ਤੁਸੀਂ ਵੀ ਪੰਜ ਤੱਤ, ਪੰਜ ਤੱਤ ਦਾ ਅਲਾਪ ਪਏ ਕਰਦੇ ਹੋ। ਤੁਸੀਂ ਦੱਸ ਸਕਦੇ ਹੋ ਕਿ ਸਰੀਰ ਵਿਚ ਪੰਜਵਾਂ ਤੱਤ ਕਿੱਥੇ ਹੈ ? ਜਣਾ ਖਣਾ ਜਾਣਦਾ ਹੈ ਕਿ ਸਰੀਰ ਵਿਚ ਪਾਣੀ ਹੈ, ਪਵਣ ਹੈ, ਅਗਨਿ ਹੈ, ਮਿੱਟੀ ਹੈ। ਇਹ ਚਾਰ ਤੱਤ ਹਨ। ਭਾਰਤ ਦੇ ਸਾਰੇ ਧਰਮ ਪੰਜ ਤੱਤਾਂ ਦਾ ਰੌਲਾ ਪਾਈ ਜਾਂਦੇ ਹਨ। ਆਪਣੀ ਤਰਫ਼ੋਂ ਉਹ ਇਹ ਸਭ ਕੁਝ ਨੂੰ ਗ਼ਲਤ ਸਾਬਤ ਕਰਨ ਦਾ ਯਤਨ ਪਿਆ ਕਰਦਾ ਸੀ।

ਉਹ ਇਕ ਸੁਲਝਿਆ ਹੋਇਆ ਵਿਦਵਾਨ ਸੀ, ਫ਼ਿਲੋਸਫ਼ਰ ਸੀ, ਉਸ ਦੀ ਕਥਨੀ, ਉਸ ਦੀ ਸ਼ੈਲੀ ਤੋਂ ਹੀ ਪਤਾ ਚੱਲਦਾ ਸੀ। ਬੜੇ-ਬੜੇ ਉਦਾਹਰਨ ਦਿੰਦਾ ਸੀ। ਕਹਿੰਦੇ ਹਨ ਕਿ ਮਨੁੱਖ ਦੀ ਚੀਰਾ - ਫਾੜੀ ਕਰੀਏ ਤਾਂ ਪਾਣੀ ਹੈ, ਅੱਗ ਹੈ, ਪਵਣ ਹੈ, ਮਿੱਟੀ ਹੈ ਪਰ ਆਕਾਸ਼ ਕਿੱਥੇ ਹੈ ? ਮੈਂ ਕਿਹਾ- ਚਾਰ ਤੱਤਾਂ ਨੂੰ ਹੋਣ ਲਈ ਕੋਈ ਸਪੇਸ ਵੀ ਤਾਂ ਚਾਹੀਦੀ ਹੈ, ਅਸਥਾਨ ਵੀ ਤਾਂ ਚਾਹੀਦਾ ਹੈ। ਧਰਤੀ ਨੂੰ ਹੋਣ ਲਈ ਥਾਂ ਵੀ ਤਾਂ ਚਾਹੀਦੀ ਹੈ, ਸਾਗਰ ਨੂੰ ਹੋਣ ਲਈ ਥਾਂ ਵੀ ਤਾਂ ਚਾਹੀਦੀ ਹੈ, ਸੂਰਜ ਨੂੰ ਹੋਣ ਲਈ ਥਾਂ ਵੀ ਤਾਂ ਚਾਹੀਦੀ ਹੈ, ਪਵਣ ਨੂੰ ਹੋਣ ਲਈ ਸਪੇਸ ਵੀ ਤਾਂ ਚਾਹੀਦੀ ਹੈ। ਜਿਵੇਂ ਇਕ ਫੁੱਟ ਦੀ ਜਗ੍ਹਾ ਹੋਵੇ ਤੇ ਛੱਤ ਦੋ ਫੁੱਟ ਉੱਪਰ ਬਣੀ ਹੋਈ ਹੋਵੇ, ਫਿਰ ਉਸ ਦੇ ਅੰਦਰ ਮੈਂ ਕਿਵੇਂ ਦਾਖ਼ਲ ਹੋਵਾਂਗਾ। ਮੇਰੇ ਹੋਣ ਲਈ ਉਸ ਕੋਠੜੀ ਵਿਚ ਜਗ੍ਹਾ ਤਾਂ ਹੋਵੇ। ਇੰਨੀ ਇਹ ਧਰਤੀ, ਇੰਨਾ ਇਹ ਸਾਗਰ, ਇਹ ਸੂਰਜ, ਇਹ ਪਵਣ, ਇਹਨਾਂ ਨੂੰ ਹੋਣ ਲਈ ਅਸਥਾਨ ਵੀ ਤਾਂ ਚਾਹੀਦਾ ਹੈ। ਸਰੀਰ ਜਿਹੜਾ ਚਾਰ ਤੱਤਾਂ ਨੂੰ ਸਮੇਟੀ ਬੈਠਾ ਹੈ, ਇਹ ਪੰਜਵੇਂ ਤੱਤ ਦੇ ਅੰਦਰ ਰਹਿੰਦੇ ਹਨ। ਚਾਰ ਤੱਤ ਸਰੀਰ ਵਿਚ ਰਹਿੰਦੇ ਹਨ, ਸਰੀਰ ਪੰਜਵੇਂ ਤੱਤ ਵਿਚ ਰਹਿੰਦਾ ਹੈ। ਇਸ ਤਰ੍ਹਾਂ ਇਹ ਪੰਜ ਤੱਤ ਦਾ ਪੁਤਲਾ ਹੈ—

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ*

(ਅੰਗ ੭੩੬)

ਕਹਿਣ ਲੱਗੇ ਕਿ ਭਾਰਤ ਦੇ ਸੰਤ ਇਸ ਤਰ੍ਹਾਂ ਵੀ ਸੋਚਦੇ ਹਨ ? ਫਿਰ ਤਾਂ ਮੈਨੂੰ ਵੀ ਕਹਿਣਾ ਪਏਗਾ। ਮੈਂ ਕਿਹਾ ਤੁਹਾਡੀ ਤਰ੍ਹਾਂ ਕੀ ਤਾਲਾ ਲਾ ਕੇ ਰੱਖਦੇ ਹਨ ਦਿਮਾਗ਼ ਨੂੰ। ਇੰਨਾ ਵੱਡਾ ਸਾਗਰ ਹੈ, ਥਾਂ ਹੀ ਨਾ ਹੋਵੇ, ਫਿਰ ਕਿੱਥੇ ਹੋਵੇਗਾ। ਇੰਨੀ ਵੱਡੀ ਧਰਤੀ ਹੈ, ਸਪੇਸ ਹੀ ਨਾ ਹੋਵੇ, ਫਿਰ ਕਿੱਥੇ ਹੋਵੇਗੀ। ਅਸਥਾਨ ਹੀ ਨਹੀਂ ਤਾਂ ਮੈਂ ਕਿੱਥੇ ਬੈਠਾਂਗਾ। ਜਗ੍ਹਾ ਤਾਂ ਚਾਹੀਦੀ ਹੈ। ਕਹਿਣ ਲੱਗਾ ਕਿ ਗੱਲ ਸਮਝ ਵਿਚ ਆ ਗਈ ਕਿ ਜੇ ਸਪੇਸ ਹੀ ਨਹੀਂ ਤਾਂ ਫਿਰ ਇਹ ਚਾਰੇ ਨਹੀਂ ਹੋ ਸਕਦੇ। ਜੇਕਰ ਅਸਥਾਨ ਨਹੀਂ ਹੈ ਤਾਂ ਧਰਤੀ ਨਹੀਂ ਹੋ ਸਕਦੀ। ਜੇਕਰ ਅਸਥਾਨ ਨਹੀਂ ਹੈ ਤਾਂ ਸਾਗਰ ਵੀ ਨਹੀਂ ਹੋ ਸਕਦਾ। ਜੇਕਰ ਅਸਥਾਨ ਨਹੀਂ ਹੈ ਤਾਂ ਸੂਰਜ ਵੀ ਨਹੀਂ ਹੋ ਸਕਦਾ। ਇਹਨਾਂ ਸਾਰਿਆਂ ਨੂੰ ਹੋਣ ਲਈ ਅਸਥਾਨ ਚਾਹੀਦਾ ਹੈ। ਇਹ ਪੰਜਵਾਂ ਤੱਤ ਹੈ ਜਿਸ ਨੇ ਸਾਰਿਆਂ ਨੂੰ ਸਮੇਟ ਕੇ ਰੱਖਿਆ ਹੋਇਆ ਹੈ—

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ*
*ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

(ਅੰਗ ੭੩੬)

ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਗੁਰੂ ਮਾਨਿਓ ਗ੍ਰੰਥ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਗੁਰੂ ਰੂਪ ਸਾਂਧ ਸੰਗਤ ਜੀ!
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਮਤ ਕੋ ਭਰਮਿ ਭੁਲੈ ਸੰਸਾਰਿ॥*
*ਗੁਰ ਬਿਨੁ ਕੋਇ ਨ ਉਤਰਸਿ ਪਾਰਿ॥*

(ਅੰਗ ੮੬੪)

ਧਾਰਮਿਕ ਦੁਨੀਆਂ ਵਿਚ ਮੰਨੀ ਪ੍ਰਮੰਨੀ ਵਿਚਾਰਧਾਰਾ ਹੈ ਕਿ ਗੁਰੂ ਤੋਂ ਬਿਨਾਂ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਤੋਂ ਬਿਨਾਂ ਮੋਹ ਸਾਗਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ। ਗੁਰੂ ਤੋਂ ਬਿਨਾਂ ਨਿਰੰਕਾਰ ਨੂੰ ਸਮਝਣਾ ਅਤੇ ਉਸ ਨਾਲ ਜੁੜਨਾ, ਉਸਨੂੰ ਪ੍ਰਾਪਤ ਕਰਨਾ ਕਠਿਨ ਹੈ। ਫਿਰ ਅਜਿਹਾ ਵੀ ਅਨੁਭਵੀ ਪੁਰਸ਼ ਕਹਿੰਦੇ ਹਨ ਕਿ ਗੁਰੂ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੈ। ਗੁਰੂ ਨੂੰ ਜਾਣ ਲੈਣਾ ਹੀ ਪ੍ਰਮਾਤਮਾ ਨੂੰ ਜਾਣ ਲੈਣਾ ਹੈ। ਗੁਰੂ ਤੱਕ ਪਹੁੰਚ ਜਾਣਾ ਹੀ ਈਸ਼ਵਰ ਤੱਕ ਪਹੁੰਚ ਜਾਣਾ ਹੈ। ਫਿਰ ਸਮਝਣਾ ਪਏਗਾ ਕਿ ਈਸ਼ਵਰ ਕੀ ਹੈ ? ਗੁਰੂ ਕੀ ਹੈ ?

ਇੰਨੀ ਗੱਲ ਤਾਂ ਸਪੱਸ਼ਟ ਹੈ ਕਿ ਪ੍ਰਮਾਤਮਾ ਕੋਈ ਕਾਇਆ ਨਹੀਂ ਹੈ, ਵਿਅਕਤੀ ਨਹੀਂ ਹੈ, ਇਕ ਪਰਮ ਸ਼ਕਤੀ ਹੈ, ਇਕ ਵਿਆਪਕ ਸੱਤਾ ਹੈ, ਜੋ ਇਕ ਆਨੰਦ ਹੈ, ਜੋ ਸਦੀਵੀ ਹੈ, ਹੋਂਦ ਵਾਲਾ ਹੈ, ਪ੍ਰਕਾਸ਼ਮਾਨ ਹੈ, ਆਨੰਤ ਸਰੂਪ ਹੈ, ਚੇਤੰਨ ਹੈ, ਉਹ ਇਕ ਪਰਮ ਸ਼ਕਤੀ ਹੈ। ਅਜਿਹੀ ਜਿਹੜੀ ਵਿਆਪਕ ਸ਼ਕਤੀ ਹੈ, ਉਸ ਦਾ ਬੋਧ ਕੋਈ ਸ਼ਕਤੀ ਹੀ ਕਰਾ ਸਕਦੀ ਹੈ। ਇਸ ਲਈ ਪ੍ਰਮਾਤਮਾ ਇਕ ਸ਼ਕਤੀ ਹੈ। ਗੁਰੂ ਇਕ ਸ਼ਕਤੀ ਹੈ। ਪਰ ਧਾਰਮਿਕ ਦੁਨੀਆਂ ਵਿਚ ਅਜਿਹਾ ਹੁੰਦਾ ਰਿਹਾ ਹੈ ਕਿ ਹਰ ਮਨੁੱਖ ਜਦੋਂ ਸਿੱਖਰ 'ਤੇ ਪਹੁੰਚਦਾ ਹੈ ਤਾਂ ਇਸ ਤਰ੍ਹਾਂ ਦੇ ਹੰਕਾਰੀਆਂ ਨੇ ਦਾਅਵਾ ਕੀਤਾ ਕਿ ਅਸੀਂ ਖ਼ੁੱਦ ਹੀ ਨਿਰੰਕਾਰ ਹਾਂ। ਅਸੀਂ ਖ਼ੁੱਦ ਹੀ ਗੁਰੂ ਹਾਂ। ਕਿਸੇ ਨੇ ਗੁਰੂ ਹੋਣ ਦਾ ਡੰਮ ਦਿਖਾਇਆ, ਕਿਸੇ ਨੇ ਪ੍ਰਮਾਤਮਾ ਹੋਣ ਦਾ ਪਾਖੰਡ ਦਿਖਾਇਆ। ਆਦਿ ਕਾਲ ਤੋਂ ਅਜਿਹਾ ਚੱਲਦਾ ਆ ਰਿਹਾ ਹੈ।

ਹਰਣਾਖਸ਼ ਨੇ ਇਹ ਪਾਖੰਡ ਕੀਤਾ ਕਿ ਮੈਂ ਪ੍ਰਮਾਤਮਾ ਹਾਂ। ਨਮਰੂਦ ਦਾ ਇਹ ਦਾਅਵਾ

ਬਹੁਤ ਪ੍ਰਬਲ ਝੂਠ 'ਤੇ ਖੜਾ ਹੈ ਕਿ ਮੈਂ ਹੀ ਖ਼ੁਦਾ ਹਾਂ। ਇਸ ਸਮੇਂ ਵੀ ਕਾਫ਼ੀ ਪੁਰਸ਼ਾਂ ਦੀ ਅਜਿਹੀ ਗਿਣਤੀ ਹੈ ਜੋ ਪ੍ਰਮਾਤਮਾ ਹੋਣ ਦਾ ਦਾਅਵਾ ਕਰਦੇ ਹਨ ਜਾਂ ਕਿਤੇ ਗੁਰੂ ਹੋਣ ਦਾ ਦਾਅਵਾ ਕਰਦੇ ਹਨ। ਇਹਨਾਂ ਦੇ ਦਾਅਵਿਆਂ ਤੋਂ ਅਵਤਾਰੀ ਪੁਰਸ਼ਾਂ ਨੇ ਜੋ ਮਾਰਗ ਬਣਾਏ ਸਨ, ਉਹ ਮਾਰਗ ਵਿਕਰਤ ਹੋਏ ਹਨ। ਉਹਨਾਂ ਵਿਚ ਰੋਕਾਂ ਵੀ ਖੜੀਆਂ ਹੋਈਆਂ, ਉਹਨਾਂ ਵਿਚ ਦੁਬਿਧਾ ਵੀ ਪੈਦਾ ਹੋਈ। ਇਸੇ ਹੰਕਾਰ ਨੇ ਇਸਲਾਮ ਵਿਚ 72 ਫ਼ਿਰਕੇ ਪੈਦਾ ਕਰ ਦਿੱਤੇ ਅਤੇ ਗ਼ਾਲਬਨ ਤਿੰਨ ਤਾਂ ਬਹੁਤ ਵੱਡੇ ਫ਼ਿਰਕੇ ਹਨ—ਸ਼ੀਆ, ਸੁੰਨੀ, ਮਿਰਜ਼ਈ। ਇਸੇ ਹੰਕਾਰ ਨੂੰ ਦੇਖਦਿਆਂ ਸਨਾਤਨ ਮੱਤ ਵਿਚ ਹਜ਼ਾਰਾਂ ਹੀ ਫ਼ਿਰਕੇ ਪੈਦਾ ਕਰ ਦਿੱਤੇ। ਕੋਈ ਕਿਸੇ ਸਮਾਜ ਦਾ ਪੈਰੋਕਾਰ, ਕੋਈ ਕਿਸੇ ਸਮਾਜ ਦਾ ਪੈਰੋਕਾਰ, ਕੋਈ ਕਿਸੇ ਦੇਵੀ ਨਾਲ ਜੁੜਿਆ ਹੋਇਆ, ਕੋਈ ਕਿਸੇ ਦੇਵਤੇ ਨਾਲ ਜੁੜਿਆ ਹੋਇਆ ਅਤੇ ਮਨੁੱਖ ਦੇ ਹੰਕਾਰ ਨੇ ਇਸ ਤਰ੍ਹਾਂ ਦੇ ਬੇਸ਼ਤਰ ਅਨੰਤ ਰੂਪ ਖੜੇ ਕੀਤੇ ਹਨ। ਇਸ ਤਰ੍ਹਾਂ ਦੇ ਜਿਹੜੇ ਦਾਅਵੇ ਹਨ, ਦਾਸ ਨੇ ਇਨ੍ਹਾਂ ਦਾ ਤੁੱਛ ਬੁੱਧੀ ਅਨੁਸਾਰ ਜਵਾਬ ਦਿੱਤਾ ਹੈ ਅਤੇ ਸੰਗਤਾਂ ਦੇ ਹਿੱਤ ਲਈ ਮੈਂ ਸੰਗਤਾਂ ਦੇ ਸਾਹਮਣੇ ਰੱਖ ਰਿਹਾ ਹਾਂ ਤਾਂਕਿ ਪ੍ਰਮਾਤਮਾ ਦੀ ਪੂਰੀ ਤਸਵੀਰ ਅੱਖਾਂ ਦੇ ਸਾਹਮਣੇ ਆਵੇ।

ਇੰਨੀ ਗੱਲ ਸਪੱਸ਼ਟ ਹੈ ਗੁਰੂ ਘਰ ਵਿਚ ਕਿ ਪ੍ਰਮਾਤਮਾ ਇਕ ਸ਼ਕਤੀ ਹੈ। ਇਹੀ ਕਾਰਨ ਹੈ ਕਿ ਅਸੀਂ ਜੋ ਅਰਦਾਸ ਕਰਦੇ ਹਾਂ-

*ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥*

ਭਗੌਤੀ ਤੋਂ ਮੁਰਾਦ ਹੈ ਸ਼ਕਤੀ। ਪ੍ਰਮਾਤਮਾ ਇਕ ਵਿਆਪਕ ਸ਼ਕਤੀ ਹੈ, ਵਿਅਕਤੀ ਨਹੀਂ ਹੈ। ਵਿਅਕਤੀ ਦੇ ਮੰਨਦਿਆਂ ਹੀ ਵਿਅਕਤੀ ਦੇ ਸਾਰੇ ਦੁੱਖ-ਸੁੱਖ ਇਸ ਵਿਚ ਨਿਰੂਪਨ ਕਰਨੇ ਪੈਣਗੇ। ਜਨਮ ਵੀ ਮੰਨਣਾ ਪਏਗਾ, ਮਰਨ ਵੀ ਮੰਨਣਾ ਪਏਗਾ, ਜਾਤ ਵੀ ਮੰਨਣੀ ਪਏਗੀ, ਮਾਂ-ਬਾਪ ਵੀ ਮੰਨਣੇ ਪੈਣਗੇ, ਕੁਲ ਵੀ ਮੰਨਣੀ ਪਏਗੀ। ਫਿਰ ਸਮਾਂ ਅਸਥਾਨ ਇਹ ਵੀ ਮੰਨਣਾ ਪਏਗਾ। ਜੋ ਕੁਝ ਮਨੁੱਖ ਨਾਲ ਘਟਤ ਹੁੰਦਾ ਹੈ, ਉਹੀ ਕੁਝ ਪ੍ਰਮਾਤਮਾ ਨਾਲ ਘਟਿਆ ਤੇ ਸਬਰ ਕਰਨਾ ਪਵੇਗਾ, ਮੰਨਣਾ ਪਵੇਗਾ। ਨਹੀਂ, ਉਹ ਜਨਮ ਤੋਂ ਰਹਿਤ ਹੈ, ਮਰਨ ਤੋਂ ਰਹਿਤ ਹੈ। ਉਸ ਦਾ ਕੋਈ ਮਾਂ-ਬਾਪ ਨਹੀਂ, ਉਸ ਦੀ ਕੋਈ ਜਾਤ-ਪਾਤ ਨਹੀਂ, ਉਸਨੂੰ ਸਮੇਂ ਅਤੇ ਅਸਥਾਨ ਵਿਚ ਵੀ ਬੰਨ੍ਹਿਆ ਨਹੀਂ ਜਾ ਸਕਦਾ। ਉਹ ਅਜਿਹੀ ਪਰਮ ਪਾਵਨ ਸ਼ਕਤੀ ਹੈ ਜੋ ਜੜ੍ਹ ਨਹੀਂ, ਚੇਤੰਨ ਹੈ। ਚੇਤੰਨ ਦੇ ਨਾਲ ਕੋਈ ਚੇਤੰਨ ਹੀ ਜੁੜ ਸਕਦਾ ਹੈ, ਜੜ੍ਹ ਨਹੀਂ।

ਆਮ ਇਹ ਤਰਕ ਖੜੀ ਕੀਤੀ ਗਈ ਕਿ ਅਨੰਤ ਕਾਲ ਤੋਂ ਮਨੁੱਖ ਪੱਥਰਾਂ ਨੂੰ ਪੂਜਦਾ ਰਿਹਾ, ਦਰੱਖਤਾਂ ਨੂੰ ਪੂਜਦਾ ਰਿਹਾ, ਪਹਾੜਾਂ ਨੂੰ ਪੂਜਦਾ ਰਿਹਾ, ਕਿਤੇ ਕਿਤੇ ਪਸ਼ੂਆਂ ਨੂੰ ਵੀ ਪੂਜਦਾ ਰਿਹਾ। ਇਹ ਮਨੁੱਖ ਮਨੁੱਖ ਨੂੰ ਵੀ ਪੂਜਦਾ ਰਿਹਾ ਅਤੇ ਮਨੁੱਖ ਮਨੁੱਖ ਨੂੰ ਪ੍ਰਮਾਤਮਾ ਅਤੇ ਗੁਰੂ ਮੰਨਦਾ ਰਿਹਾ। ਇਸ ਤਰ੍ਹਾਂ ਦੇ ਤਾਰਕਿਕ ਬੰਦੇ ਇਕ ਬਹੁਤ ਵੱਡੀ ਤਰਕ ਗੁਰੂ ਗ੍ਰੰਥ

ਸਾਹਿਬ ਮਹਾਰਾਜ 'ਤੇ ਖੜੀ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਆਖ਼ਿਰ ਕਾਗ਼ਜ਼ਾਂ ਦਾ ਇਕੱਠ ਹੈ, ਉਸ ਉੱਪਰ ਲਿਖਤ ਸ਼ਿਆਹੀ ਹੈ, ਫਿਰ ਕਿਵੇਂ ਗੁਰੂ ਮੰਨ ਲਈਏ ? ਇਕ ਤਰਕ ਕਰਦੇ ਹਨ ਕਿ ਅਨੰਤ ਕਾਲ ਤੋਂ ਲੋਕੀਂ ਪੱਥਰ ਪੂਜਦੇ ਰਹੇ ਹਨ, ਪੱਥਰ ਜੜ੍ਹ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਜੜ੍ਹ ਹਨ। ਕੋਈ ਵਿਗਿਆਨਕ ਦ੍ਰਿਸ਼ਟੀ ਨਾਲ ਇਸਨੂੰ ਸਾਬਤ ਕਰੇ ਕਿ ਕਾਗ਼ਜ਼ ਚੇਤੰਨ ਹੈ ? ਇਸ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮੈਂ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ—

*ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥*

(ਅੰਗ ੧੨੯੩)

ਕਾਗ਼ਜ਼ 'ਤੇ ਵਿਚਾਰ ਕਰੀਏ ਤਾਂ ਕਾਗ਼ਜ਼ ਵਾਕਈ ਕੋਈ ਪਵਿੱਤਰ ਚੀਜ਼ ਨਹੀਂ ਹੈ। ਲੱਕੜ ਤੋਂ ਬਣਦਾ ਹੈ, ਬਾਂਸ ਤੋਂ ਬਣਦਾ ਹੈ, ਘਾਸ ਤੋਂ ਬਣਦਾ ਹੈ। ਨਾ ਘਾਸ ਪੂਜਨੀਕ ਹੈ, ਨਾ ਲੱਕੜ ਪੂਜਨੀਕ ਹੈ। ਉਹੀ ਘਾਸ, ਉਹੀ ਬਾਂਸ ਤੇ ਉਹੀ ਲੱਕੜ ਜਦੋਂ ਕਾਗ਼ਜ਼ ਦੀ ਸ਼ਕਲ ਅਖ਼ਤਿਆਰ ਕਰ ਲਵੇ ਤਾਂ ਉਹ ਪੂਜਨੀਕ ਕਿਵੇਂ ਹੋ ਗਿਆ ?

ਪੁਰਾਣੇ ਜ਼ਮਾਨੇ ਵਿਚ ਤਾੜੀ ਦੇ ਦਰੱਖ਼ਤ ਦੇ ਬੁਰਾਦੇ ਤੋਂ ਕਾਗ਼ਜ਼ ਬਣਾਇਆ ਜਾਂਦਾ ਸੀ। ਤਾੜੀ ਦੇ ਦਰੱਖ਼ਤ ਨੂੰ ਸ਼ਾਸਤਰਕਾਰਾਂ ਨੇ ਅਪਵਿੱਤਰ ਕਰਕੇ ਮੰਨਿਆ ਹੈ, ਕਿਉਂਕਿ ਇਸ ਵਿਚੋਂ ਜਿਹੜਾ ਰੱਸ ਨਿਕਲਦਾ ਹੈ, ਉਸ ਦੇ ਵਿਚ ਨਸ਼ਾ ਸ਼ਰਾਬ ਵਰਗਾ ਹੈ। ਇਹੀ ਕਾਰਨ ਹੈ ਕਿ ਸਤਿਪੁਰਸ਼ ਵਰਜਦੇ ਰਹੇ ਹਨ ਕਿ ਇਸ ਦਰੱਖ਼ਤ ਦੇ ਨਿਕਟ ਨਾ ਜਾਉ, ਇਸ ਦੀ ਛਾਇਆ ਥੱਲੇ ਬੈਠਣ ਦੀ ਵੀ ਕੋਸ਼ਿਸ਼ ਨਾ ਕਰੋ। ਅਵਲ ਤਾਂ ਛਾਇਆ ਹੁੰਦੀ ਵੀ ਮਾਮੂਲੀ ਹੈ ਅਤੇ ਇਸ ਦਾ ਰੱਸ ਮਨੁੱਖ ਨੂੰ ਬੇਹੋਸ਼ ਕਰ ਦਿੰਦਾ ਹੈ। ਸ਼ਾਸਤਰਕਾਰਾਂ ਨੇ ਇਸਨੂੰ ਅਪਵਿੱਤਰ ਕਰਕੇ ਮੰਨਿਆ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਇਸੇ ਅਪਵਿੱਤਰ ਦਰੱਖ਼ਤ ਦੇ ਬੁਰਾਦੇ ਤੋਂ ਜਦੋਂ ਕਾਗ਼ਜ਼ ਬਣ ਗਿਆ ਤੇ ਉਸੇ ਕਾਗ਼ਜ਼ ਉੱਪਰ ਜਦੋਂ ਪ੍ਰਮਾਤਮਾ ਦਾ ਨਾਮ ਲਿਖ ਦਿੱਤਾ ਗਿਆ, ਪ੍ਰਮਾਤਮਾ ਦਾ ਗਿਆਨ ਲਿਖ ਦਿੱਤਾ ਗਿਆ ਤਾਂ-

*ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥*

(ਅੰਗ ੧੨੯੩)

ਫਿਰ ਇਹ ਕਾਗ਼ਜ਼ ਪੂਜਿਆ ਜਾ ਰਿਹਾ ਹੈ, ਪ੍ਰਕਰਮਾ ਕੀਤੀ ਜਾ ਰਹੀ ਹੈ। ਕੀ ਇਸ ਕਾਗ਼ਜ਼ ਨੂੰ ਮੱਥਾ ਟੇਕਿਆ ਜਾ ਰਿਹਾ ਹੈ ? ਕਾਗ਼ਜ਼ ਗਲੀਆਂ ਗਲੀਆਂ ਵਿਚ ਰੁਲ ਰਿਹਾ ਹੈ। ਕਾਗ਼ਜ਼ ਮਨੁੱਖ ਦੇ ਪੈਰਾਂ ਥੱਲੇ ਰੁੱਲ ਰਿਹਾ ਹੈ। ਅਸੀਂ ਕੋਈ ਅਖ਼ਬਾਰ, ਕੋਈ ਕਿਤਾਬ ਪੜ੍ਹਦੇ ਹਾਂ ਤਾਂ ਇਕ ਪਾਸੇ ਸੁੱਟ ਦਿੰਦੇ ਹਾਂ। ਕੌਣ ਚਿੰਤਾ ਕਰਦਾ ਹੈ, ਕੌਣ ਪੂਜਾ ਕਰਦਾ ਹੈ ਅਤੇ ਕੌਣ ਇਹਨਾਂ ਨੂੰ ਦੱਸੇ ਕਿ ਜੇਕਰ ਵਾਕਈ ਸਿੱਖ ਜਗਤ ਕਾਗ਼ਜ਼ ਦਾ ਪੁਜਾਰੀ ਹੈ ਤਾਂ ਸੜਕਾਂ 'ਤੇ, ਗਲੀਆਂ ਵਿਚ ਰੁਲਦਾ ਹੋਇਆ ਕਾਗ਼ਜ਼ ਇਹ ਵੀ ਪੂਜਿਆ ਜਾਣਾ ਚਾਹੀਦਾ ਹੈ। ਨਹੀਂ,

ਕਾਗ਼ਜ਼ ਦੀ ਪੂਜਾ ਸਿੱਖ ਜਗਤ ਨਹੀਂ ਕਰਦਾ। ਗਿਆਨ ਦੀ ਪੂਜਾ ਕਰਦਾ ਹੈ। ਪ੍ਰਮਾਤਮਾ ਦੇ ਨਾਮ ਦੀ ਪੂਜਾ ਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਉਹ ਨਾਮ, ਉਹ ਗਿਆਨ ਕਾਗ਼ਜ਼ ਦੇ ਉੱਪਰ ਲਿਖਿਆ ਹੈ। ਜੋ ਪ੍ਰਮਾਤਮਾ ਤੋਂ ਪ੍ਰਗਟ ਹੋਇਆ, ਉਹ ਕਾਗ਼ਜ਼ਾਂ 'ਤੇ ਛਪਿਆ ਹੈ ਪ੍ਰਮਾਤਮਾ ਦਾ ਬੋਲ, ਪ੍ਰਮਾਤਮਾ ਦਾ ਅਨੁਭਵ, ਪ੍ਰਮਾਤਮਾ ਦਾ ਗਿਆਨ, ਇਸ 'ਤੇ ਤਰਕ ਇਹ ਖੜੀ ਕੀਤੀ ਜਾਂਦੀ ਹੈ ਕਿ ਇਹ ਤਾਂ ਢਾਈ-ਤਿੰਨ ਸੌ ਰੁਪਏ ਜਾਂ ਵੱਧ ਤੋਂ ਵੱਧ ਪੰਜ-ਸੱਤ ਸੌ ਰੁਪਏ ਦਾ ਮਿਲ ਜਾਂਦਾ ਹੈ। ਗੁਰੂ ਦੀ ਇਹੀ ਕੀਮਤ ਹੋ ਗਈ ? ਆਖ਼ਿਰ ਗੁਰੂ ਦੀ ਇਹੀ ਹਸਤੀ ਤੇ ਸ਼ਕਤੀ ਹੋ ਗਈ ? ਪਰ ਕੌਣ ਦੱਸੇ ਕਿ ਇਹ ਪੰਜ-ਸੱਤ ਸੌ ਰੁਪਏ ਕਾਗ਼ਜ਼ ਦੀ ਕੀਮਤ ਹੈ, ਸ਼ਿਆਹੀ ਦੀ ਕੀਮਤ ਹੈ, ਕੁਝ ਮਨੁੱਖੀ ਮਿਹਨਤ ਦੀ ਕੀਮਤ ਹੈ। ਇਹ ਉਸ ਗਿਆਨ ਦੀ ਕੀਮਤ ਨਹੀਂ, ਇਹ ਉਸ ਨਾਮ ਦੀ ਕੀਮਤ ਨਹੀਂ ਹੈ। ਇਹ ਕਾਗ਼ਜ਼ ਇਉਂ ਸਮਝ ਲਉ ਉਸ ਗਿਆਨ ਦੇ ਬਸਤਰ ਹਨ ਤਾਂ ਬਸਤਰਾਂ ਦੀ ਕੀਮਤ ਹੋ ਸਕਦੀ ਹੈ, ਗੁਰੂ ਦੀ ਕੀਮਤ ਨਹੀਂ ਹੈ। ਗੁਰੂ ਮਹਾਨ ਹੈ, ਅਤੁੱਲ ਹੈ, ਅਮੁੱਲ ਹੈ।

ਕੁਝ ਅਰਸਾ ਹੋਇਆ ਇਸ ਤਰ੍ਹਾਂ ਦੇ ਤਾਰਕਿਕ ਲੋਕਾਂ ਨੇ ਕਿਹਾ ਅਤੇ ਖ਼ਾਸ ਕਰਕੇ ਇਸ ਦਾਸ ਨਾਲ ਵਿਚਾਰ-ਵਟਾਂਦਰਾ ਹੋਇਆ ਕਿ ਤੁਸੀਂ ਦੇਖਣਾ ਕੱਲ ਸਾਡੇ ਗੁਰੂ ਨੂੰ ਨੋਟਾਂ ਨਾਲ ਤੋਲਿਆ ਜਾਏਗਾ। ਤਕੜੀ ਉੱਤੇ ਵੀ ਪੰਗਤੀ ਲਿਖੀ ਹੋਈ ਸੀ-

*ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥*

(ਅੰਗ ੭੩੧)

ਤਾਰਕਿਕ ਪੁਰਸ਼ ਨਾਲ ਜੋ ਵਿਚਾਰ-ਵਟਾਂਦਰਾ ਹੋਇਆ, ਮੈਂ ਪੁੱਛਿਆ ਠੀਕ ਹੈ, ਤੁਹਾਡੇ ਗੁਰੂ ਨੂੰ ਨੋਟਾਂ ਨਾਲ ਤੋਲਿਆ ਗਿਆ ਹੈ ਪਰ ਕੀ ਦੱਸ ਸਕੋਗੇ ਕਿ ਇਕ ਪੱਲੜੇ ਵਿਚ ਤੁਹਾਡਾ ਗੁਰੂ ਬੈਠਾ ਤੇ ਦੂਜੇ ਪੱਲੜੇ ਵਿਚ ਕਿੰਨੇ-ਕੁ ਨੋਟ ਸਨ ? ਉਸਨੇ ਅੰਦਾਜ਼ਨ ਦੱਸੇ ਕਿ ਨੌਂ ਲੱਖ ਦੇ ਕਰੀਬ ਇਹ ਨੋਟ ਸਨ। ਇਸ ਵਜ਼ਨ ਨਾਲ ਸਾਡੇ ਗੁਰੂ ਨੂੰ ਤੋਲਿਆ ਗਿਆ। ਮੈਂ ਕਿਹਾ ਫਿਰ ਤਾਂ ਤੁਹਾਡੇ ਗੁਰੂ ਦੀ ਕੀਮਤ ਨੌਂ ਲੱਖ ਰੁਪਏ ਹੈ। ਤਰਾਜ਼ੂ ਦੇ ਦੋ ਪੱਲੜੇ ਬਰਾਬਰ ਹੋ ਗਏ। ਇਕ ਪਾਸੇ ਤੁਹਾਡਾ ਗੁਰੂ ਬੈਠ ਗਿਆ, ਇਕ ਪਾਸੇ ਨੌਂ ਲੱਖ ਰੁਪਏ, ਗੁਰੂ ਦੀ ਕੀਮਤ ਨੌਂ ਲੱਖ ਰੁਪਏ ਹੈ।

ਜਦੋਂ ਕਰੰਸੀ ਦਾ ਪ੍ਰਚਲਨ ਨਹੀਂ ਸੀ, ਵਸਤੂਆਂ ਦੇ ਬਦਲੇ ਹੀ ਵਸਤੂਆਂ ਦਿੱਤੀਆਂ ਜਾਂਦੀਆਂ ਸਨ ਅਤੇ ਜੀਵਾਂ ਦੇ ਬਦਲੇ ਜੀਵ ਦਿੱਤੇ ਜਾਂਦੇ ਸਨ। ਦੋ ਬਕਰੀਆਂ ਦੇ ਕੇ ਇਕ ਗਊ ਲੈ ਲਈ ਜਾਂਦੀ ਸੀ। ਚਾਰ ਗਊਆਂ ਦੇ ਕੇ ਲੋਕੀਂ ਊਠ ਲੈ ਲੈਂਦੇ ਸਨ। ਦੱਸ ਊਠ ਦੇ ਕੇ ਲੋਕੀਂ ਇਕ ਹਾਥੀ ਖ਼ਰੀਦ ਲੈਂਦੇ ਸਨ। ਇਸ ਤਰ੍ਹਾਂ ਦਾਣੇ ਦੇ ਕੇ ਕੱਪੜਾ ਖ਼ਰੀਦ ਲੈਣਾ, ਕੱਪੜੇ ਦੇ ਕੇ ਦਾਣੇ ਲੈ ਲੈਣੇ, ਇਹ ਆਮ ਪ੍ਰਚਲਿਤ ਸੀ। ਇਹਨਾਂ ਦਾ ਪ੍ਰਚਲਨ ਇਸ ਤਰ੍ਹਾਂ ਹੋਇਆ ਕਿ ਇਕ ਪੱਲੜੇ ਵਿਚ ਫਲ ਰੱਖ ਦਿੱਤੇ ਜਾਂਦੇ ਸਨ ਤੇ ਦੂਜੇ ਵਿਚ ਦਾਣੇ। ਚਾਹੇ ਉਹ ਦਾਣੇ ਕਣਕ ਦੇ ਹਨ, ਚਾਹੇ ਚਣਿਆਂ ਦੇ। ਵੱਧ-ਘੱਟ ਨਾ ਹੋਣ ਤਾਂ ਦੋਹਾਂ ਪਲੜਿਆਂ ਨੂੰ

ਬਰਾਬਰ ਕੀਤਾ ਜਾਂਦਾ ਸੀ। ਤਰਾਜ਼ੂ ਦਾ ਜਨਮ ਇਸ ਲਈ ਹੋਇਆ।

ਗੱਲ ਸਪੱਸ਼ਟ ਹੋ ਗਈ। ਇਕ ਪੱਲੜੇ ਵਿਚ ਨੌਂ ਲੱਖ ਰੁਪਏ ਤੇ ਇਕ ਪੱਲੜੇ ਵਿਚ ਗੁਰੂ। ਇਸ ਗੁਰੂ ਦੀ ਕੀਮਤ ਨੌਂ ਲੱਖ ਰੁਪਏ। ਨੌਂ ਲੱਖ ਰੁਪਏ ਤੁਹਾਡੇ ਗੁਰੂ ਮਹਾਰਾਜ ਦਾ ਇਕ ਸੈਕਿੰਡ ਦਾ ਚੜ੍ਹਾਵਾ ਹੈ। ਜੋ ਆਪਣੇ ਆਪ ਨੂੰ ਧਨ ਨਾਲ ਤੁਲਵਾਉਣ ਲਈ ਰਾਜ਼ੀ ਹੋ ਗਿਆ, ਉਹ ਕੋਈ ਰਾਜਨੀਤਿਕ ਹੋ ਸਕਦਾ ਹੈ, ਸੰਸਾਰੀ ਹੋ ਸਕਦਾ ਹੈ। ਗਿਆਨੀ ਅਤੇ ਅਨੁਭਵੀ ਸਤਿਪੁਰਸ਼ ਪੈਸਿਆਂ ਨਾਲ ਤੋਲੇ ਨਹੀਂ ਜਾਂਦੇ, ਪੈਸੇ ਉਹਨਾਂ ਦੇ ਕਦਮਾਂ ਵਿਚ ਭੇਟ ਕੀਤੇ ਜਾਂਦੇ ਹਨ। ਧਨ ਨਾਲ ਉਹ ਤੁਲਵਾਉਂਦੇ ਨਹੀਂ ਹੁੰਦੇ। ਫਿਰ ਤਾਂ ਧਨ ਮਹਾਨ ਹੈ, ਭਗਵਾਨ ਮਹਾਨ ਨਹੀਂ।

ਦੂਜੇ ਪਾਸੇ ਰਾਧਾ ਸੁਆਮੀਆਂ ਦਾ ਇਹ ਤਰਕ ਕਿ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਗਿਆਨ ਹੈ, ਬੋਧ ਹੈ, ਬਹੁਤ ਕੁਝ ਹੈ ਪਰ ਇਸ ਦੀ ਵਿਆਖਿਆ ਅਸੀਂ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਮਹਾਰਾਜ ਖ਼ੁੱਦ ਨਹੀਂ ਬੋਲਦੇ, ਇਸ ਲਈ ਅਸੀਂ ਖ਼ੁੱਦ ਗੁਰੂ ਹੋਣ ਦਾ ਦਾਅਵਾ ਕਰੀਏ ਤਾਂ ਇਸ ਦੇ ਵਿਚ ਹਰਜ ਕੀ ਹੈ ? ਇਸ ਦਾ ਜਵਾਬ ਸਤਿਗੁਰਾਂ ਦੀ ਬਾਣੀ ਬੜੀ ਸੁੰਦਰ ਆਪਣੇ ਆਪ ਵਿਚ ਸਪੱਸ਼ਟ ਕਰਦੀ ਹੈ। ਪ੍ਰਥਮ ਤਾਂ ਇਸ ਵਿਸ਼ੇ ਵਿਚ ਇਹ ਤਰਕ ਖੜੀ ਕੀਤੀ ਜਾ ਸਕਦੀ ਹੈ ਕਿ ਜਿਸ ਦੀ ਵਿਆਖਿਆ ਕੀਤੀ ਜਾ ਰਹੀ ਹੈ, ਉਹ ਮਹਾਨ ਹੈ ਜਾਂ ਜੋ ਵਿਆਖਿਆ ਕਰ ਰਿਹਾ ਹੈ, ਉਹ ਮਹਾਨ ਹੈ ? ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਹੜੀ ਬਾਣੀ ਹੈ ਇਹ ਪ੍ਰਮਾਤਮਾ ਤੋਂ ਆਏ ਹੋਏ ਖਸਮ ਦੇ ਬੋਲ ਹਨ। ਗੁਰੂ ਨਾਨਕ ਦਾ ਮਨ ਜਿੱਥੇ ਚੁੱਪ ਕਰ ਗਿਆ, ਉਥੇ ਪ੍ਰਭੂ ਬੋਲ ਉੱਠਿਆ—

*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥*

(ਅੰਗ ੭੬੩)

ਮੈਂ ਤਾਂ ਬੋਲਣਾ ਜਾਣਦਾ ਨਹੀਂ, ਮੈਂ ਤਾਂ ਬੋਲਣਾ ਛੱਡ ਦਿੱਤਾ। ਫਿਰ ਜੋ ਕੁਝ ਵੀ ਬੋਲਦਾ ਹੈ ਪ੍ਰਮਾਤਮਾ ਬੋਲਦਾ ਹੈ। ਫਿਰ ਇਥੇ ਇਹ ਸਵਾਲ ਖੜਾ ਹੁੰਦਾ ਹੈ ਕਿ ਜੋ ਵਿਆਖਿਆ ਕਰ ਰਿਹਾ ਹੈ, ਕੀ ਆਪਣੇ ਹਿਰਦੇ ਵਿਚ ਉਸ ਦੇ ਉਪਦੇਸ਼ ਨੂੰ ਜਗ੍ਹਾ ਦੇਣੀ ਹੈ ਜਾਂ ਉਪਦੇਸ਼ਕ ਨੂੰ ? ਜੇ ਕਹਿ ਦੇਈਏ ਕਿ ਉਪਦੇਸ਼ਕ ਨੂੰ ਹਿਰਦੇ ਵਿਚ ਜਗ੍ਹਾ ਦੇਣੀ ਹੈ ਤਾਂ ਫਿਰ ਉਪਦੇਸ਼ ਸੁਣਨ ਦੀ ਕੋਈ ਲੋੜ ਨਹੀਂ, ਫਿਰ ਤਾਂ ਸਮਾਂ ਬਰਬਾਦ ਕਰਨਾ ਹੈ। ਜੇ ਕਹਿ ਦੇਈਏ ਕਿ ਮਨ ਵਿਚ ਤਬਦੀਲੀ ਤਾਂ ਉਪਦੇਸ਼ ਵਧਾਉਣ ਨਾਲ ਆਵੇਗੀ, ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਹੋਵੇਗੀ। ਇਕ ਗੱਲ ਸਪੱਸ਼ਟ ਹੋ ਗਈ ਕਿ ਗਿਆਨ ਗੁਰੂ ਹੈ, ਗਿਆਨੀ ਗੁਰੂ ਨਹੀਂ। ਵਿਚਾਰ ਗੁਰੂ ਹੈ, ਵਿਆਖਿਆਕਾਰ ਗੁਰੂ ਨਹੀਂ, ਕਿਉਂਕਿ ਹਿਰਦੇ ਵਿਚ ਤਾਂ ਵਿਆਖਿਆ ਨੂੰ ਵਸਾਉਣਾ ਹੈ, ਗਿਆਨ ਨੂੰ ਵਸਾਉਣਾ ਹੈ। ਜੇ ਇਥੇ ਵਿਆਖਿਆਕਾਰ ਦੀ ਇਹ ਤਰਕ ਹੋਵੇ ਕਿ ਵਿਆਖਿਆ ਮੈਂ ਕੀਤੀ ਹੈ। ਇਹ ਠੀਕ ਹੈ ਕਿ ਪਿਆਸ ਪਾਣੀ ਨਾਲ ਬੁੱਝੇਗੀ। ਇਹ ਗੱਲ ਵੱਖਰੀ ਹੈ ਕਿ ਪਾਣੀ ਸਰੋਵਰ ਵਿਚ ਹੋਵੇ, ਦਰਿਆ ਵਿਚ ਹੋਵੇ, ਘੜੇ ਵਿਚ ਹੋਵੇ ਜਾਂ ਗਿਲਾਸ ਵਿਚ ਹੋਵੇ। ਧੰਨਵਾਦ ਹੈ ਉਸ ਦਰਿਆ ਦਾ, ਉਸ ਨਲਕੇ ਦਾ, ਉਸ

ਘੜੇ ਦਾ, ਉਸ ਗਿਲਾਸ ਦਾ ਜਿਸਦੇ ਰਾਹੀਂ ਪਾਣੀ ਪੀਤਾ ਤੇ ਪਿਆਸ ਬੁੱਝੀ, ਪਰ ਘੜਾ ਪਾਣੀ ਨਹੀਂ ਹੈ। ਮਹਾਨ ਹੈ ਉਹ, ਸਤਿਕਾਰ ਯੋਗ ਹੈ ਉਹ ਵਿਅਕਤੀ ਜਿਸਨੇ ਗਿਆਨ ਜਗਤ ਦੇ ਸਾਹਮਣੇ ਰੱਖਿਆ ਅਤੇ ਉਹ ਕਹੇ ਮੈਂ ਹੀ ਗਿਆਨ ਹਾਂ ਅਤੇ ਮੈਂ ਹੀ ਗੁਰੂ ਹਾਂ, ਮੈਂ ਹੀ ਪ੍ਰਮਾਤਮਾ ਹਾਂ, ਫਿਰ ਇਹ ਤਾਂ ਇਸ ਤਰ੍ਹਾਂ ਹੋ ਗਿਆ ਜਿਵੇਂ ਕੋਈ ਘੜਾ ਕਹੇ ਕਿ ਮੈਂ ਹੀ ਪਾਣੀ ਹਾਂ। ਬਸ, ਇਹ ਇਕ ਵੱਡਾ ਭੁਲੇਖਾ ਹੈ। ਇਸਨੂੰ ਸਮਝਣਾ ਹੈ। ਪਿਆਸ ਪਾਣੀ ਤੋਂ ਹੀ ਬੁਝੇਗੀ, ਆਤਮਕ ਕਲਿਆਣ ਗਿਆਨ ਤੋਂ ਹੋਵੇਗਾ, ਗੁਰਬਾਣੀ ਤੋਂ ਹੋਵੇਗਾ। ਇਹ ਗੁਰਬਾਣੀ ਚਾਹੇ ਪੱਥਰਾਂ 'ਤੇ ਲਿਖੀ ਹੋਵੇ, ਚਾਹੇ ਕਾਗ਼ਜ਼ 'ਤੇ ਲਿਖੀ ਹੋਵੇ, ਚਾਹੇ ਮਨੁੱਖੀ ਹਿਰਦੇ 'ਤੇ ਲਿਖੀ ਹੋਵੇ, ਕਿਤੇ ਵੀ ਲਿਖੀ ਹੋਵੇ, ਆਤਮਕ ਗਿਆਨ ਗੁਰਬਾਣੀ ਤੋਂ ਹੋਵੇਗਾ। ਉਸੇ ਨੂੰ ਪ੍ਰਮਾਤਮਾ ਦੇ ਬੋਲ ਕਹਿੰਦੇ ਹਨ, ਉਸੇ ਨੂੰ ਈਸ਼ਵਰ ਦੇ ਬੋਲ ਕਹਿੰਦੇ ਹਨ।

ਇਸ ਸੰਬੰਧ ਵਿਚ ਤਾਰਕਿਕ ਇਕ ਹੋਰ ਵੀ ਤਰਕ ਖੜੀ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬੋਲਦੇ ਨਹੀਂ, ਅਸੀਂ ਬੁਲਾਉਂਦੇ ਹਾਂ, ਅਸੀਂ ਗੱਲ ਨੂੰ ਖੋਲ੍ਹਦੇ ਹਾਂ। ਇਸ ਸੰਬੰਧ ਵਿਚ ਮੈਂ ਇਕ ਦਲੀਲ ਪੇਸ਼ ਕਰਿਆ ਕਰਦਾ ਹਾਂ। ਇਕ ਅਨਪੜ੍ਹ ਇਸਤਰੀ ਦਾ ਪਤੀ ਕਿਤੇ ਪ੍ਰਦੇਸ ਚਲਾ ਗਿਆ। ਮੁੱਦਤ ਬਾਅਦ ਉਸਨੇ ਆਪਣੀ ਪਤਨੀ ਨੂੰ ਪਿਆਰ ਭਰੀ ਪੱਤ੍ਰਿਕਾ ਲਿਖੀ। ਜਿਸ ਤਰ੍ਹਾਂ ਦਾ ਰਿਸ਼ਤਾ ਹੋਵੇ, ਸੰਬੰਧ ਵਿਚ ਅਲਫ਼ਾਜ਼ ਉਸੇ ਤਰ੍ਹਾਂ ਦੇ ਲਿਖੇ ਜਾਂਦੇ ਹਨ। ਜਿਵੇਂ ਭਰਾ ਭਰਾ ਨੂੰ ਚਿੱਠੀ ਲਿਖੇ ਤਾਂ ਭਰਾ ਕਰਕੇ ਹੀ ਸੰਬੋਧਨ ਕਰਦਾ ਹੈ। ਉਸਨੇ ਪਤਨੀ ਰੂਪ ਵਿਚ ਉਸਨੂੰ ਸੰਬੋਧਨ ਕੀਤਾ ਹੈ—ਮੇਰੀ ਪਿਆਰੀ ਪਤਨੀ। ਚਿੱਠੀ ਪਤਨੀ ਦੇ ਹੱਥ ਵਿਚ ਹੈ, ਪਰ ਪੜ੍ਹ ਨਹੀਂ ਸਕਦੀ। ਉਹ ਪੜੋਸੀ ਦੇ ਘਰ ਚਲੀ ਗਈ। ਕਹਿੰਦੀ ਹੈ ਵੀਰ ਜੀ, ਇਹ ਚਿੱਠੀ ਪੜ੍ਹ ਕੇ ਸੁਣਾਉ, ਪਤਾ ਨਹੀਂ ਕਿਸ ਦੀ ਹੈ। ਪੜੋਸੀ ਚਿੱਠੀ ਖੋਲ੍ਹ ਕੇ ਪੜ੍ਹਨ ਲੱਗਿਆ—ਮੇਰੀ ਪਿਆਰੀ ਪਤਨੀ। ਜੋ ਜੋ ਪਤੀ ਨੇ ਲਿਖਿਆ, ਇਹ ਪੜੋਸੀ ਪੜ੍ਹ ਕੇ ਸੁਣਾ ਰਿਹਾ ਹੈ। ਪਤਨੀ ਸ਼ੌਕ ਨਾਲ ਸੁਣੀ ਜਾ ਰਹੀ ਹੈ। ਹੁੰਗਾਰਾ ਭਰੀ ਜਾ ਰਹੀ ਹੈ, ਪ੍ਰਸੰਨ ਹੋਈ ਜਾ ਰਹੀ ਹੈ। ਚਿੱਠੀ ਪੜ੍ਹਨ ਵਾਲੇ ਦੇ ਮਨ ਵਿਚ ਇਹ ਮੁਗ਼ਾਲਤਾ ਹੋ ਜਾਏ ਕਿ ਮੈਂ ਇਹ ਸ਼ਬਦ ਦੁਹਰਾਏ ਹਨ—ਮੇਰੀ ਪਿਆਰੀ ਪਤਨੀ ਅਤੇ ਇਸਨੇ ਹੁੰਗਾਰਾ ਵੀ ਭਰਿਆ ਹੈ, ਪ੍ਰਸੰਨ ਵੀ ਹੋਈ ਹੈ, ਫਿਰ ਕਿਉਂ ਨਾ ਮੈਂ ਦਾਅਵਾ ਕਰ ਦੇਵਾਂ ਕਿ ਤੂੰ ਮੇਰੀ ਪਤਨੀ ਹੈਂ ਤੇ ਮੈਂ ਤੇਰਾ ਪਤੀ ਹਾਂ। ਚਿੱਠੀ ਪੜ੍ਹ ਕੇ ਸੁਣਾਉਣ ਵਾਲਾ ਪਤੀ ਹੋਣ ਦਾ ਦਾਅਵਾ ਕਰੇ ਤਾਂ ਦੁਸ਼ਟ ਹੈ, ਦੁਰਾਚਾਰੀ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਸੁਣਾਉਣ ਵਾਲਾ ਵਿਆਖਿਆਕਾਰ ਜੇਕਰ ਗੁਰੂ ਹੋਣ ਦਾ ਦਾਅਵਾ ਕਰੇ ਤਾਂ ਉਸ ਤੋਂ ਵੱਡਾ ਹੋਰ ਕੋਈ ਪਾਖੰਡੀ ਨਹੀਂ। ਉਸ ਤੋਂ ਵੱਡਾ ਹੋਰ ਕੋਈ ਝੂਠਾ ਨਹੀਂ। ਸਤਿਕਾਰ ਹੈ ਤੇਰਾ, ਧੰਨਵਾਦ ਹੈ ਤੇਰਾ ਕਿ ਤੂੰ ਚਿੱਠੀ ਪੜ੍ਹ ਕੇ ਸੁਣਾ ਦਿੱਤੀ, ਪਰ ਇਹ ਬਦਕਿਸਮਤੀ ਹੈ ਤੇਰੀ ਕਿ ਤੂੰ ਦਾਅਵਾ ਕਰ ਦਿੱਤਾ ਕਿ ਮੈਂ ਖਸਮ ਵੀ ਹਾਂ।

ਇਸ ਤਰ੍ਹਾਂ ਦੇ ਦਾਅਵੇ ਸਿੱਖ ਜਗਤ ਵਿਚ ਕਾਫ਼ੀ ਮੌਜੂਦ ਹਨ। ਬਾਣੀ ਪੜ੍ਹਨੀ, ਬਾਣੀ ਪੜ੍ਹਾਉਣੀ, ਫਿਰ ਮਨੁੱਖਤਾ ਨੂੰ ਕਹਿ ਦੇਣਾ ਕਿ ਗੁਰਬਾਣੀ ਕੁਝ ਨਹੀਂ, ਮੈਂ ਤਾਂ ਸੁਇੰਮ ਗੁਰੂ

ਹਾਂ। ਮਨੁੱਖ ਦੇ ਹੰਕਾਰ ਅਤੇ ਅਗਿਆਨਤਾ ਤੋਂ ਬਿਨਾਂ ਇਸ ਦੇ ਵਿਚੋਂ ਹੋਰ ਕੁਝ ਪ੍ਰਗਟ ਨਹੀਂ ਹੁੰਦਾ। ਦੂਜੀ ਤਰਕ, ਇਹ ਚਾਰ ਲਿਖੇ ਹੋਏ ਅੱਖਰ ਇਹਨਾਂ ਨੂੰ ਹੀ ਗੁਰੂ ਮੰਨ ਲਈਏ, ਇਹ ਤਾਂ ਜੜ੍ਹ ਹਨ। ਜੇ ਕਾਗ਼ਜ਼ ਜੜ੍ਹ ਹੈ ਤਾਂ ਅੱਖਰ ਵੀ ਜੜ੍ਹ ਹੈ।

ਇਸ ਸੰਬੰਧ ਵਿਚ ਇਕ ਵਾਰਤਾ ਹੈ - ਪ੍ਰਦੇਸ ਗਏ ਇਕ ਬੱਚੇ ਨੇ ਆਪਣੇ ਘਰ ਵਿਚ ਚਿੱਠੀ ਲਿਖੀ ਹੈ ਮਾਂ-ਬਾਪ ਨੂੰ। ਇਹ ਭੈਣ ਦਾ ਇਕਲੌਤਾ ਭਰਾ ਹੈ। ਇਸ ਚਿੱਠੀ ਨੂੰ ਪੜ੍ਹ ਕੇ ਸਾਰਾ ਘਰ ਨੱਚ ਉੱਠਿਆ। ਬਾਰ-ਬਾਰ ਚਿੱਠੀ ਨੂੰ ਚੁੰਮਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਹਨਾਂ ਘਰ ਵਾਲਿਆਂ ਨੂੰ ਕੌਣ ਸਮਝਾਏ ਕਿ ਚਾਰ ਅੱਖਰ ਹੀ ਤਾਂ ਹਨ, ਜਿਸ ਨੂੰ ਪੜ੍ਹ ਕੇ ਨੱਚਦੇ ਪਏ ਹੋ। ਅੱਜ ਇਕ ਟੈਲੀਗ੍ਰਾਮ ਆ ਗਈ ਕਿ ਤੁਹਾਡੇ ਬੱਚੇ ਦਾ ਐਕਸੀਡੈਂਟ ਹੋ ਗਿਆ, ਜਿਸ ਨਾਲ ਉਸ ਦੀ ਮ੍ਰਿਤੂ ਹੋ ਗਈ ਹੈ। ਸਾਰੇ ਘਰ ਵਿਚ ਮਾਤਮ ਛਾ ਗਿਆ ਹੈ। ਭੈਣ ਦੇ ਹੰਝੂ ਥੰਮ੍ਹਦੇ ਨਹੀਂ ਹਨ, ਪਤਨੀ ਦੇ ਸੁਆਸ ਥੰਮ੍ਹ ਗਏ ਹਨ, ਮਾਂ ਦਾ ਚੱਲਣਾ ਜ਼ਮੀਨ 'ਤੇ ਮੁਹਾਲ ਹੋਇਆ ਹੈ ਤੇ ਪਿਤਾ ਦੇ ਸਿਰ 'ਤੇ ਅਸਮਾਨ ਡਿੱਗ ਪਿਆ ਹੈ। ਘਰ ਸ਼ਮਸ਼ਾਨ ਘਾਟ ਬਣ ਗਿਆ ਹੈ। ਕੋਈ ਤਰਕਸ਼ੀਲ ਪੁਰਸ਼ ਇਹਨਾਂ ਨੂੰ ਇਹ ਕਹੇ ਕਿ ਚਾਰ ਅੱਖਰਾਂ ਨੂੰ ਪੜ੍ਹ ਕੇ ਘਰ ਨੂੰ ਸ਼ਮਸ਼ਾਨ ਘਾਟ ਬਣਾ ਬੈਠੇ, ਸਿਰਫ਼ ਚਾਰ ਅੱਖਰਾਂ ਨੂੰ ਪੜ੍ਹ ਕੇ ਇੰਨਾ ਵੱਡਾ ਰੁਦਨ ?

ਠੀਕ ਹੈ ਸਿਰਫ਼ ਚਾਰ ਅੱਖਰ ਹੀ ਹਨ, ਪਰ ਇਹਨਾਂ ਚਾਰ ਅੱਖਰਾਂ ਵਿਚ ਬਹੁਤ ਕੁਝ ਹੈ। ਪੰਜ ਸਾਲ ਤੋਂ ਗਿਆ ਹੋਇਆ ਇਹ ਪ੍ਰਦੇਸੀ, ਉਸ 'ਤੇ ਵੀ ਟੈਲੀਗ੍ਰਾਮ ਘਰ ਵਿਚ ਆ ਗਈ ਕਿ ਮੈਂ ਫਲਾਨੇ ਸਮੇਂ ਘਰ ਪਹੁੰਚ ਰਿਹਾ ਹਾਂ। ਪੰਜ ਸਾਲ ਤੋਂ ਬਾਅਦ ਆ ਰਿਹਾ ਹੈ ਤਾਂ ਮਾਂ ਦੇ ਅੱਖਾਂ ਵਿਚ ਨਵੀਂ ਰੌਸ਼ਨੀ ਆ ਗਈ ਚਾਰ ਅੱਖਰਾਂ ਨੂੰ ਪੜ੍ਹ ਕੇ। ਪਿਤਾ ਦੇ ਪੈਰਾਂ ਵਿਚ ਨਵੀਂ ਗਤੀ ਆ ਗਈ, ਪਤਨੀ ਦੇ ਸੁਆਸਾਂ ਵਿਚ ਅਗੰਮੀ ਮਹਿਕ ਪੈਦਾ ਹੋ ਗਈ ਤੇ ਕੋਈ ਕਹੇ ਸਿਰਫ਼ ਚਾਰ ਅੱਖਰਾਂ ਨੂੰ ਪੜ੍ਹ ਕੇ ਘਰ ਨੂੰ ਮੇਲਾ ਬਣਾ ਬੈਠੇ ਹੋ। ਭਾਵੇਂ ਚਾਰ ਅੱਖਰ ਹਨ, ਪਰ ਚਾਰ ਅੱਖਰਾਂ ਵਿਚ ਬਹੁਤ ਕੁਝ ਹੈ। ਭਾਵੇਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਾਰ ਅੱਖਰ ਹਨ, ਪਰ ਇਹਨਾਂ ਚਾਰ ਅੱਖਰਾਂ ਵਿਚ ਹੀ ਨਿਰੰਕਾਰ ਬੈਠਾ ਹੈ, ਮਹਾਤਮਾ ਬੈਠਾ ਹੈ, ਈਸ਼ਵਰ ਬੈਠਾ ਹੈ। ਜੇਕਰ ਜਾਣਨ ਦਾ ਮਨ ਹੋਵੇ ਅਤੇ ਅੰਦਰ ਸ਼ਰਧਾ ਹੋਵੇ ਤਾਂ ਇਹਨਾਂ ਅੱਖਰਾਂ ਵਿਚ ਪ੍ਰਮਾਤਮਾ ਦੀ ਝਲਕ ਮਿਲ ਜਾਂਦੀ ਹੈ—

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥*

(ਅੰਗ ੬੩੫)

ਸ਼ਬਦ ਗੰਭੀਰ ਹੈ, ਬਹੁਤ ਗਹਿਰਾ ਹੈ, ਬਹੁਤ ਬੁਲੰਦ ਹੈ, ਅਥਾਹ ਹੈ, ਇਸਨੂੰ ਸਮਝੇ ਤੋਂ ਬਿਨਾਂ ਜਗਤ ਪਾਗ਼ਲ ਹੋਇਆ ਫਿਰਦਾ ਹੈ। ਪ੍ਰਮਾਤਮਾ ਵਿਆਪਕ ਹੈ, ਸ਼ਬਦ ਵਿਆਪਕ ਹੈ। ਦੁਨੀਆਂ ਭਰ ਦੇ ਅਵਤਾਰੀ ਪੁਰਸ਼ਾਂ ਨੇ ਇਕ ਆਵਾਜ਼ ਹੋ ਕੇ ਇਹ ਗੱਲ ਕਹੀ ਹੈ ਕਿ ਬ੍ਰਹਿਮੰਡ ਦੀ ਉੱਤਪਤੀ ਦਾ ਕਾਰਨ ਸ਼ਬਦ ਹੈ। ਸ਼ਬਦ ਤਾਂ ਮੂਲ ਹੈ, ਜਿਸ ਤੋਂ ਸੰਸਾਰ ਨੇ ਜਨਮ ਲਿਆ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਮੈਂ ਤਾਂ ਚੁੱਪ ਕਰ

ਗਿਆ, ਖਸਮ ਬੋਲਦਾ ਹੈ। ਇਸ ਲਈ ਜਿਹੜੇ ਬੋਲ ਹਨ, ਕਿਉਂਕਿ ਪ੍ਰਮਾਤਮਾ ਦਾ ਬੋਧ ਕਰਾਉਂਦੇ ਹਨ, ਇਸ ਲਈ ਇਨ੍ਹਾਂ ਨੂੰ ਕਿਹਾ ਗਿਆ ਗੁਰਬਾਣੀ। ਕਿਉਂਕਿ ਇਹ ਉਸ ਘੜੇ ਵਿਚੋਂ ਪਾਣੀ ਪੀਤਾ ਗਿਆ, ਗੁਰਬਾਣੀ ਦਾ ਆਨੰਦ ਮਾਣਿਆ ਗਿਆ, ਜਿਸ ਘੜੇ ਦਾ ਨਾਮ ਸੀ ਨਾਨਕ। ਅੰਦਰ ਜਿਹੜੀ ਜੋਤ ਸੀ, ਜੋ ਗਿਆਨ ਸੀ, ਉਹ ਸੀ ਗੁਰੂ ਨਾਨਕ।

ਇਹ ਜੋਤ, ਇਹ ਗਿਆਨ ਘਰ ਬਦਲਦੀ ਰਹੀ। ਦੂਜੇ ਸਰੀਰ ਦਾ ਨਾਮ ਸੀ, ਦੂਜੇ ਮਹਿਲ ਦਾ ਨਾਮ ਸੀ ਅੰਗਦ। ਜੋਤ ਉਹੀ ਹੈ, ਗਿਆਨ ਉਹੀ ਹੈ। ਗੁਰੂ ਜੋਤ ਹੈ ਅਤੇ ਅੰਗਦ ਘਰ ਦਾ ਨਾਮ ਹੈ। ਗੁਰੂ ਅਮਰਦਾਸ। ਗੁਰੂ ਸ਼ਬਦ ਹੈ, ਗੁਰੂ ਗਿਆਨ ਹੈ, ਅਮਰਦਾਸ ਸਰੀਰ ਦਾ ਨਾਮ ਹੈ। ਜੋਤ ਨੂੰ ਇਕ ਪਾਸੇ ਕਰ ਦੇਈਏ, ਗਿਆਨ ਨੂੰ ਇਕ ਪਾਸੇ ਕਰ ਦੇਈਏ ਤਾਂ ਬੱਚ ਜਾਂਦੇ ਹਨ ਅਮਰਦਾਸ। ਜੋਤ ਦਾ ਸੰਬੰਧ ਜੋੜ ਦੇਈਏ ਤਾਂ ਬਣ ਜਾਂਦੇ ਹਨ ਧੰਨ ਗੁਰੂ ਅਮਰਦਾਸ। ਮੂਲ ਗੱਲ ਕਿ ਸ਼ਬਦ ਗੁਰੂ ਹੈ।

ਵਿਦਵਾਨ ਅਤੇ ਖ਼ਾਸ ਕਰਕੇ ਸੰਗੀਤ ਆਚਾਰੀਆ ਸ਼ਬਦਾਂ ਨੂੰ ਪੰਜ ਤਰ੍ਹਾਂ ਨਾਲ ਵੰਡਦੇ ਹਨ ਅਤੇ ਉਹਨਾਂ ਦੇ ਬਾਕਾਇਦਾ ਉਹਨਾਂ ਨੇ ਨਾਮ ਵੀ ਰੱਖੇ ਹਨ— ਤੱਤ, ਵਿੱਤ, ਘਣ, ਨਾਦ, ਸੁਗਰ। ਇਸਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ-

*ਤੱਤ ਪੰਗਤੀ ਵਿੱਤ ਚਰਨ ਕਾ ਘਣ ਕਾ ਸੀਕਾ ਜਾਣ।*
*ਨਾਦ ਸ਼ਬਦ ਘਟ ਕੋ ਕਹੇ ਸੁਗਰ ਸੁਆਸ ਪਹਿਚਾਣ।*

ਤੰਤੀ ਸਾਜ਼ਾਂ ਵਿਚੋਂ ਜੋ ਚੋਟ ਕੀਤੀ ਜਾਂਦੀ ਹੈ, ਉਥੋਂ ਜਿਹੜੀ ਧੁੰਨੀ ਉਤਪੰਨ ਹੁੰਦੀ ਹੈ, ਉਸ ਨੂੰ ਕਹਿੰਦੇ ਹਨ ਤੱਤ ਸ਼ਬਦ। ਚਮੜੇ ਦੇ ਜਿਹੜੇ ਸਾਜ਼ ਹਨ ਢੋਲਕ ਹੈ, ਮ੍ਰਿਦੰਗ ਹੈ, ਤਬਲਾ ਹੈ ਆਦਿ, ਇਹਨਾਂ ਵਿਚੋਂ ਹੱਥ ਨਾਲ ਜਾਂ ਸੋਟੀਆਂ ਨਾਲ ਜੋ ਧੁੰਨੀ ਪੈਦਾ ਕੀਤੀ ਜਾਂਦੀ ਹੈ, ਇਸਨੂੰ ਕਹਿੰਦੇ ਹਨ ਵਿੱਤ। ਧਾਤੂ ਨਾਲ ਜਦੋਂ ਧਾਤੂ ਟਕਰਾਏ, ਲੋਹੇ ਨਾਲ ਲੋਹਾ, ਪਿੱਤਲ ਨਾਲ ਪਿੱਤਲ ਜਾਂ ਸੋਨਾ ਲੋਹੇ ਨਾਲ ਟਕਰਾਏ, ਉਸ ਤੋਂ ਜਿਹੜੀ ਧੁੰਨੀ ਪੈਦਾ ਹੁੰਦੀ ਹੈ, ਉਸਨੂੰ ਕਹਿੰਦੇ ਹਨ ਘਣ। ਖ਼ਾਲੀ ਘੜੇ ਉਤੇ ਥਾਪ ਦੇ ਕੇ ਉਸ ਦੇ ਵਿਚੋਂ ਜਿਹੜੀ ਆਵਾਜ਼ ਬੁਲੰਦ ਹੁੰਦੀ ਹੈ, ਉਸਨੂੰ ਕਹਿੰਦੇ ਨੇ ਨਾਦ ਸ਼ਬਦ। ਜੋ ਪਵਨ ਦੀ ਫੁੰਕਾਰ ਤੋਂ ਆਵਾਜ਼ ਪੈਦਾ ਹੁੰਦੀ ਹੈ, ਉਸਨੂੰ ਕਹਿੰਦੇ ਨੇ ਸੁਗਰ। ਪਸ਼ੂ ਜੋ ਬੋਲਦੇ ਹਨ ਅਤੇ ਮਨੁੱਖ ਜੋ ਬੋਲਦੇ ਹਨ ਇਹ ਵੀ ਸੁਗਰ ਸ਼ਬਦ ਹਨ। ਕਿਉਂ ?

*ਦੇਹੀ ਮਾਟੀ ਬੋਲੈ ਪਉਣੁ॥*

(ਅੰਗ ੧੫੨)

ਇਸ ਮਿੱਟੀ ਦੇ ਪੁੱਤਲੇ ਵਿਚ ਜਦੋਂ ਬੋਲਣ ਦਾ ਖ਼ਿਆਲ ਪੈਦਾ ਹੁੰਦਾ ਹੈ ਤਾਂ ਪਵਣ ਨਾਭੀ ਨਾਲ ਟਕਰਾਉਂਦੀ ਹੈ। ਇਹ ਨਾਭੀ ਬਿਲਕੁਲ ਸ਼ਹਿਨਾਈ ਦਾ ਕੰਮ ਕਰਦੀ ਹੈ। ਕਿਉਂਕਿ ਇਹ ਆਵਾਜ਼ ਪਵਣ ਦੇ ਟਕਰਾਉ ਤੋਂ ਪੈਦਾ ਹੁੰਦੀ ਹੈ, ਇਹੀ ਕਾਰਨ ਹੈ ਕਿ ਧੰਨ

ਗੁਰੂ ਨਾਨਕ ਦੇਵ ਜੀ ਨੇ ਪਵਣ ਨੂੰ ਗੁਰੂ ਕਹਿ ਦਿੱਤਾ—

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*

(ਜਪੁ ਜੀ ਸਾਹਿਬ)

ਬੋਲਣ ਕਰਕੇ ਜਗਤ ਵਿਚ ਸੰਬੰਧ ਸਥਾਪਿਤ ਹੁੰਦੇ ਹਨ। ਜਿਸ ਕੋਲ ਇਹ ਬੋਲਣਾ ਨਹੀਂ ਹੈ, ਸਿਰਫ਼ ਆਵਾਜ਼ ਹੈ ਤੇ ਅਲਫ਼ਾਜ਼ ਨਹੀਂ ਹਨ, ਉਹ ਦਇਆ ਦਾ ਪਾਤਰ ਬਣ ਜਾਂਦਾ ਹੈ—ਗੂੰਗਾ। ਜਿੱਥੇ ਮਨੁੱਖ ਦੇ ਸੰਬੰਧ ਗੂੜ੍ਹੇ ਹੋਣ, ਮਨੁੱਖ ਕਹਿ ਦਿੰਦਾ ਹੈ ਕਿ ਫਲਾਨੇ ਥਾਂ 'ਤੇ ਸਾਡੀ ਬੋਲ-ਚਾਲ ਬੜੀ ਗੂੜ੍ਹੀ ਹੈ ਅਤੇ ਜਿੱਥੇ ਕੋਈ ਰਿਸ਼ਤਾ ਨਹੀਂ ਤਾਂ ਮਨੁੱਖ ਕਹਿ ਦਿੰਦਾ ਹੈ ਕਿ ਸਾਡੀ ਉਥੇ ਬੋਲ-ਚਾਲ ਨਹੀਂ। ਇਸ ਦਾ ਮਤਲਬ ਸੰਬੰਧ ਬੋਲ-ਚਾਲ 'ਤੇ ਖੜੇ ਹਨ।

ਸੰਸਾਰ ਨਾਲ ਸੰਬੰਧ ਜੁੜਦਾ ਹੈ ਸੰਸਾਰਕ ਬੋਲਾਂ ਨਾਲ, ਨਿਰੰਕਾਰ ਨਾਲ ਸੰਬੰਧ ਜੁੜਦਾ ਹੈ ਅਧਿਆਤਮਕ ਬੋਲਾਂ ਨਾਲ। ਸੰਸਾਰ ਵਿਚ ਪਹਿਲਾਂ ਅਸੀਂ ਦੇਖਦੇ ਹਾਂ, ਫਿਰ ਬੋਲਣਾ ਆਰੰਭ ਕਰ ਦਿੰਦੇ ਹਾਂ। ਅਧਿਆਤਮਕ ਜਗਤ ਵਿਚ ਅਜਿਹਾ ਹੈ ਕਿ ਪਹਿਲਾਂ ਬੋਲਾਂਗੇ, ਫਿਰ ਦਿਖਾਈ ਦੇਵੇਗਾ। ਮਨ ਵਿਚ ਭਾਵਨਾ ਰੱਖ ਕੇ ਬੋਲੀ ਜਾ। ਇਸ ਤਰ੍ਹਾਂ ਦੇ ਬੋਲ ਜਿਨ੍ਹਾਂ ਦੇ ਅੰਦਰ ਪ੍ਰਗਟ ਹੋ ਜਾਂਦੇ ਹਨ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਇਸ ਦੇ ਅੰਦਰ ਪ੍ਰਮਾਤਮਾ ਬੋਲ ਪਿਆ ਹੈ। ਸ਼ਬਦ ਅਤੇ ਪ੍ਰਮਾਤਮਾ ਇਕ ਹਨ। ਪ੍ਰਮਾਤਮਾ ਤੋਂ ਹੀ ਇਹ ਸ਼ਬਦ ਉੱਠੇ ਹਨ ਅਤੇ ਬਰਸ ਰਹੇ ਹਨ, ਗਿਆਨ ਬਰਸਾ ਰਹੇ ਹਨ, ਥਾਂ-ਥਾਂ 'ਤੇ ਲੋਕਾਂ ਦੇ ਹਿਰਦਿਆਂ ਨੂੰ ਮੁਨੱਵਰ ਕਰ ਰਹੇ ਹਨ। ਇਸ ਲਈ ਸਾਹਿਬ ਕਹਿ ਰਹੇ ਹਨ-

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

(ਅੰਗ ੧੩੯੫)

ਪ੍ਰਮਾਤਮਾ ਅਤੇ ਸ਼ਬਦ ਇਹ ਇਸ ਤਰ੍ਹਾਂ ਜੁੜੇ ਹੋਏ ਹਨ ਜਿਵੇਂ ਕਿਰਨ ਅਤੇ ਸੂਰਜ। ਸ਼ਬਦ ਸੁਣਨ ਦਾ ਵਿਸ਼ਾ ਹੈ, ਦੇਖਣ ਦਾ ਵਿਸ਼ਾ ਨਹੀਂ। ਗ਼ੌਰ ਨਾਲ ਸੁਣਨ ਦੀ ਜਿਸਨੂੰ ਜਾਚ ਆ ਗਈ ਅਤੇ ਜਿਵੇਂ ਸ਼ਬਦ ਅੰਦਰ ਪ੍ਰਵੇਸ਼ ਕਰਦਾ ਹੈ, ਅਨਾਹਦ ਦੀ ਧੁਨੀ ਗੂੰਜ ਪੈਂਦੀ ਹੈ, ਪ੍ਰਮਾਤਮਾ ਅੰਦਰੋਂ ਪ੍ਰਗਟ ਹੋ ਜਾਂਦਾ ਹੈ।

*ਸਬਦੁ ਗੁਰ ਪੀਰਾ ਗਹਿਰ ਗੰਭੀਰਾ*
*ਬਿਨੁ ਸਬਦੈ ਜਗੁ ਬਉਰਾਨੰ॥*

(ਅੰਗ ੬੩੫)

ਬਿਨਾਂ ਧਿਆਨ ਦੀ ਇਕਾਗਰਤਾ ਤੋਂ ਸੁਣਨਾ ਬਹੁਤ ਔਖਾ ਹੈ। ਸਿੱਖ ਗੁਰਦੁਆਰੇ ਜਾਂਦਾ ਹੈ ਗੁਰੂ ਦਾ ਸ਼ਬਦ ਸੁਣਨ ਲਈ। ਸਾਰੀ ਸਾਧਨਾ ਸੁਣਨ 'ਤੇ ਖੜੀ ਹੈ। ਜੇਕਰ ਕੋਈ ਸੁਣੇ ਇਸ ਸ਼ਬਦ ਨੂੰ ਤਾਂ

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥*

(ਜਪੁ ਜੀ ਸਾਹਿਬ)

ਸਾਰੇ ਦੁੱਖ ਦੂਰ ਹੋ ਜਾਣਗੇ, ਸਾਰੀ ਅਗਿਆਨਤਾ ਮਿੱਟ ਜਾਏਗੀ, ਸਾਰੀ ਅਸ਼ਾਂਤੀ ਮਿੱਟ ਜਾਏਗੀ। ਅੰਦਰੋਂ ਪਰਮ ਬ੍ਰਹਮ ਪ੍ਰਗਟ ਹੋਵੇਗਾ। ਅਜਿਹਾ ਪੁਰਸ਼ ਸਿਧ ਬਣ ਸਕਦਾ ਹੈ, ਨਾਥ ਬਣ ਸਕਦਾ ਹੈ, ਜੋਗੀ ਬਣ ਸਕਦਾ ਹੈ ਅਤੇ ਇੰਨਾ ਪਾਵਨ ਹੋ ਸਕਦਾ ਹੈ ਕਿ ਅਠਾਹਠ ਤੀਰਥ ਉਸ ਤੋਂ ਸਦਕੇ ਕੀਤੇ ਜਾ ਸਕਦੇ ਹਨ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਮ ਅਗਾਧ ਇਹ ਮਹਿਮਾ ਹੈ, ਜਿਸਨੂੰ ਸਮਝਣ ਲਈ ਇਕ ਵਿਵੇਕ ਬੁੱਧੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਦਿਆਂ ਹੀ ਮਨੁੱਖ ਜਨਮ ਮਰਨ ਦੇ ਗੇੜੇ ਤੋਂ ਬੱਚ ਜਾਂਦਾ ਹੈ। ਏਨੀਆਂ ਬੇਨਤੀਆਂ ਪ੍ਰਵਾਨ ਕਰਨਾ। ਭੁੱਲਾਂ ਚੁੱਕਾਂ ਦੀ ਖਿਮਾ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਸ੍ਰਿਸਟਿ ਸਭ ਇਕ ਵਰਨ ਹੋਈ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਗੁਰੂ ਸਵਾਰੀ ਸਾਧ ਸੰਗਤ ਜੀ!
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਜਾਤ ਕਰਕੇ ਕੋਈ ਸ਼ੂਦਰ ਨਹੀਂ, ਕੋਈ ਬ੍ਰਾਹਮਣ ਨਹੀਂ, ਕੋਈ ਵੈਸ਼ ਨਹੀਂ ਅਤੇ ਜਨਮ ਤੋਂ ਕੋਈ ਮਹਾਨ ਨਹੀਂ, ਜਨਮ ਤੋਂ ਕੋਈ ਤੁੱਛ ਨਹੀਂ। ਕਰਮ ਤੋਂ ਕੋਈ ਮਹਾਨ ਹੈ ਅਤੇ ਕਰਮ ਤੋਂ ਹੀ ਕੋਈ ਤੁੱਛ ਹੋ ਸਕਦਾ ਹੈ। ਛੋਟਾ ਵੱਡਾ ਜਨਮ ਨਾਲ ਸੰਬੰਧਿਤ ਨਹੀਂ ਹੈ, ਜੀਵਨ ਨਾਲ ਸੰਬੰਧਿਤ ਹੈ। ਇਸੇ ਕਰਕੇ ਸਾਡੇ ਦੇਸ਼ ਦੇ ਮਹਾਂ-ਪੁਰਸ਼ਾਂ ਨੇ ਕਿਸੇ ਸਮੇਂ ਮਨੁੱਖ ਨੂੰ ਕਰਮ ਭੂਮੀ ਕਹਿ ਦਿੱਤਾ ਸੀ, ਜਦੋਂ ਸਾਰੇ ਪਸ਼ੂ ਜਗਤ ਨੂੰ ਭੋਗ ਭੂਮੀ ਕਿਹਾ ਅਤੇ ਮਨੁੱਖ ਨੂੰ ਕਿਹਾ ਕਰਮ ਭੂਮੀ। ਕੁਝ ਭੋਗਣ ਲਈ ਆਏ ਹਨ ਪਸ਼ੂ, ਉਹਨਾਂ ਦੀ ਜ਼ਿੰਦਗੀ ਵਿਚ ਵਿਕਾਸ ਨਹੀਂ ਹੈ। ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਪਸ਼ੂ ਜਿੱਥੇ ਜੀਅ ਰਹੇ ਸਨ, ਅੱਜ ਵੀ ਉਥੇ ਹੀ ਜੀਅ ਰਹੇ ਹਨ। ਉਹਨਾਂ ਦੀ ਖ਼ੁਰਾਕ ਵਿਚ, ਉਹਨਾਂ ਦੇ ਰਹਿਣ ਸਹਿਣ ਵਿਚ, ਉਹਨਾਂ ਦੇ ਤੌਰ-ਤਰੀਕਿਆਂ ਵਿਚ, ਉਹਨਾਂ ਦੀ ਤਰਜ਼ੇ ਜ਼ਿੰਦਗੀ ਵਿਚ ਕੋਈ ਅੰਤਰ ਨਹੀਂ ਹੈ, ਪਰ ਇਹਨਾਂ ਹਜ਼ਾਰਾਂ ਸਾਲਾਂ ਵਿਚ ਮਨੁੱਖ ਕਿੱਥੇ ਦਾ ਕਿੱਥੇ ਪਹੁੰਚਿਆ ਹੈ। ਬੈਰੂਨੀ ਵਿਕਾਸ ਵੀ ਇਸਨੇ ਬਹੁਤ ਕੀਤਾ ਹੈ। ਬੌਧਕ ਵਿਕਾਸ ਵੀ ਬਹੁਤ ਹੋਇਆ ਹੈ ਅਤੇ ਕਿਸੇ ਹੱਦ ਤੱਕ ਅਧਿਆਤਮਕ ਵਿਕਾਸ ਵੀ ਬਹੁਤ ਹੋਇਆ ਹੈ।

ਅੱਜ ਅਧਿਆਤਮਕਤਾ ਦੀ ਜਿਸ ਢੰਗ ਨਾਲ ਸੋਚਣੀ ਜਗਤ ਵਿਚ ਪ੍ਰਦਰਸ਼ਿਤ ਹੋਈ ਹੈ, ਇਹ ਪਹਿਲਾਂ ਨਹੀਂ ਸੀ। ਅੱਜ ਜਿੰਨਾ ਬੌਧਕ ਵਿਕਾਸ ਦੇਖਣ ਨੂੰ ਮਿਲਦਾ ਹੈ, ਇਹ ਪਹਿਲਾਂ ਨਹੀਂ ਸੀ। ਬੈਰੂਨੀ ਉੱਨਤੀ ਜਿਹੜੀ ਅਸੀਂ ਅੱਜ ਦੇਖਦੇ ਪਏ ਹਾਂ, ਇਹ ਵੀ ਨਹੀਂ ਸੀ। ਸਮੇਂ ਦੀ ਗਤੀ ਦੇ ਨਾਲ ਨਾਲ ਮਨੁੱਖ ਜ਼ਿੰਦਗੀ ਦੇ ਹਰ ਪਹਿਲੂ ਵਿਚ ਅੱਗੇ ਵੱਧਿਆ ਹੈ। ਇਥੋਂ ਗੱਲ ਸਪੱਸ਼ਟ ਹੋ ਗਈ ਕਿ ਮਨੁੱਖ ਸਿਰਫ਼ ਭੋਗ ਭੋਗਣ ਲਈ ਨਹੀਂ ਆਇਆ, ਕੁਝ ਕਰਨ ਲਈ ਵੀ ਆਇਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਵੀ ਮਨੁੱਖ ਨੂੰ ਕਰਮ ਭੂਮੀ ਕਹਿ ਦਿੱਤਾ। ਇਹ ਗੱਲ ਵੱਖਰੀ ਹੈ ਕਿ ਮਨੁੱਖ ਕੁਝ ਸੰਚ਼ਤ ਕਰਮ ਵੀ ਨਾਲ

ਲਿਆਉਂਦਾ ਹੈ। ਜਿਵੇਂ ਕਈ ਬੀਜ ਅਜਿਹੇ ਹਨ ਜਿਹੜੇ ਇਕ ਸਾਲ ਵਿਚ ਫਲੀਭੂਤ ਹੁੰਦੇ ਹਨ ਅਤੇ ਕੁਝ ਅਜਿਹੇ ਹਨ ਜਿਹੜੇ ਇਕ ਮਹੀਨੇ ਵਿਚ ਫਲੀਭੂਤ ਹੁੰਦੇ ਹਨ। ਕਈ ਅਜਿਹੇ ਵੀ ਹਨ ਜਿਨ੍ਹਾਂ ਨੂੰ ਪੰਜ ਦੱਸ ਸਾਲ ਦੇ ਬਾਅਦ ਕਿਤੇ ਫਲ ਲੱਗਦਾ ਹੈ। ਕਰਮ ਹੀ ਕੁਝ ਅਜਿਹੇ ਹਨ ਜੋ ਛੇਤੀ ਫਲੀਭੂਤ ਹੁੰਦੇ ਹਨ। ਸਮਾਂ ਲੱਗਦਾ ਹੈ ਪਰ ਥੋੜੇ ਸਮੇਂ ਵਿਚ ਹੀ ਫਲੀਭੂਤ ਹੁੰਦੇ ਹਨ। ਲਾਜ਼ਮੀ ਕਰਮਾਂ ਦੇ ਬੀਜ ਨੂੰ ਫਲ ਲੱਗਦੇ ਹਨ—ਸੁੱਖ ਦੇ ਅਤੇ ਦੁੱਖ ਦੇ।

ਦੁੱਖ ਇਕ ਫਲ ਹੈ, ਸੁੱਖ ਇਕ ਫਲ ਹੈ। ਮਨੁੱਖ ਕਰਮ ਭੂਮੀ ਹੈ। ਜਿਹੜਾ ਭਾਰੀ ਕੰਮ ਕਰਕੇ ਲੋਕਾਂ ਦੀ ਜ਼ਿੰਦਗੀ ਦਾ ਬੋਝ ਉਤਾਰੇ, ਉਸਨੂੰ ਸ਼ੂਦਰ ਕਿਹਾ ਗਿਆ। ਬ੍ਰਾਹਮਣ ਨਾਲ ਧਰਮ ਚੱਲ ਸਕਦਾ ਹੈ, ਕਿਉਂਕਿ ਉਹ ਸਿਰ ਨੂੰ ਅੱਗੇ ਕਰਦਾ ਹੈ। ਸ਼ਕਤੀ ਨਾਲ ਧਰਮ ਚੱਲ ਸਕਦਾ ਹੈ, ਕਿਉਂਕਿ ਉਹ ਆਪਣੀਆਂ ਬਾਹਵਾਂ ਕਮਜ਼ੋਰ ਦੀਆਂ ਬਾਹਵਾਂ ਨਾਲ ਜੋੜ ਲੈਂਦਾ ਹੈ। ਸ਼ੂਦਰ ਨਾਲ ਵੀ ਧਰਮ ਚੱਲ ਸਕਦਾ ਹੈ ਕਿਉਂਕਿ ਲੋਕਾਂ ਦਾ ਬੋਝ ਉਠਾਉਂਦਾ ਹੈ। ਇਕ ਵਰਨ ਅਜਿਹਾ ਹੈ ਜਿਸ ਨਾਲ ਧਰਮ ਨਹੀਂ ਚੱਲ ਸਕਦਾ ਅਤੇ ਸਾਹਿਬ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿ ਰਹੇ ਹਨ ਕਿ ਇਸ ਦੌਰ ਵਿਚ ਸਾਰੀ ਸ੍ਰਿਸ਼ਟੀ ਤਕਰੀਬਨ-ਤਕਰੀਬਨ ਇਕੋ ਵਰਨ ਵਿਚ ਆ ਗਈ ਹੈ—

*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*

(ਅੰਗ ੬੬੩)

ਕਿਹੜਾ ਵਰਨ ? ਵੈਸ਼। ਵੈਸ਼ ਤੋਂ ਕੀ ਮੁਰਾਦ ਲਈਏ ? ਵੈਸ਼ ਤੋਂ ਮੁਰਾਦ ਹੈ ਜੋ ਹਰ ਸਮੇਂ ਅਜਿਹੀ ਕਿਰਤ ਬਾਰੇ ਸੋਚਦਾ ਹੈ ਕਿ ਮੈਂ ਵੇਚਣਾ ਹੈ। ਜੋ ਛੋਟਾ-ਮੋਟਾ ਸਾਮਾਨ ਵੇਚ ਰਹੇ ਹਨ ਦੁਕਾਨ ਖੋਲ੍ਹ ਕੇ, ਇਹ ਵੈਸ਼ ਨਹੀਂ ਹਨ। ਵੈਸ਼ ਉਹ ਹਨ ਜੋ ਆਪਣੀ ਅਣਖ ਵੇਚਦੇ ਹਨ, ਆਪਣਾ ਈਮਾਨ ਵੇਚਦੇ ਹਨ, ਧਰਮ ਵੇਚਦੇ ਹਨ, ਦੇਸ਼ ਵੇਚਦੇ ਹਨ। ਇਸ ਤਰ੍ਹਾਂ ਦੀ ਸੋਚ ਜਿਸ ਦੇ ਅੰਦਰ ਚੱਲੇ, ਉਹ ਵੈਸ਼ ਹੈ। ਵੈਸ਼ ਨਾਲ ਧਰਮ ਨਹੀਂ ਚੱਲ ਸਕਦਾ, ਕਿਉਂਕਿ ਉਹ ਖ਼ਰੀਦੋ-ਫਰੋਖ਼ਤ ਦੀ ਭਾਸ਼ਾ ਜਾਣਦਾ ਹੈ, ਕੁਝ ਧਾਰਨ ਕਰਨਾ ਨਹੀਂ ਜਾਣਦਾ। ਉਹ ਤਾਂ ਵੇਚਣਾ ਜਾਣਦਾ ਹੈ, ਪਰ ਸ਼ਰਤ ਹੈ ਕਿ ਉਸਨੂੰ ਮੁੱਲ ਮਿਲ ਜਾਏ। ਜੇਕਰ ਉਸ ਨੂੰ ਕਿਤੇ ਪ੍ਰਮਾਤਮਾ ਵੀ ਮਿਲ ਜਾਏ ਤਾਂ ਸ਼ਾਇਦ ਉਹ ਪ੍ਰਮਾਤਮਾ ਨੂੰ ਵੀ ਵੇਚਣ ਦੀ ਸੋਚੇ।

*ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ।*
*ਖ਼ੁਦਾ ਕੇ ਘਰ ਕੀ ਕਿਆ ਕਹੀਏ ਯਿਹ ਖ਼ੁਦਾ ਕੋ ਬੇਚ ਦੇਤੇ ਹੈਂ।*

ਇਹਨਾਂ ਦੀ ਦ੍ਰਿਸ਼ਟੀ ਵਿਚ ਹਰ ਸਮੇਂ ਵੇਚਣਾ ਹੈ। ਜੋ ਆਪਣਾ ਸਰੀਰ ਵੇਚੇ, ਇੱਜ਼ਤ ਵੇਚੇ, ਅਸਮਤ ਵੇਚੇ, ਉਸਨੂੰ ਅਸੀਂ ਵੈਸ਼ੀਆ ਕਹਿੰਦੇ ਹਾਂ। ਵੈਸ਼ ਅਤੇ ਵੈਸ਼ੀਆ ਬਹੁਤ ਨਿਕਟਵਰਤੀ ਸ਼ਬਦ ਹਨ। ਵੈਸ਼ੀਆ ਆਪਣੀ ਅਸਮਤ ਵੇਚਦੀ ਹੈ, ਵੈਸ਼ ਸਭ ਕੁਝ ਵੇਚ ਦਿੰਦਾ ਹੈ। ਦੇਸ਼ ਵੇਚਦਾ ਹੈ, ਈਮਾਨ ਵੇਚਦਾ ਹੈ, ਧਰਮ ਵੇਚਦਾ ਹੈ, ਅਣਖ ਵੇਚਦਾ ਹੈ,

ਕੌਮ ਵੇਚਦਾ ਹੈ, ਗ਼ੈਰਤ ਵੇਚਦਾ ਹੈ, ਪਰ ਸ਼ਰਤ ਹੈ ਉਸਨੂੰ ਮੁੱਲ ਮਿਲੇ। ਸਾਰੀ ਸ੍ਰਿਸ਼ਟੀ ਇਸੇ ਇਕ ਦੇ ਵਰਨ ਵਿਚ ਆ ਗਈ ਹੈ। ਵੈਸ਼ ਦੇ ਨਾਲ ਧਰਮ ਨਹੀਂ ਚੱਲ ਸਕਦਾ। ਜਦੋਂ ਵੈਸ਼ ਅਜਿਹਾ ਵੇਖਣ ਲੱਗ ਪਏ, ਅਜਿਹਾ ਸੋਚਣ ਲੱਗ ਪਏ ਕਿ ਦੁਨੀਆਂ ਦੀ ਕੋਈ ਸ਼ਕਤੀ, ਕੋਈ ਧਨ ਮੇਰੀ ਅਣਖ ਨਹੀਂ ਖ਼ਰੀਦ ਸਕਦਾ, ਮੇਰਾ ਈਮਾਨ ਨਹੀਂ ਖ਼ਰੀਦ ਸਕਦਾ ਤਾਂ ਕਹਿੰਦੇ ਹਨ ਵੈਸ਼ ਵਸ਼ਿਸ਼ਟ ਹੋ ਜਾਂਦਾ ਹੈ। ਫਿਰ ਜੋ ਕੁਝ ਉਸ ਦੇ ਕੋਲ ਹੈ ਉਹ ਦੇ ਦਿੰਦਾ ਹੈ। ਇਸ ਢੰਗ ਨਾਲ ਦਿੰਦਾ ਹੈ ਅਗਲੇ ਨੂੰ ਉੱਚਾ ਉਠਾਉਣ ਲਈ। ਦੋ ਹੀ ਮਾਰਗ ਹਨ ਵੈਸ਼ ਲਈ ਜਾਂ ਤਾਂ ਵਸ਼ਿਸ਼ਟ ਹੋ ਜਾਏਗਾ ਜਾਂ ਵੈਸ਼ੀਆ ਹੋ ਜਾਏਗਾ।

ਖੱਤਰੀ ਨਾਲ ਵੀ ਧਰਮ ਚੱਲ ਸਕਦਾ ਹੈ। ਜੇਕਰ ਕੋਈ ਕਲਾ ਵੇਚੇ, ਆਪਣੀ ਕਿਰਤ ਵੇਚੇ, ਈਮਾਨ ਵੇਚੇ, ਧਰਮ ਵੇਚੇ, ਉਸਨੂੰ ਬ੍ਰਾਹਮਣ ਕਹਿਣ ਦੀ ਕੋਈ ਲੋੜ ਨਹੀਂ। ਅਜੋਕੇ ਸਮੇਂ ਵਿਚ ਬ੍ਰਾਹਮਣ ਲੱਭਣਾ ਬਹੁਤ ਔਖਾ ਹੈ। ਅੱਜ ਦੇ ਯੁੱਗ ਵਿਚ ਕਸ਼ੱਤਰੀ ਲੱਭਣਾ ਵੀ ਬਹੁਤ ਔਖਾ ਹੈ। ਸਾਰੀ ਦੁਨੀਆਂ ਵਿਚ ਨਾ ਸਮਝਣਾ ਕਿ ਕਸ਼ੱਤਰੀ ਰਾਜ ਕਰ ਰਹੇ ਹਨ, ਵੈਸ਼ ਰਾਜ ਕਰ ਰਹੇ ਹਨ। ਇਹ ਨਾ ਸੋਚਣਾ ਕਿ ਧਾਰਮਿਕ ਮੰਦਿਰਾਂ ਵਿਚ ਬ੍ਰਾਹਮਣ ਬੈਠੇ ਹਨ, ਕਦੀ ਨਹੀਂ, ਵੈਸ਼ ਬੈਠੇ ਹਨ। ਚਾਰੇ ਪਾਸੇ ਵੈਸ਼ ਲੋਕਾਂ ਦਾ ਪਸਾਰਾ ਹੈ। ਇਸ ਲਈ ਸਾਰੀ ਦੁਨੀਆਂ ਇਕ ਬਾਜ਼ਾਰ ਹੈ। ਘਰ ਘਰ ਵਿਚ ਖ਼ਰੀਦੋ-ਫਰੋਖ਼ਤ ਦੇ ਸੌਦੇ, ਕੋਈ ਲੜਕਾ ਵੇਚ ਰਿਹਾ ਹੈ, ਕੋਈ ਲੜਕੀ ਵੇਚ ਰਿਹਾ ਹੈ। ਭਗਤ ਕਬੀਰ ਦਾ ਇਕ ਬੜਾ ਕੀਮਤੀ ਸਲੋਕ ਹੈ-

*ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ॥*
*ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥*

(ਅੰਗ ੧੩੬੬)

ਕੋਈ ਆਪਣੇ ਪੁੱਤਰ ਦਾ ਮੁੱਲ ਪਾ ਰਿਹਾ ਹੈ, ਕੋਈ ਆਪਣੀ ਬੱਚੀ ਦਾ ਮੁੱਲ ਪਾ ਰਿਹਾ ਹੈ। ਵਰਨ ਵਾਸਤਵਿਕ ਇਕ ਅਜਿਹਾ ਹੈ ਜਿਸ ਨਾਲ ਧਰਮ ਦਾ ਚੱਲਣਾ ਬੜਾ ਕਠਿਨ ਹੈ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਣ ਕਰਦੇ ਹਨ ਕਿ ਸਾਰੀ ਸ੍ਰਿਸ਼ਟੀ ਇਕੋ ਵਰਨ ਦੀ ਲਪੇਟ ਵਿਚ ਆ ਗਈ-

*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*

(ਅੰਗ ੬੬੩)

ਕਦੀ ਕਦਾਈਂ ਕੋਈ ਅਜਿਹਾ ਪੁਰਸ਼ ਆਉਂਦਾ ਹੈ ਜਿਸ ਵਿਚ ਹਰ ਤਰ੍ਹਾਂ ਦੇ ਵਰਨ ਦੀ ਝਲਕ ਮਿਲ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਤਰ੍ਹਾਂ ਦੇ ਪੁਰਸ਼ ਦੀ ਕਲਪਨਾ ਕੀਤੀ। ਸਿੰਘ ਅਤੇ ਸਿੱਖ ਤੋਂ ਮੁਰਾਦ ਹੀ ਇਹ ਹੈ ਕਿ ਉਹ ਆਪਣਾ ਸਿਰ ਵੀ ਅੱਗੇ ਕਰੇ, ਆਪਣੇ ਹੱਥ ਵੀ ਅੱਗੇ ਕਰੇ, ਆਪਣੇ ਪੈਰਾਂ ਨੂੰ ਵੀ ਅੱਗੇ ਕਰੇ ਅਤੇ ਉਸ ਦੀ ਜਿਹੜੀ ਕਿਰਤ ਹੈ, ਉਸਦੇ ਵਿਚ

ਇਹ ਨਾ ਹੋਵੇ ਕਿ ਕਿਸੇ ਦੀ ਅਣਖ ਖ਼ਰੀਦੀ ਜਾਏ ਜਾਂ ਆਪਣੀ ਅਣਖ ਵੇਚੀ ਜਾਏ। ਆਪਣਾ ਧਰਮ ਵੇਚਿਆ ਜਾਏ ਜਾਂ ਕਿਸੇ ਦਾ ਧਰਮ ਖ਼ਰੀਦਿਆ ਜਾਏ। ਗੁਰੂ ਨਾਨਕ ਦੀ ਕਲਪਨਾ ਇਕੋ ਹੈ ਕਿ ਮਨੁੱਖ ਦੇ ਅੰਦਰ ਇਹਨਾਂ ਚਾਰ ਵਰਨਾਂ ਦੀ ਛਾਪ ਚਾਹੀਦੀ ਹੈ। ਉਹ ਆਪਣੇ ਸਿਰ ਦੀ ਵਰਤੋਂ ਕਰੇ, ਉਹ ਆਪਣੇ ਹੱਥਾਂ ਦੀ ਵਰਤੋਂ ਕਰੇ, ਆਪਣੇ ਪੈਰਾਂ ਦੀ ਵਰਤੋਂ ਕਰੇ ਅਤੇ ਆਪਣੇ ਪੇਟ ਦੀ ਪੂਰਤੀ ਲਈ ਸਹੀ ਢੰਗ ਦੀ ਕਿਰਤ ਵੀ ਕਰੇ। ਇਸ ਤਰ੍ਹਾਂ ਦਾ ਜਿਹੜਾ ਮਨੁੱਖ ਹੈ, ਉਹ ਪੂਰਨ ਪੁਰਖ ਹੁੰਦਾ ਹੈ।

ਇਸ ਤਰ੍ਹਾਂ ਦੇ ਪੂਰਨ ਪੁਰਖ ਸਿੱਖ ਇਤਿਹਾਸ ਵਿਚ ਭਰੇ ਪਏ ਹਨ। ਉਹਨਾਂ ਵਿਚ ਇਕ ਮਹਾਨ ਨਾਮ ਹੈ ਭਾਈ ਘਨ੍ਹਈਆ। ਸੇਵਾ ਦੀ ਮੂਰਤੀ, ਕਿਰਤ ਦੀ ਮੂਰਤੀ, ਪਿਆਰ ਦੀ ਮੂਰਤੀ, ਗਿਆਨ ਦੀ ਮੂਰਤੀ, ਪਰਉਪਕਾਰ ਦੀ ਮੂਰਤੀ। ਹਰ ਤਰ੍ਹਾਂ ਦੇ ਕਰਮ ਲਈ ਹਰ ਸਮੇਂ ਪ੍ਰਵਿਰਤ ਰਹਿਣਾ ਅਤੇ ਮਨ ਦੇ ਵਿਚ ਪ੍ਰਸੰਨਤਾ ਨੂੰ ਬਣਾਈ ਰੱਖਣਾ ਭਾਈ ਘਨ੍ਹਈਆ ਜੀ ਦੀ ਇਕ ਤਰੀਕੇ ਨਾਲ ਇਬਾਦਤ ਸੀ। ਨਾਮ ਬੜਾ ਪਿਆਰਾ ਹੈ। ਜਿੰਨਾ ਪਿਆਰਾ ਉਹਨਾਂ ਦਾ ਇਹ ਨਾਮ ਹੈ, ਉੱਨਾ ਹੀ ਉੱਚਾ ਉਹਨਾਂ ਦਾ ਕਿਰਦਾਰ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੇਹਰ ਦੇ ਇਹ ਪਾਤਰ ਬਣੇ, ਪ੍ਰਸੰਨਤਾ ਦੇ ਇਹ ਪਾਤਰ ਬਣੇ, ਰੱਜ-ਰੱਜ ਕੇ ਇਹਨਾਂ ਨੇ ਖ਼ੁਸ਼ੀਆਂ ਗੁਰੂ ਜੀ ਤੋਂ ਪ੍ਰਾਪਤ ਕੀਤੀਆਂ। ਸਿੱਖ ਇਤਿਹਾਸ ਦੇ ਜਿੱਥੇ ਹੋਰ ਬ੍ਰਹਮ-ਗਿਆਨੀ, ਸੂਰਵੀਰ, ਸ਼ਹੀਦਾਂ ਦਾ ਅਮਰ ਨਾਮ ਹੈ, ਉਸੇ ਫ਼ਾਈਲ ਵਿਚ ਆਪ ਜੀ ਦਾ ਵੀ ਇਕ ਮਹਾਨ ਨਾਮ ਹੈ। ਅਨੰਤ ਸਾਖੀਆਂ ਆਪ ਜੀ ਦੇ ਜੀਵਨ ਨਾਲ ਸਬੰਧਿਤ ਹਨ।

ਇਹ ਠੀਕ ਹੈ ਕਿ ਇਕ ਬੂੰਦ ਕਈ ਬੂੰਦਾਂ ਦਾ ਸਹਾਰਾ ਲੈ ਕੇ ਹੀ ਸਾਗਰ ਤੱਕ ਪਹੁੰਚ ਸਕਦੀ ਹੈ, ਉਂਝ ਉਸ ਦਾ ਪਹੁੰਚਣਾ ਕਠਿਨ ਹੈ। ਕਾਰਨ ? ਜ਼ਮੀਨ ਚੂਸ ਲਏਗੀ ਜਾਂ ਸੂਰਜ ਦੀਆਂ ਕਿਰਨਾਂ ਉਸਨੂੰ ਸੁਕਾ ਦੇਣਗੀਆਂ। ਹਰ ਮਨੁੱਖ ਚਾਹੇ ਛੋਟਾ ਹੈ, ਵੱਡਾ ਹੈ, ਹੈ ਇਕ ਬੂੰਦ। ਬੂੰਦ ਦੀ ਇੱਛਾ ਹੈ ਸਾਗਰ ਹੋਣਾ। ਬੂੰਦ ਸਾਗਰ ਉਦੋਂ ਹੀ ਹੋ ਸਕਦੀ ਹੈ ਜਦੋਂ ਸਾਗਰ ਤੱਕ ਅੱਪੜੇ। ਸਾਗਰ ਤੱਕ ਪਹੁੰਚਣ ਲਈ ਲੰਬੀ ਵਾਟ, ਤੱਪਦੀ ਰੇਤ, ਰੇਗਿਸਤਾਨ ਹੈ। ਕਿਤੇ ਜ਼ਮੀਨ ਇਸ ਬੂੰਦ ਨੂੰ ਚੂਸ ਸਕਦੀ ਹੈ, ਕਿਤੇ ਸੂਰਜ ਦੀਆਂ ਕਿਰਨਾਂ ਇਸ ਨੂੰ ਸੁਕਾ ਸਕਦੀਆਂ ਹਨ। ਜੇਕਰ ਬੂੰਦ ਰੂਪੀ ਮਨੁੱਖ ਸਾਗਰ ਰੂਪੀ ਪ੍ਰਮਾਤਮਾ ਤੱਕ ਨਹੀਂ ਪਹੁੰਚ ਸਕੀ ਤਾਂ ਕਿਸੇ ਨੂੰ ਗ਼ਮਾਂ ਤੇ ਦੁੱਖਾਂ ਨੇ ਸੁਕਾ ਦਿੱਤਾ ਅਤੇ ਕਿਸੇ ਕਿਸੇ ਨੂੰ ਪਦਾਰਥਾਂ ਨੇ ਆਪਣੇ ਵਿਚ ਜਜ਼ਬ ਕਰ ਲਿਆ। ਕੋਈ ਪਦਾਰਥਾਂ ਵਿਚ ਮਿੱਟ ਗਿਆ, ਕੋਈ ਗ਼ਮਾਂ ਵਿਚ ਸੁੱਕ ਗਿਆ ਅਤੇ ਸਾਗਰ ਦਾ ਮਿਲਣਾ ਨਸੀਬ ਨਾ ਹੋ ਸਕਿਆ। ਸਾਗਰ ਸੁਪਨਾ ਹੀ ਬਣਿਆ ਰਿਹਾ। ਇਸ ਤਰ੍ਹਾਂ ਪ੍ਰਿਥਵੀ 'ਤੇ ਪਤਾ ਨਹੀਂ ਰੋਜ਼ ਕਿੰਨੀਆਂ ਬੂੰਦਾਂ ਪੈਂਦੀਆਂ ਹਨ, ਕਿੰਨੇ ਜਨਮ ਹੁੰਦੇ ਹਨ। ਲੱਖਾਂ ਮਨੁੱਖੀ ਬੱਚੇ ਰੋਜ਼ ਆਉਂਦੇ ਹਨ ਲੰਬੀ ਸੰਭਾਵਨਾ ਲੈ ਕੇ, ਪ੍ਰਮਾਤਮਾ ਹੋਣ ਦੀ ਸੰਭਾਵਨਾ ਲੈ ਕੇ, ਸਾਗਰ ਹੋਣ ਦੀ ਸੰਭਾਵਨਾ ਲੈ ਕੇ। ਇਸ ਲਈ ਇਕ ਬੂੰਦ ਨੂੰ ਸਾਗਰ ਤੱਕ ਅੱਪੜਨ ਲਈ ਅਨੰਤ ਬੂੰਦਾਂ ਦਾ ਸਹਾਰਾ ਚਾਹੀਦਾ ਹੈ ਤਾਂਕਿ ਉਸ ਵਿਚ ਗਤੀ ਬਣੀ ਰਹੇ।

ਅਨੰਤ ਬੂੰਦਾਂ ਦਾ ਨਾਮ ਹੈ—ਸਤਿਸੰਗ। ਸਤਿਸੰਗੀਆਂ ਦੀ ਸੰਗਤ, ਗੁਰਮੁਖ ਸੱਜਣਾਂ ਦੀ ਸੰਗਤ। ਭਾਈ ਘਨ੍ਹਈਏ ਨੂੰ ਬਚਪਨ ਵਿਚ ਨਨੂਏ ਨਾਮ ਦੇ ਸੰਤ ਦੀ ਸੰਗਤ ਨਸੀਬ ਹੋ ਗਈ। ਦਰਅਸਲ ਨਨੂਆ ਇਕ ਬੂੰਦ ਦੀ ਤਰ੍ਹਾਂ ਨਹੀਂ ਸੀ, ਇਕ ਧਾਰਾ ਦੀ ਤਰ੍ਹਾਂ ਸੀ। ਜੇਕਰ ਬੂੰਦ ਨੂੰ ਧਾਰਾ ਮਿਲ ਜਾਏ ਤਾਂ ਉਸਨੂੰ ਤੇਜ਼ੀ ਮਿਲ ਜਾਂਦੀ ਹੈ। ਪੂਰਬਲੇ ਸੰਸਕਾਰਾਂ ਦੀ, ਪੂਰਬਲੇ ਕਰਮਾਂ ਦੀ ਬਣੀ ਹੋਈ ਖ਼ੁਸ਼ਕਿਸਮਤੀ ਕਿ ਇਸਨੂੰ ਚੰਗੇ ਉੱਘੇ ਸਤਿਸੰਗੀ ਮਿਲੇ। ਫਿਰ ਤਾਂ ਕਹਿਣਾ ਹੀ ਸੀ ਕਿ ਦਰਿਆ ਦਾ ਮਿਲਣ ਹੋ ਗਿਆ ਇਕ ਦਿਨ ਕਲਗੀਧਰ ਪਾਤਿਸ਼ਾਹ ਨਾਲ। ਇਸ ਧਾਰਾ ਨੇ ਵੱਡੀ ਧਾਰਾ ਨਾਲ ਜੋੜ ਦਿੱਤਾ। ਵੈਸੇ ਪਾਣੀ ਦਾ ਨਿਯਮ ਹੈ ਕਿ ਝਰਨੇ ਛੋਟੇ-ਛੋਟੇ ਪਹਾੜਾਂ ਵਿਚੋਂ ਨਿਕਲਦੇ ਹਨ ਅਤੇ ਫਿਰ ਮਿਲ ਕੇ ਇਹ ਵੱਡੀ ਧਾਰਾ ਬਣਦੇ ਹਨ ਅਤੇ ਫਿਰ ਵੱਡੀਆਂ ਧਾਰਾਵਾਂ ਹੋਰ ਵੱਡੀ ਧਾਰਾ ਦਾ ਆਸਰਾ ਲੈ ਕੇ ਦਰਿਆ ਬਣਦੀਆਂ ਹਨ। ਦਰਿਆ ਹੋਰ ਵੱਡੇ ਦਰਿਆ ਵਿਚ ਲੀਨ ਹੋ ਕੇ ਸਾਗਰ ਤੱਕ ਅੱਪੜਦੇ ਹਨ।

ਮਨੁੱਖ ਬਾਰੇ ਵੀ ਇਹੀ ਕੁਝ ਹੈ। ਛੋਟੇ-ਛੋਟੇ ਸਤਿ-ਸੰਗੀਆਂ ਦਾ ਆਸਰਾ ਲੈ ਕੇ ਫਿਰ ਮਹਾਨ ਸਤਿਗੁਰੂ ਦੇ ਆਸਰੇ ਦੇ ਨਾਲ ਪ੍ਰਮਾਤਮਾ ਰੂਪੀ ਸਾਗਰ ਤੱਕ ਪਹੁੰਚਣਾ ਇਹ ਜ਼ਿੰਦਗੀ ਦਾ ਲਕਸ਼ ਹੈ ਅਤੇ ਇਸ ਲਕਸ਼ ਨੂੰ ਪ੍ਰਾਪਤ ਕਰਨ ਵਿਚ ਭਾਈ ਘਨ੍ਹਈਆ ਪੂਰਨ ਤੌਰ 'ਤੇ ਸਫਲ ਹੋਏ। ਉਹਨਾਂ ਨੂੰ ਇਹ ਸਫਲਤਾ ਪੂਰਨ ਤੌਰ 'ਤੇ ਨਸੀਬ ਹੋਈ। ਕਿਉਂਕਿ ਉਹਨਾਂ ਨੂੰ ਅਨੰਤ ਬੂੰਦਾਂ ਵੀ ਮਿਲੀਆਂ, ਧਾਰਾਵਾਂ ਵੀ ਮਿਲੀਆਂ ਅਤੇ ਮਹਾਨ ਵੱਗਦਾ ਹੋਇਆ ਗਿਆਨ ਦਾ ਦਰਿਆ ਵੀ ਮਿਲਿਆ, ਜਿਸ ਨਾਲ ਮਿਲ ਕੇ ਆਪ ਪ੍ਰਮਾਤਮਾ ਤੱਕ ਪਹੁੰਚੇ ਅਤੇ ਧਾਰਮਿਕ ਇਤਿਹਾਸ ਵਿਚ ਆਪਣੀ ਅਮਿੱਟ ਛਾਪ ਛੱਡ ਗਏ। ਅੱਜ ਵੀ ਉਹਨਾਂ ਦੇ ਨਾਮ ਉੱਤੇ ਬਹੁਤ ਵੱਡੀ ਇਕ ਸੰਪਰਦਾ ਹੈ 'ਸੇਵਾ ਪੰਥੀ'।

ਸੇਵਾ ਪੰਥੀ ਸੰਤ ਜਨਾਂ ਦੇ ਅੱਜ ਭਾਰਤ ਵਰਸ਼ ਵਿਚ ਅਨੇਕਾਂ ਸਤਿ-ਸੰਗ ਦੇ ਕੇਂਦਰ ਹਨ ਅਤੇ ਅੱਜ ਵੀ ਇਥੇ ਸੇਵਾ ਅਤੇ ਸਿਮਰਨ ਬਹੁਤ ਪ੍ਰਬਲ ਰੂਪ ਵਿਚ ਚੱਲ ਰਹੀ ਹੈ। ਆਤਮਕ ਤ੍ਰਿਪਤੀ ਦੇ ਲਈ ਬਾਣੀ ਦਾ ਪਾਠ, ਕਥਾ, ਇਹਨਾਂ ਡੇਰਿਆਂ ਵਿਚ ਬਹੁਤ ਸੁੰਦਰ ਢੰਗ ਨਾਲ ਚੱਲ ਰਿਹਾ ਹੈ। ਇਹ ਤਮਾਮ ਡੇਰੇ ਸੇਵਾ ਪੰਥੀ ਕਹਿਲਾਉਂਦੇ ਹਨ ਅਤੇ ਆਪਣੇ ਆਪ ਨੂੰ ਭਾਈ ਸਾਹਿਬ ਭਾਈ ਘਨ੍ਹਈਆ ਨਾਲ ਜੋੜਦੇ ਹਨ। ਜਿਨ੍ਹਾਂ ਦੇ ਨਾਮ ਦੇ ਨਾਲ ਇਸ ਸੰਪਰਦਾ ਦਾ ਜਨਮ ਹੋਇਆ—ਸੇਵਾ ਪੰਥੀ ਅੱਡਣਸ਼ਾਹੀ ਸੰਪਰਦਾ।

ਭਾਈ ਸਾਹਿਬ ਭਾਈ ਘਨ੍ਹਈਆ ਵਿਚ ਉਂਝ ਤਾਂ ਅਨੰਤ ਖ਼ੂਬੀਆਂ ਸਨ, ਪਰ ਕਹਿੰਦੇ ਹਨ ਕਿ ਕਿਸੇ ਮਨੁੱਖ ਵਿਚ ਕੋਈ ਇਕ ਗੁਣ ਸਿਰਮੌਰ ਹੁੰਦਾ ਹੈ, ਬਾਕੀ ਗੁਣ ਉਸਦੇ ਨਾਲ ਸਹਾਇਕ ਰੂਪ ਵਿਚ ਹੁੰਦੇ ਹਨ। ਸੇਵਾ ਆਪ ਦਾ ਮਹਾਨ ਗੁਣ ਸੀ ਅਤੇ ਇਸੇ ਕਾਰਨ ਆਪ ਜੀ ਦੇ ਨਾਮ ਦੇ ਨਾਲ ਪ੍ਰਚਲਿਤ ਜਿਹੜੀ ਸੰਸਥਾ ਚੱਲੀ, ਉਸ ਦਾ ਨਾਮ ਹੀ ਪੈ ਗਿਆ— 'ਸੇਵਾ ਪੰਥੀ'। ਸੇਵਾ ਪੰਥੀਆਂ ਦਾ ਜਦੋਂ ਜ਼ਿਕਰ ਆਏ ਤਾਂ ਭਾਈ ਘਨ੍ਹਈਆ ਅੱਗੇ ਖੜੇ ਹੋ ਜਾਂਦੇ ਹਨ। ਭਾਈ ਘਨ੍ਹਈਆ ਸਿੱਖ ਜਗਤ ਦੇ ਇਤਿਹਾਸ ਵਿਚ ਉਹ ਪਰਮ ਹਸਤੀ ਹਨ ਜਿਨ੍ਹਾਂ

ਨੂੰ ਪਰਮ ਸੰਤ ਕਹਿਣ ਵਿਚ ਕੋਈ ਸੰਕੋਚ ਨਹੀਂ ਹੋ ਸਕਦਾ। ਰੱਜਬ ਦਾ ਇਕ ਬੜਾ ਸੁੰਦਰ ਖ਼ਿਆਲ ਹੈ-

*ਨਦੀ ਸੰਤ ਅਰਿ ਮੇਘਲਾ ਚਲੇ ਭੁਇਅੰਗਮ ਚਾਲ।*
*ਰਜਬ ਜਿਹ ਜਿਹ ਪਗ ਧਰੇ ਤਿਹ ਤਿਹ ਕਰਤ ਨਿਹਾਲ।*

ਜਿਸ ਤਰ੍ਹਾਂ ਬੱਦਲ ਵਿੰਗੇ ਟੇਡੇ ਚੱਲਦੇ ਹਨ ਅਤੇ ਧਰਤੀ ਨੂੰ ਜ਼ਿਆਦਾ ਹਰਾ ਭਰਾ ਕਰਦੇ ਹਨ, ਇਸੇ ਤਰ੍ਹਾਂ ਮਹਾਂਪੁਰਸ਼ ਜਿੱਥੇ ਵੀ ਕਦਮ ਰੱਖਦੇ ਹਨ, ਹਿਰਦਿਆਂ ਨੂੰ ਖੇੜਾ ਦੇਈ ਜਾਂਦੇ ਹਨ। ਰੂਹਾਨੀਅਤ ਦੀ ਹਰਿਆਵਲ ਦੇਈ ਜਾਂਦੇ ਹਨ। ਭਾਈ ਘਨ੍ਹਈਆ ਇਸ ਤਰ੍ਹਾਂ ਦੇ ਹੀ ਮਹਾਨ ਪੁਰਸ਼ਾਂ ਵਿਚੋਂ ਇਕ ਮਹਾਨ ਪੁਰਸ਼ ਸਨ। ਆਪ ਦਾ ਜਨਮ ਪਿੰਡ ਸਿਧੌਰਾ ਜੋ ਚੰਦਰਭਾਗਾ ਨਦੀ ਦੇ ਕੰਢੇ ਉੱਪਰ ਹੈ, ਨਿਕਟ ਸ਼ਹਿਰ ਵਜ਼ੀਰਾਬਾਦ, ਉਥੇ ਹੋਇਆ ਸੀ। ਆਪ ਇਕ ਸੰਪੰਨ ਫ਼ਰਜ਼ੰਦ ਸਨ। ਪਰ ਕਿਉਂਕਿ ਹਿਰਦਾ ਦਇਆ ਨਾਲ ਭਰਿਆ ਹੋਇਆ ਸੀ, ਸਹਿਜੇ-ਸਹਿਜੇ ਜਿਵੇਂ ਆਪ ਦੀ ਉਮਰ ਵੱਧਦੀ ਗਈ, ਆਪ ਦੇ ਅੰਦਰ ਦਇਆ ਵੀ ਵੱਧਦੀ ਗਈ। ਇਤਿਹਾਸ ਵਿਚ ਅਜਿਹਾ ਮਿਲਦਾ ਹੈ ਕਿ ਮੁਗ਼ਲ ਕਾਲ ਦੇ ਵਿਚ ਗ਼ਰੀਬ ਲੋਕਾਂ ਨੂੰ ਫੜ ਫੜ ਕੇ ਉਨ੍ਹਾਂ ਤੋਂ ਹਮੇਸ਼ਾ ਬੇਗਾਰ ਦਾ ਕੰਮ ਲਿਆ ਜਾਂਦਾ ਸੀ। ਕਿਲ੍ਹੇ ਬਣਾਉਣਾ, ਮਹਿਲ ਬਣਾਉਣਾ, ਸੜਕਾਂ ਬਣਾਉਣੀਆਂ ਪਰ ਸਿਰਫ਼ ਦੋ ਰੋਟੀਆਂ ਦੇ ਦੇਣੀਆਂ ਅਤੇ ਕੰਮ ਲੈਣਾ। ਤਾਕਤਵਰ ਆਪਣਾ ਵਜ਼ਨ ਚੁਕਵਾ ਦਿੰਦੇ ਸਨ ਸਿਰ 'ਤੇ ਕਿ ਘਰ ਤੱਕ ਪਹੁੰਚਾ ਆਉ। ਕਹਿੰਦੇ ਹਨ ਵਗਾਰੀਆਂ ਦਾ ਬੋਝਾ ਭਾਈ ਘਨ੍ਹਈਆ ਖ਼ੁਦ ਚੁੱਕ ਲੈਂਦੇ ਸਨ। ਥੱਕੇ-ਮਾਂਦੇ ਰਾਹੀਆਂ ਦੇ ਚਰਨ ਦਬਾਉਣੇ ਇਸ ਦੇ ਵਿਚ ਆਪ ਨੂੰ ਪ੍ਰਸੰਨਤਾ ਨਸੀਬ ਹੁੰਦੀ ਸੀ। ਸਾਧੂਆਂ ਦੀ ਸੰਗਤ ਵਿਚ ਬੈਠ ਕੇ ਪਰਮ ਨਾਮ ਰੱਸ ਦਾ ਜਾਪ ਅਤੇ ਸਿਮਰਨ ਇਹ ਆਪ ਜੀ ਦੀ ਜ਼ਿੰਦਗੀ ਦਾ ਲਕਸ਼ ਸੀ। ਇਸੇ ਹੀ ਸਾਧਨਾ ਦੇ ਮੁਜੱਸਮੇ ਨੂੰ ਇਕ ਦਿਨ ਪਰੀਪੂਰਨ ਪ੍ਰਮਾਤਮਾ ਨੇ ਕਲਗੀਧਰ ਪਾਤਿਸ਼ਾਹ ਦਾ ਮਿਲਾਪ ਕਰਾ ਦਿੱਤਾ। ਰੰਗ ਖ਼ੂਬ ਚੜ੍ਹਿਆ। ਸਮੂਹ ਬ੍ਰਹਿਮੰਡ ਦੀ ਅਨੇਕਤਾ ਵਿਚ ਆਪ ਨੂੰ ਇਕ ਦਿਖਾਈ ਦੇਣ ਲੱਗ ਪਿਆ। ਕਲਗੀਧਰ ਪਾਤਿਸ਼ਾਹ ਦੇ ਵਾਕ ਵੀ ਹਨ-

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰਿ ਏਕ ਹੈਂ॥*

(ਜਾਪੁ ਸਾਹਿਬ)

ਹੇ ਪ੍ਰਭੂ ! ਤੂੰ ਇਕ ਹੁੰਦਾ ਹੋਇਆ ਅਨੇਕ ਹੈਂ ਅਤੇ ਅਨੇਕ ਹੁੰਦਾ ਹੋਇਆ ਇਕ ਹੈਂ। ਸੂਰਜ ਇਕ ਹੈ, ਕਿਰਨਾਂ ਅਨੇਕ ਹਨ। ਸਾਗਰ ਇਕ ਹੈ, ਲਹਿਰਾਂ ਅਨੇਕ ਹਨ।

ਧਾਰਮਿਕ ਮਨੁੱਖ ਉਹ ਹੈ ਜੋ ਲਹਿਰਾਂ ਦੀ ਅਨੇਕਤਾ ਵਿਚ ਇਕ ਸਾਗਰ ਨੂੰ ਦੇਖ ਲਵੇ। ਜੋ ਸੰਸਾਰ ਦੀ ਅਨੇਕਤਾ ਵਿਚ ਇਕ ਨਿਰੰਕਾਰ ਨੂੰ ਦੇਖ ਲਵੇ। ਉਹ ਇਕ ਹੁੰਦਾ ਹੋਇਆ

ਅਨੇਕ ਕਿਉਂ ਹੈ ਅਤੇ ਅਨੇਕ ਹੁੰਦਾ ਹੋਇਆ ਇਕ ਕਿਉਂ ਹੈ ? ਇਸਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਢੰਗ ਨਾਲ ਖੋਲ੍ਹਦੇ ਹਨ—

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥*

(ਜਾਪੁ ਸਾਹਿਬ)

ਅਨੇਕਤਾ ਉਸ ਇਕ ਦੀ ਖੇਡ ਹੈ। ਕਹਿੰਦੇ ਹਨ ਕੁਝ ਪ੍ਰਾਪਤੀ ਦਾ ਲਕਸ਼ ਹੋਵੇ, ਹਾਨ-ਲਾਭ ਦੀ ਗੱਲ ਹੋਵੇ ਤਾਂ ਉਹ ਧੰਦਾ ਹੈ। ਖੇਡ ਵਿਚ ਨਾ ਹਾਰ ਹੈ, ਨਾ ਜਿੱਤ ਹੈ, ਨਾ ਲੈਣ ਹੈ, ਨਾ ਦੇਣ ਹੈ, ਨਾ ਨਫ਼ਾ ਹੈ, ਨਾ ਨੁਕਸਾਨ ਹੈ। ਜੇਕਰ ਕਿਸੇ ਕਿਰਤ ਵਿਚ ਨਫ਼ਾ-ਨੁਕਸਾਨ ਹੈ ਤਾਂ ਉਹ ਧੰਦਾ ਹੈ। ਜੇਕਰ ਕਿਸੇ ਕਰਮ ਵਿਚ ਹਾਰ ਜਾਂ ਜਿੱਤ ਹੈ ਤਾਂ ਉਹ ਜੰਗ ਹੈ। ਬੱਚੇ ਖੇਡ ਖੇਡਦੇ ਹਨ ਜਾਂ ਪ੍ਰਮਾਤਮਾ ਖੇਡ ਖੇਡਦਾ ਹੈ। ਦਰਿਆ ਦੇ ਕਿਨਾਰੇ ਬੱਚੇ ਰੇਤ ਦੇ ਬੜੇ ਸੁੰਦਰ ਸੁੰਦਰ ਮਹਿਲ ਬਣਾਉਂਦੇ ਹਨ ਬੜੀ ਮਿਹਨਤ ਨਾਲ। ਰਹਿਣ ਲਈ ਨਹੀਂ। ਜੇਕਰ ਉਹ ਰਹਿਣ ਲਈ ਹਨ ਤਾਂ ਫਿਰ ਧੰਦਾ ਹੋ ਗਿਆ। ਨਹੀਂ ਬਣਾਉਣਾ ਇਕ ਖ਼ੁਸ਼ੀ ਹੈ। ਸ਼ਾਮਾਂ ਪੈ ਗਈਆਂ, ਘਰ ਦੀ ਯਾਦ ਆ ਗਈ ਹੈ। ਹੁਣ ਹੱਸਦਿਆਂ-ਹੱਸਦਿਆਂ ਉਸੇ ਮਹਿਲ ਨੂੰ ਤੋੜ ਰਹੇ ਹਨ, ਜਿਸ ਨੂੰ ਹੱਸਦਿਆਂ-ਹੱਸਦਿਆਂ ਬਣਾਇਆ ਸੀ। ਬਣਾਉਂਦਿਆਂ ਵੀ ਹੱਸੇ, ਮਿਟਾਉਂਦਿਆਂ ਵੀ ਹੱਸੇ। ਇਹ ਤਾਂ ਹੀ ਹੋ ਸਕਦਾ ਹੈ ਕਿ ਇਹ ਬਣਾਉਣਾ ਖੇਡ ਹੋਵੇ ਅਤੇ ਮਿਟਾਉਣਾ ਵੀ ਖੇਡ ਹੋਵੇ। ਹੱਸਦਿਆਂ-ਹੱਸਦਿਆਂ ਪ੍ਰਸੰਨਤਾ ਵਿਚ ਪ੍ਰਭੂ ਜਗਤ ਨੂੰ ਬਣਾਉਂਦਾ ਹੈ ਅਤੇ ਜਗਤ ਦੀ ਪਰਲੋ ਕਰ ਲੈਂਦਾ ਹੈ—

*ਆਵਨ ਜਾਨੁ ਇਕੁ ਖੇਲੁ ਬਨਾਇਆ॥*
*ਆਗਿਆਕਾਰੀ ਕੀਨੀ ਮਾਇਆ॥*

(ਅੰਗ ੨੯੪)

ਇਹ ਸਮੂਹ ਬ੍ਰਹਿਮੰਡ ਪਰੀਪੂਰਨ ਪ੍ਰਮਾਤਮਾ ਦੀ ਆਗਿਆ ਵਿਚ ਹੈ ਅਤੇ ਉਸ ਦਾ ਤਮਾਸ਼ਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਬੱਸ, ਮੈਂ ਇਹ ਖੇਡ ਦੇਖਣ ਲਈ ਆਇਆ ਹਾਂ। ਦਿਨ ਹੋ ਰਿਹਾ ਹੈ, ਰਾਤ ਹੋ ਰਹੀ ਹੈ, ਜਨਮ ਹੋ ਰਿਹਾ ਹੈ, ਮਰਨ ਹੋ ਰਿਹਾ ਹੈ। ਜੋ ਹੱਸ ਰਿਹਾ ਹੈ, ਉਹੀ ਰੋ ਰਿਹਾ ਹੈ। ਜੋ ਜਵਾਨ ਹੋ ਰਿਹਾ ਹੈ, ਉਹੀ ਨਾਲ ਬੁੱਢਾ ਹੋਣਾ ਸ਼ੁਰੂ ਹੋ ਜਾਂਦਾ ਹੈ। ਨਫ਼ਾ ਨੁਕਸਾਨ ਦੇ ਨਾਲ ਜੁੜਿਆ ਹੋਇਆ ਹੈ, ਇੱਜ਼ਤ ਬੇਇੱਜ਼ਤੀ ਦੇ ਨਾਲ ਜੁੜਿਆ ਹੋਇਆ ਹੈ ਸਭ ਤਮਾਸ਼ਾ। ਸਭ ਪ੍ਰਮਾਤਮਾ ਦੀ ਖੇਡ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਣ ਕਰਦੇ ਹਨ ਕਿ ਇਹ ਸਾਰਾ ਵਿਸ਼ਵ ਉਸ ਇਕ ਅਕਾਲ ਪੁਰਖ ਦੀ ਖੇਡ ਹੈ। ਖੇਡ ਖੇਡਦਿਆਂ ਹੋਇਆਂ ਜਦੋਂ ਉਹ ਖੇਡ ਨੂੰ ਸਮੇਟਦਾ ਹੈ ਤਾਂ ਫਿਰ ਇਕ ਰਹਿ ਜਾਂਦਾ ਹੈ, ਅਨੇਕਤਾ ਨਹੀਂ ਰਹਿੰਦੀ।

*ਖੇਲੁ ਸੰਕੋਚੈ ਤਉ ਨਾਨਕ ਏਕੈ॥*

(ਅੰਗ ੨੯੨)

ਅਨੇਕਤਾ ਉਸ ਦਾ ਤਮਾਸ਼ਾ ਹੈ, ਉਸ ਦਾ ਇਕ ਸਰੂਪ ਹੈ। ਧਰਮ ਦੀ ਇਹ ਮੂਲ ਦੀਖਸ਼ਾ ਹੈ ਕਿ ਸਮੂੰਹ ਬ੍ਰਹਿਮੰਡ ਦੀ ਅਨੇਕਤਾ ਵਿਚੋਂ ਇਕ ਨੂੰ ਕੋਈ ਦੇਖ ਲਵੇ, ਇਕ ਨੂੰ ਕੋਈ ਸਮਝ ਲਵੇ ਅਤੇ ਇਕ ਨੂੰ ਕੋਈ ਪ੍ਰਾਪਤ ਕਰ ਲਵੇ। ਬਸ, ਸਮਝ ਲਉ ਉਸਨੇ ਸਭ ਕੁਝ ਪ੍ਰਾਪਤ ਕਰ ਲਿਆ।

ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਦਾ ਫੁਰਮਾਣ ਹੈ ਕਿ ਜਿੰਨੇ ਚਿਰ ਤੱਕ ਮਨੁੱਖ ਇਕ ਨੂੰ ਸਮਝੇ ਨਾ, ਇਕ ਨੂੰ ਦੇਖ ਨਾ ਲਵੇ, ਉਹ ਪਾਵਨ ਨਹੀਂ ਹੋ ਸਕਦਾ, ਉਹ ਇਕ ਨਾਲ ਇਨਸਾਫ਼ ਨਹੀਂ ਕਰ ਸਕਦਾ। ਜਦੋਂ ਸਾਰਾ ਬ੍ਰਹਿਮੰਡ ਆਪਣਾ ਰੂਪ ਦਿਖਾਈ ਦੇਵੇ ਤਾਂ ਹੀ ਮਨੁੱਖ ਸਹੀ ਢੰਗ ਨਾਲ ਇਨਸਾਫ਼ ਕਰ ਸਕਦਾ ਹੈ, ਨਹੀਂ ਤਾਂ ਵਿਤਕਰੇ ਹੋਣਗੇ, ਭੇਦ-ਭਾਵ ਹੋਵੇਗਾ।

ਸਾਰਾ ਜਗਤ ਭੇਦ ਭਾਵ ਵਿਚ ਜੀਅ ਰਿਹਾ ਹੈ। ਕਿਤੇ ਭਾਸ਼ਾ ਦਾ ਭੇਦ, ਕਿਤੇ ਵਰਨ ਦਾ ਭੇਦ, ਕਿਤੇ ਨਸਲ ਦਾ ਭੇਦ ਅਤੇ ਇਸ ਤੋਂ ਇਲਾਵਾ ਕਿਤੇ ਮਜ਼ਹਬ ਦਾ ਭੇਦ, ਕਿਤੇ ਮੁਲਕ ਦਾ ਭੇਦ। ਮਨੁੱਖ ਦਾ ਮਨੁੱਖ ਨਾਲ ਮਿਲਣਾ ਹੀ ਕਠਿਨ ਹੈ। ਜਦੋਂ ਮਨੁੱਖ ਦਾ ਮਨੁੱਖ ਨਾਲ ਮਿਲਣਾ ਕਠਿਨ ਹੈ ਤਾਂ ਇਕ ਮਨੁੱਖ ਪ੍ਰਮਾਤਮਾ ਨਾਲ ਕਿਵੇਂ ਮਿਲੇਗਾ ? ਇਸਨੇ ਤਾਂ ਮਨੁੱਖ ਅਤੇ ਮਨੁੱਖ ਦੇ ਵਿਚਕਾਰ ਵੀ ਬੜੀ ਦੂਰੀ ਪੈਦਾ ਕਰ ਦਿੱਤੀ ਹੈ। ਜਿੰਨੇ ਚਿਰ ਤੱਕ ਇਸ ਨੂੰ ਸਮੂਹ ਅਨੇਕਤਾ ਵਿਚ ਇਕ ਨਾ ਦਿਖਾਈ ਦੇਵੇ, ਇਹ ਕਿਸੇ ਨਾਲ ਇਨਸਾਫ਼ ਨਹੀਂ ਕਰ ਸਕਦਾ। ਇਹ ਭੇਦ-ਭਾਵ ਵਿਚ ਜੀਅ ਕੇ ਵਿਤਕਰਿਆਂ ਨੂੰ ਜਨਮ ਦਿੰਦਾ ਰਹੇਗਾ।

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥*

(ਅੰਗ ੩੭੪)

ਜਿੰਨੇ ਚਿਰ ਤੱਕ ਤੂੰ ਉਸਨੂੰ ਸਮਝਿਆ ਨਹੀਂ, ਗੰਦਗੀ ਦੀ ਢੇਰੀ ਹੈਂ। ਥਾਂ-ਥਾਂ ਗੰਦਗੀ ਖਿਲਰੇਗੀ। ਭੱਟ ਗੁਰੂ ਅਮਰਦਾਸ ਮਹਾਰਾਜ ਦੀ ਮਹਿਮਾ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਧੰਨ ਗੁਰੂ ਅਮਰਦਾਸ !

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥*

(ਅੰਗ ੧੩੯੪)

ਜੀਵਨ ਭਰ ਤੁਸੀਂ ਇਕ ਨੂੰ ਪੜ੍ਹਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

*ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥*
*ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥*

(ਅੰਗ ੬੩੪)

ਮੈਂ ਉਹ ਕੁਝ ਪੜ੍ਹਦਾ ਹੀ ਨਹੀਂ ਜਿਸ ਨਾਲ ਭੇਦ-ਭਾਵ ਦਾ ਜਨਮ ਹੋਵੇ। ਮੈਂ ਤਾਂ ਉਹ ਪੜ੍ਹਦਾ ਹਾਂ ਜਿਸਦੇ ਵਿਚ ਸਮੂਹ ਬ੍ਰਹਿਮੰਡ ਮੈਨੂੰ ਇਕ ਦਿਖਾਈ ਦੇਵੇ। ਭੱਟ ਕਹਿੰਦੇ ਹਨ, ਹੇ ਗੁਰੂ ਅਮਰਦਾਸ ਜੀ ! ਤੁਸੀਂ ਜੀਵਨ ਭਰ ਇਕ ਨੂੰ ਪੜ੍ਹਿਆ ਹੈ। ਨਿਰਾ ਪੜ੍ਹਿਆ ਹੀ ਨਹੀਂ, ਉਸ ਪੜ੍ਹੇ ਹੋਏ ਇਕ ਨੂੰ ਆਪਣੇ ਮਨ ਦੇ ਵਿਚ ਵੀ ਵਸਾਇਆ ਹੈ। ਨਿਰਾ ਪੜ੍ਹਿਆ ਨਹੀਂ, ਨਿਰਾ ਮਨ ਵਿਚ ਵਸਾਇਆ ਹੀ ਨਹੀਂ, ਬਲਕਿ ਇਕ ਨਾਲ ਜਾਣ ਪਛਾਣ ਵੀ ਕਰ ਲਈ। ਜਿੱਥੋਂ ਤੱਕ ਤੁਸੀਂ ਦ੍ਰਿਸ਼ਟੀ ਮਾਰਦੇ ਹੋ, ਇਕ ਦਿਖਾਈ ਦਿੰਦਾ ਹੈ। ਵਾਸਤਵਿਕ ਅੱਖਾਂ ਉਸ ਦਿਨ ਪਵਿੱਤਰ ਹੁੰਦੀਆਂ ਹਨ ਜਿਸ ਦਿਨ ਇਕ ਦਿਖਾਈ ਦੇਵੇ। ਜਦੋਂ ਦੋ ਦਿਖਾਈ ਦੇਣ, ਦੋ ਅੱਖਾਂ ਹਨ ਤਾਂ ਅੱਖਾਂ ਅਪਵਿੱਤਰ ਹੋਣਗੀਆਂ। ਅੱਖਾਂ ਦੀ ਮਹਾਨਤਾ ਇਹ ਹੈ ਕਿ ਇਹ ਭਾਵੇਂ ਆਪ ਦੋ ਹੋਣ, ਪਰ ਇਕ ਨੂੰ ਦੇਖਣ ਵਿਚ ਸਮਰੱਥ ਹੋਣ। ਹੇ ਗੁਰੂ ਅਮਰਦਾਸ ਜੀ ! ਤੁਸੀਂ ਜਾਗਦੇ ਰਹਿੰਦੇ ਹੋ ਅਤੇ ਇਕ ਨੂੰ ਦੇਖਦੇ ਰਹਿੰਦੇ ਹੋ, ਪਰ ਜਦੋਂ ਤੁਸੀਂ ਸੌਂ ਜਾਂਦੇ ਹੋ, ਵਿਸ਼ਰਾਮ ਕਰਦੇ ਹੋ ਤਾਂ ਤੁਹਾਨੂੰ ਸੁਪਨੇ ਵੀ ਇਕ ਦੇ ਹੀ ਆਉਂਦੇ ਹਨ। ਅਜਿਹਾ ਆਪ ਦਾ ਸਰੂਪ ਹੈ।

*ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥*
*ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥*

(ਅੰਗ ੧੩੯੪)

ਹੇ ਗੁਰੂ ਅਮਰਦਾਸ ਜੀ ! ਤੁਸੀਂ 71 ਵਰ੍ਹੇ ਦੀ ਅਵਸਥਾ ਵਿਚ ਇਸ ਤਰ੍ਹਾਂ ਦੇ ਆਤਮਕ ਗਿਆਨ ਨੂੰ ਪ੍ਰਾਪਤ ਕੀਤਾ।

*ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥*
*ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥*

(ਅੰਗ ੧੩੯੪)

ਭੱਟ ਬਲ ਕਹਿ ਰਿਹਾ ਹੈ, ਹੇ ਧੰਨ ਗੁਰੂ ਅਮਰਦਾਸ ਜੀ ! ਉਹ ਜੋ ਨਾ ਲਖੇ ਜਾਣ ਵਾਲਾ ਇਕ ਹੈ, ਉਸਨੂੰ ਤੁਸੀਂ ਲਖਿਆ ਹੈ, ਦੇਖਿਆ ਹੈ। ਉਹ ਤੁਹਾਡੀ ਰਸਨਾ 'ਤੇ ਹੈ, ਉਹ ਤੁਹਾਡੇ ਕੰਨਾਂ ਵਿਚ ਹੈ, ਉਹ ਤੁਹਾਡੇ ਚੇਤੇ ਵਿਚ ਹੈ, ਉਹ ਤੁਹਾਡੇ ਰੋਮ-ਰੋਮ ਵਿਚ ਹੈ, ਉਹ ਤੁਹਾਡੀ ਜਾਗਰਤ ਅਵਸਥਾ ਵਿਚ ਹੈ ਅਤੇ ਉਹੀ ਤੁਹਾਡੇ ਸੁਪਨਿਆਂ ਵਿਚ ਹੈ। ਗੁਰੂ ਅਮਰਦਾਸ ਜੀ ਮਹਾਰਾਜ ਇਕ ਦੀ ਮੂਰਤੀ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫੁਰਮਾਣ ਹੈ - ਸਮੂਹ ਬ੍ਰਹਿਮੰਡ ਦੀ ਅਨੇਕਤਾ ਉਸ ਇਕ ਦੀ ਖੇਡ ਹੈ। ਜਿਸਨੂੰ ਉਸ ਇਕ ਨਾਲ ਪਿਆਰ ਹੈ, ਉਸਨੂੰ ਉਸ ਦੀ ਖੇਡ ਨਾਲ ਵੀ ਪਿਆਰ ਹੈ। ਜਿਸਨੂੰ ਸਾਗਰ ਨਾਲ ਪਿਆਰ ਹੈ, ਉਸ ਨੂੰ ਲਹਿਰਾਂ ਨਾਲ ਵੀ ਪਿਆਰ ਹੋਵੇਗਾ। ਜਿਸ ਨੂੰ ਸੂਰਜ ਨਾਲ ਪਿਆਰ ਹੈ, ਉਸਨੂੰ ਕਿਰਨਾਂ ਨਾਲ ਵੀ ਪਿਆਰ ਹੋਵੇਗਾ ਅਤੇ ਜਿਸਨੂੰ ਨਿਰੰਕਾਰ ਨਾਲ ਪਿਆਰ ਹੈ, ਉਸਨੂੰ ਸੰਸਾਰ ਨਾਲ ਵੀ ਪਿਆਰ ਹੋਵੇਗਾ।

ਕਲਗੀਧਰ ਦੇ ਚਰਨ ਪਰਸਦਿਆਂ-ਪਰਸਦਿਆਂ ਭਾਈ ਘਨ੍ਹਈਆ ਇਕ ਦਾ ਰੂਪ ਹੋ ਗਏ। ਉਹ ਇਕ ਉਹਨਾਂ ਦੇ ਬਚਨਾਂ ਵਿਚੋਂ ਟਪਕਣ ਲੱਗ ਪਿਆ। ਉਹ ਇਕ ਉਹਨਾਂ ਦੇ ਰੋਮ-ਰੋਮ ਵਿਚੋਂ ਟਪਕਣ ਲੱਗ ਪਿਆ। ਉਹ ਇਕ ਜੀਵਨ ਦੀ ਹਰ ਕਿਰਿਆ ਵਿਚੋਂ ਬਾਹਰ ਪ੍ਰਦਰਸ਼ਿਤ ਹੋਣ ਲੱਗ ਪਿਆ। ਉਂਝ ਤਾਂ ਆਪ ਹਰ ਤਰ੍ਹਾਂ ਦੀ ਸੇਵਾ ਕਰਦੇ ਸਨ, ਪਰ ਇਕ ਅਦੁੱਤੀ ਸੇਵਾ ਆਪ ਨੇ ਜੰਗ ਦੇ ਦਿਨਾਂ ਵਿਚ ਲਈ। ਮੈਦਾਨੀ ਜੰਗ ਵਿਚ ਡਿੱਗੇ ਹੋਏ ਸਿਪਾਹੀ ਜੋ ਕਰਾਹ ਰਹੇ ਹੋਣ, ਆਪ ਉਹਨਾਂ ਦੇ ਮੂੰਹ ਵਿਚ ਪਾਣੀ ਪਾ ਦਿੰਦੇ ਸਨ। ਇਸ ਤਰ੍ਹਾਂ ਤੜਪਦੇ ਹੋਏ ਇਹ ਸਿਪਾਹੀ ਫਿਰ ਖੜੇ ਹੋ ਜਾਂਦੇ ਸਨ। ਆਪ ਨੂੰ ਸਭ ਇਕ ਦਾ ਰੂਪ ਦਿਖਾਈ ਦਿੰਦੇ ਸਨ। ਸਿੱਖ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਆਪ ਨੂੰ ਲੈ ਗਏ। ਕਿਹਾ ਮਹਾਰਾਜ ! ਜਿਨ੍ਹਾਂ ਨੂੰ ਮਾਰ ਮਾਰ ਕੇ ਅਸੀਂ ਮੈਦਾਨੇ ਜੰਗ ਵਿਚ ਡੇਗ ਦਿੰਦੇ ਹਾਂ, ਇਹ ਪਾਣੀ ਪਿਲਾਅ ਕੇ ਫਿਰ ਖੜਾ ਕਰ ਦਿੰਦਾ ਹੈ। ਕਲਗੀਧਰ ਕਹਿੰਦੇ ਹਨ - ਕਿਉਂ ਭਾਈ ਘਨ੍ਹਈਆ, ਕੀ ਇਹ ਠੀਕ ਹੈ ? ਪਾਤਿਸ਼ਾਹ ! ਮੈਨੂੰ ਤਾਂ ਪਤਾ ਨਹੀਂ, ਮੈਂ ਜਦੋਂ ਵੀ ਪਾਣੀ ਪਿਲਾਇਆ ਹੈ, ਆਪ ਨੂੰ ਹੀ ਪਾਣੀ ਪਿਲਾਇਆ ਹੈ। ਮੈਨੂੰ ਕੋਈ ਦੂਜਾ ਦਿਖਾਈ ਨਹੀਂ ਦਿੰਦਾ। ਸਤਿਗੁਰਾਂ ਨੇ ਮਲ੍ਹਮ ਦੀ ਡੱਬੀ ਜੇਬ ਵਿਚੋਂ ਕੱਢੀ ਅਤੇ ਭਾਈ ਘਨ੍ਹਈਏ ਨੂੰ ਕਿਹਾ—ਨਿਰਾ ਪਾਣੀ ਹੀ ਨਾ ਪਿਲਾਇਆ ਕਰ, ਮਲ੍ਹਮ ਪੱਟੀ ਵੀ ਕਰ ਦਿਆ ਕਰ।

ਇਸ ਤਰ੍ਹਾਂ ਅਦੁੱਤੀ ਖ਼ਾਲਸੇ ਦਾ ਸਿੱਖ ਜਗਤ ਵਿਚ ਜਨਮ ਹੋਇਆ। ਸਤਿਗੁਰੂ ਰਹਿਮਤ ਕਰਨ। ਭਾਈ ਘਨ੍ਹਈਏ ਵਾਲੀ ਸਮ-ਦ੍ਰਿਸ਼ਟੀ ਸਾਨੂੰ ਵੀ ਪ੍ਰਾਪਤ ਹੋਵੇ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਹਰਿ ਚਰਣ ਕਮਲ ਕੀ ਟੇਕ

ਸੂਹੀ ਮਹਲਾ ੫ ॥

*ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥*
*ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥*
*ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥*
*ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥*
*ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥*
*ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥*
*ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥*
*ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥*
*ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥*
*ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥*
*ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥*
*ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥ ੨ ॥*
*ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥*
*ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥*
*ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥*
*ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥*
*ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥*
*ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ ੩ ॥*
*ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥*
*ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥*
*ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥*

*ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥*
*ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ॥*
*ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥ ੪ ॥ ੨ ॥*

(ਅੰਗ ੭੭੭-੭੮)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਰੂਪ ਸਾਧ ਸੰਗਤ ਜੀਉ ! ਸੂਹੀ ਰਾਗ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਇਹ ਛੰਤ ਹੈ ਅਤੇ ਚਾਰ ਪਦਿਆਂ ਵਿਚ ਹੈ। ਪਦਾ ਪਹਿਰ ਨੂੰ ਕਹਿੰਦੇ ਹਨ। ਮੂਲ ਵਿਚਾਰਧਾਰਾ ਹੈ ਪ੍ਰਭੂ ਦੀ ਟੇਕ। ਅਜਿਹਾ ਦੇਖਿਆ ਗਿਆ ਹੈ ਕਿ ਮਨੁੱਖ ਜਦੋਂ ਹਰ ਜਗ੍ਹਾ ਤੋਂ ਨਿਆਸਰਾ ਹੁੰਦਾ ਹੈ ਤਾਂ ਫਿਰ ਪ੍ਰਮਾਤਮਾ ਦਾ ਆਸਰਾ ਫੜਦਾ ਹੈ, ਉਸ ਤੋਂ ਪਹਿਲਾਂ ਨਹੀਂ। ਜਿਵੇਂ ਰੋਗੀ ਹੋਵੇ, ਬੀਮਾਰ ਹੋਵੇ ਤਾਂ ਪਹਿਲਾਂ ਐਲੋਪੈਥਿਕ ਡਾਕਟਰਾਂ ਦੇ ਚੱਕਰਾਂ ਵਿਚ ਪਵਾਂਗੇ। ਕਿਤੇ ਅਸਾਧ ਰੋਗ ਹੈ, ਬੜਾ ਇਲਾਜ ਕਰਾਇਆ, ਨਹੀਂ ਠੀਕ ਹੋਇਆ। ਚਲੋ ਆਯੁਰਵੇਦ ਦੇਖ ਲੈਂਦੇ ਹਾਂ, ਹੋਮਿਓਪੈਥਿਕ ਦੇਖ ਲੈਂਦੇ ਹਾਂ। ਨਹੀਂ ਠੀਕ ਹੋਇਆ। ਜਦੋਂ ਸਾਰੀ ਜਗ੍ਹਾ ਤੋਂ ਮਨੁੱਖ ਨਿਆਸਰਾ ਹੋ ਗਿਆ, ਯੂਨਾਨੀ ਵੈਦ ਦੇਖ ਲਿਆ, ਆਯੁਰਵੇਦ ਦੇਖ ਲਿਆ, ਹੋਮਿਓਪੈਥੀ ਦੇਖ ਲਈ, ਐਲੋਪੈਥੀ ਦੇਖ ਲਈ। ਹਰ ਜਗ੍ਹਾ ਤੋਂ ਜਦੋਂ ਨਿਰਾਸ ਹੋਇਆ ਤਾਂ ਉਸ ਸਮੇਂ ਮਨੁੱਖ ਪ੍ਰਮਾਤਮਾ ਦਾ ਆਸਰਾ ਫੜਦਾ ਹੈ। ਪਰ ਮਹਾਰਾਜ ਦੀ ਬਾਣੀ ਅਜਿਹਾ ਕਹਿੰਦੀ ਹੈ ਕਿ ਜੋ ਸ਼ੁਰੂ ਸ਼ੁਰੂ ਵਿਚ ਹੀ ਪ੍ਰਮਾਤਮਾ ਦੀ ਟੇਕ ਫੜ ਲਵੇ, ਪ੍ਰਮਾਤਮਾ ਦਾ ਆਸਰਾ ਫੜ ਲਵੇ, ਉਹ ਜ਼ਿੰਦਗੀ ਵਿਚ ਬੇਆਸਰਾ ਨਹੀਂ ਹੁੰਦਾ। ਪੂਰਨ ਭਰੋਸੇ ਨਾਲ, ਪੂਰੀ ਇਕਾਗਰਤਾ ਦੇ ਨਾਲ ਟੇਕ ਫੜਨੀ ਕਠਿਨ ਹੈ। ਬੇਆਸਰਾ ਹੋਏ ਬਿਨਾਂ ਉਸ ਦਾ ਆਸਰਾ ਫੜਨਾ ਕਠਿਨ ਹੈ। ਇਸ ਪਾਵਨ ਪਵਿੱਤਰ ਵਾਕ ਵਿਚ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਕੁਝ ਅਜਿਹਾ ਹੀ ਬਿਆਨ ਕੀਤਾ ਹੈ। ਮਨੁੱਖ ਜੀਉਂਦਾ ਹੈ ਕਿ ਵੱਖ-ਵੱਖ ਆਸਰੇ ਬਣਾ ਸਕੇ। ਸਿਰਫ਼ ਇਕ ਪ੍ਰਮਾਤਮਾ ਨੂੰ ਆਸਰਾ ਉਦੋਂ ਬਣਾਉਂਦਾ ਹੈ ਜਦੋਂ ਬੇਆਸਰਾ ਹੋ ਜਾਏ। ਉਸ ਤੋਂ ਪਹਿਲਾਂ ਜੇਕਰ ਆਸਰਾ ਫੜਦਾ ਵੀ ਹੈ ਤਾਂ ਰੰਚਕ ਮਾਤਰ। ਪੂਰਨ ਆਸ ਦੀ ਡੋਰੀ ਪ੍ਰਮਾਤਮਾ ਦੇ ਨਾਲ ਨਹੀਂ ਜੋੜਦਾ।

ਇਹ ਪਾਵਨ ਪਵਿੱਤਰ ਵਾਕ ਪ੍ਰੇਰਨਾ ਦੇ ਰਿਹਾ ਹੈ ਕਿ ਆਸਰਾ ਤਾਂ ਉਹੀ ਪ੍ਰਮਾਤਮਾ ਹੈ ਅਤੇ ਉਹੀ ਅਨੇਕਾਂ ਰੂਪਾਂ ਵਿਚ ਮਨੁੱਖ ਦੇ ਕਾਰਜਾਂ ਨੂੰ ਸਵਾਰਦਾ ਹੈ। ਇਹ ਗੱਲ ਵੱਖਰੀ ਹੈ ਕਿ ਮਨੁੱਖ ਮਨੁੱਖ ਤੋਂ ਪ੍ਰਭਾਵਿਤ ਹੈ। ਮਨੁੱਖ ਨੂੰ ਆਸਰਾ ਬਣਾਉਂਦਾ ਹੈ, ਇਹ ਮਨੁੱਖ ਭਾਵੇਂ ਪਰਿਵਾਰਕ ਹਨ ਤੇ ਭਾਵੇਂ ਧਾਰਮਿਕ ਹਨ। ਕੋਈ ਮਨੁੱਖ ਚਾਹੀਦਾ ਹੈ। ਮਨੁੱਖ ਹੀ ਰੱਬ ਚਾਹੀਦਾ ਹੈ, ਮਨੁੱਖ ਹੀ ਗੁਰੂ ਚਾਹੀਦਾ ਹੈ, ਮਨੁੱਖ ਹੀ ਪਰਿਵਾਰ ਦੇ ਮੈਂਬਰ ਚਾਹੀਦੇ ਹਨ। ਇਹ ਮਨੁੱਖ ਤੋਂ ਉੱਚਾ ਨਹੀਂ ਉੱਠਦਾ। ਮਨੁੱਖ ਹੋ ਕੇ ਮਨੁੱਖ ਕੋਲੋਂ ਮੰਗ ਕਰਦਾ ਹੈ, ਜਦੋਂ ਕਿ

ਸਤਿਗੁਰੂ ਸਮਝਾਉਂਦੇ ਹਨ-

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥*
*ਦੇਵਨ ਕਉ ਏਕੈ ਭਗਵਾਨੁ॥*

(ਸੁਖਮਨੀ ਸਾਹਿਬ)

ਮਨੁੱਖ ਦਾ ਮਨੁੱਖ ਅੱਗੇ ਫ਼ਰਿਆਦ ਕਰਨਾ ਭਾਈ ਗੁਰਦਾਸ ਕਹਿੰਦੇ ਹਨ – ਇਹ ਬੰਦੇ ਦੀ ਬੰਦਗੀ ਕਰਨ ਲੱਗ ਪਿਆ ਹੈ। ਇਹ ਬੰਦੇ ਦਾ ਬੰਦਾ ਬਣ ਗਿਆ ਹੈ, ਜਦੋਂ ਕਿ ਇਸਨੂੰ ਗੁਰੂ ਦਾ ਬੰਦਾ ਬਣਨਾ ਚਾਹੀਦਾ ਹੈ। ਬੰਦੇ ਦਾ ਮਤਲਬ ਹੀ ਇਹ ਹੈ ਜੋ ਬੰਦਗੀ ਕਰਦਾ ਹੈ। ਜਦੋਂ ਦੇਖਦਾ ਹੈ ਮਨੁੱਖ ਕੋਲੋਂ ਕੁਝ ਨਹੀਂ ਬਣਿਆ ਤਾਂ ਚਾਹੇ ਇਹ ਮਨੁੱਖ ਪਰਿਵਾਰ ਦਾ ਮੈਂਬਰ ਸੀ, ਚਾਹੇ ਇਹ ਮਨੁੱਖ ਮਿੱਤਰ ਸੀ, ਚਾਹੇ ਇਹ ਮਨੁੱਖ ਕੋਈ ਸੰਤ ਸੀ, ਸਭ ਜਗ੍ਹਾ ਤੋਂ ਨਿਆਸਰਾ ਹੋ ਕੇ ਮਨੁੱਖ ਈਸ਼ਵਰ ਦਾ ਆਸਰਾ ਫੜਦਾ ਹੈ। ਭਰੋਸੇ ਨਾਲ ਆਸਰਾ ਫੜਨਾ ਔਖੀ ਗੱਲ ਹੈ। ਮੱਥਾ ਟੇਕ ਰਿਹਾ ਹੈ, ਬਾਣੀ ਪੜ੍ਹ ਰਿਹਾ ਹੈ, ਗੁਰਦੁਆਰੇ ਆ ਰਿਹਾ ਹੈ, ਪਰ ਅਜੇ ਜ਼ਿੰਦਗੀ ਦੇ ਸਹਾਰੇ ਇਸਨੇ ਹੋਰ ਬਣਾਏ ਹਨ। ਅਜੇ ਜੀਵਨ ਦੀ ਡੋਰ ਇਸਨੇ ਕਿਸੇ ਹੋਰ ਦੇ ਹੱਥ ਫੜਾਈ ਹੋਈ ਹੈ। ਅਜੇ ਇਸਨੇ ਆਪਣੀ ਡੋਰੀ ਪ੍ਰਮਾਤਮਾ ਦੇ ਹੱਥ ਨਹੀਂ ਫੜਾਈ।

ਜੀਵਨ ਵਿਚ ਕ੍ਰਾਂਤੀ ਹੋ ਜਾਂਦੀ ਹੈ ਜਦੋਂ ਮਨੁੱਖ ਡੋਰੀ ਰਾਮ ਨੂੰ ਫੜਾ ਦਿੰਦਾ ਹੈ। ਲੋਕੀਂ ਕੁੱਤਿਆਂ ਦੇ ਨਾਮ ਵੀ ਰੱਖਦੇ ਹਨ। ਉਸ ਜ਼ਮਾਨੇ ਵਿਚ ਲੋਕੀਂ ਬਹੁਤਾ ਨਾਮ ਮੋਤੀ ਰੱਖਦੇ ਸਨ। ਕਬੀਰ ਕਹਿੰਦੇ ਹਨ, ਹੇ ਪ੍ਰਭੂ ! ਮੈਂ ਤੇਰੇ ਦਰ ਦਾ ਕੁੱਤਾ ਅਤੇ ਮੋਤੀ ਮੇਰਾ ਨਾਮ ਹੈ। ਪ੍ਰਮਾਤਮਾ ਉੱਪਰ ਜਿਸ ਦਾ ਪੂਰਨ ਦ੍ਰਿੜ੍ਹ ਵਿਸ਼ਵਾਸ ਬਣ ਜਾਏ, ਸਮਝ ਲਉ ਉਹ ਬਹੁ ਸਾਗਰ ਤੋਂ ਪਾਰ ਹੋ ਗਿਆ ਹੈ। ਇਸ ਤਰ੍ਹਾਂ ਦੀ ਵੀਚਾਰ ਹੈ, ਆਪ ਲੜੀਵਾਰ ਸਰਵਨ ਕਰੋ :-

ਸੂਹੀ ਮਹਲਾ ੫ ॥

*ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥*

ਸਤਿਗੁਰੂ ਦੀ ਰਹਿਮਤ ਹੋਈ, ਸਤਿਗੁਰੂ ਦੀ ਪ੍ਰਸੰਨਤਾ ਮਿਲੀ ਤੇ ਉਸਨੇ ਦਾਮਨ ਫੜਾ ਦਿੱਤਾ ਪ੍ਰਮਾਤਮਾ ਨੂੰ। ਗੁਰੂ ਦੀ ਸੰਗਤ ਕਰਨ ਦਾ ਲਾਭ ਕੀ ਹੈ ? ਏਕਾ ਟੇਕ ਪ੍ਰਮਾਤਮਾ ਦੀ, ਭਰੋਸਾ ਪ੍ਰਮਾਤਮਾ ਦਾ । ਇਸ ਲਈ ਪ੍ਰਮਾਤਮਾ ਨੂੰ ਦਰ ਕਿਹਾ ਹੈ। ਗੁਰਦੁਆਰਾ ਦਰਵਾਜ਼ਾ ਹੈ। ਦਰਵਾਜ਼ਾ ਬੈਠਣ ਲਈ ਨਹੀਂ ਹੁੰਦਾ, ਦਰਵਾਜ਼ਾ ਸੌਣ ਲਈ ਵੀ ਨਹੀਂ ਹੁੰਦਾ, ਦਰਵਾਜ਼ਾ ਲੰਘਣ ਲਈ ਹੁੰਦਾ ਹੈ। ਦਰ ਤੋਂ ਲੰਘ ਜਾਉ ਅਤੇ ਘਰ ਵਿਚ ਪਹੁੰਚ ਜਾਉ। ਦਰ ਗੁਰੂ ਹੈ, ਘਰ ਪ੍ਰਮਾਤਮਾ ਹੈ। ਬਿਨਾਂ ਦਰ ਤੋਂ ਲੰਘੇ ਘਰ ਵਿਚ ਨਹੀਂ ਪਹੁੰਚਾਂਗੇ। ਬਿਨਾਂ ਸੁਰਤ ਸ਼ਬਦ ਨਾਲ ਜੋੜਿਆਂ ਪ੍ਰਮਾਤਮਾ ਤੱਕ ਨਹੀਂ ਪਹੁੰਚ ਸਕਦੇ। ਸੁਰਤ ਸ਼ਬਦ ਵਿਚ ਜੁੜ ਗਈ ਹੈ। ਦਰ ਤੱਕ ਪਹੁੰਚ ਗਿਆ ਹੈ, ਇਸ ਦੀ ਪਹਿਚਾਣ ਕੀ ਹੋਵੇਗੀ ? ਇਸ ਦਾ ਭਰੋਸਾ ਹੁਣ ਪ੍ਰਮਾਤਮਾ 'ਤੇ ਹੈ। ਇਸਨੇ ਆਪਣੀ ਡੋਰੀ ਪ੍ਰਮਾਤਮਾ ਨੂੰ ਫੜਾ ਦਿੱਤੀ ਹੈ। ਬਖ਼ਸ਼ਿਸ਼ ਕੀਤੀ ਹੈ ਗੁਰੂ ਨੇ,

ਉਸਨੇ ਜੀਵਨ ਦੀ ਡੋਰੀ ਪ੍ਰਮਾਤਮਾ ਨੂੰ ਫੜਾ ਦਿੱਤੀ ਹੈ। ਜਿਸ ਮਨੁੱਖ ਦੇ ਅੰਦਰ ਵੀ ਪ੍ਰਮਾਤਮਾ ਵੱਸ ਗਿਆ ਹੈ, ਉਸ ਦਾ ਆਸਰਾ ਫੜ ਲਿਆ ਹੈ ਅਤੇ ਹਰ ਜਗ੍ਹਾ ਤੋਂ ਆਪਣੇ ਆਪ ਨੂੰ ਬੇਆਸਰਾ ਕਰ ਲਿਆ ਹੈ ਤਾਂ ਇਹ ਬਹੁਤ ਵੱਡੀ ਬਖ਼ਸ਼ਿਸ਼ ਹੈ।

*ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥*

ਕਿਸ ਨੂੰ ਟੇਕ ਫੜਾਈ ? ਜਿਸ ਦੇ ਵੱਡੇ ਵੱਡੇ ਭੰਡਾਰੇ ਅੰਮ੍ਰਿਤ ਨਾਲ ਭਰੇ ਪਏ ਹਨ। ਜਿਸ ਦੇ ਭੰਡਾਰਿਆਂ ਵਿਚ ਸਭ ਕੁਝ ਹੈ। ਅਜਿਹਾ ਕੁਝ ਵੀ ਨਹੀਂ ਜੋ ਉਸ ਦੇ ਘਰ ਨਾ ਹੋਵੇ। ਸਭ ਕੁਝ ਦਾ ਕੋਈ ਦਾਨ ਨਹੀਂ ਕਰ ਸਕਦਾ। ਕਿਉਂਕਿ ਸਭ ਕੁਝ ਰਾਜੇ ਦੇ ਘਰ ਵਿਚ ਵੀ ਨਹੀਂ ਹੁੰਦਾ, ਧਨਵਾਨ ਦੇ ਘਰ ਵਿਚ ਵੀ ਨਹੀਂ ਹੁੰਦਾ। ਇਕ ਚੋਟੀ ਦੇ ਧਨਵਾਨ ਕੋਲੋਂ ਕੋਈ ਕਲਾ ਲੈਣੀ ਹੈ ਚਿੱਤਰਕਲਾ, ਮੂਰਤੀਕਲਾ, ਸੰਗੀਤਕਲਾ। ਕਲਾਕਾਰ ਬਣਨ ਲਈ ਕਿਸੇ ਕਲਾ ਨੂੰ ਸਿੱਖਣ ਲਈ ਸਮਾਂ ਕੱਢਣਾ ਪੈਂਦਾ ਹੈ। ਚੋਟੀ ਦਾ ਵਪਾਰੀ, ਚੋਟੀ ਦੇ ਧਨਾਢ ਮਨੁੱਖ ਕੋਲ ਸਮਾਂ ਨਹੀਂ ਹੁੰਦਾ। ਪ੍ਰਮਾਤਮਾ ਦੇ ਘਰ ਅੰਮ੍ਰਿਤ ਦੇ ਭੰਡਾਰੇ ਭਰੇ ਹੋਏ ਹਨ। ਅਜਿਹੀਆਂ ਵਸਤੂਆਂ ਜੋ ਮ੍ਰਿਤੂ ਤੋਂ ਰਹਿਤ ਕਰ ਦਿੰਦੀਆਂ ਹਨ। ਵੱਡਾ ਭੈਅ ਤਾਂ ਮੌਤ ਦਾ ਹੈ।

ਮੈਂ ਹਮੇਸ਼ਾ ਅਰਜ਼ ਕਰਦਾ ਹੁੰਦਾ ਹਾਂ ਕਿ ਮੌਤ ਇਕ ਤਰ੍ਹਾਂ ਦੀ ਨਹੀਂ। ਸਿਰਫ਼ ਸਰੀਰਕ ਮੌਤ ਨਹੀਂ ਹੁੰਦੀ, ਆਰਥਿਕ ਮੌਤ, ਸਮਾਜਿਕ ਮੌਤ, ਰਾਜਨੀਤਿਕ ਮੌਤ, ਰੂਹਾਨੀ ਮੌਤ। ਚੱਲਦੇ ਹੋਏ ਸੁਆਸ ਰੁੱਕ ਜਾਣ ਤਾਂ ਸਰੀਰਕ ਮੌਤ। ਆਉਂਦਾ ਹੋਇਆ ਧਨ ਰੁੱਕ ਜਾਏ ਤੇ ਜਿਹੜਾ ਕੋਲ ਹੈ ਸਾਰਾ ਚਲਾ ਜਾਏ ਤਾਂ ਆਰਥਿਕ ਮੌਤ। ਸਮਾਜਿਕ ਮੌਤ, ਕੋਈ ਕਲੰਕ ਲੱਗ ਗਿਆ ਹੈ ਤਾਂ ਬਰਾਦਰੀ ਦੇ ਵਿਚ ਬਣੀ ਹੋਈ ਪ੍ਰਤਿਸ਼ਠਾ ਖ਼ਤਮ ਹੋ ਗਈ। ਜਿਵੇਂ ਮੁਰਦੇ ਦਾ ਸਿਰ ਉੱਚਾ ਨਹੀਂ ਹੁੰਦਾ, ਇਸ ਦਾ ਸਮਾਜ ਵਿਚ ਸਿਰ ਉੱਚਾ ਨਹੀਂ ਹੁੰਦਾ। ਰਾਜਨੀਤਿਕ ਮੌਤ, ਪਬਲਿਕ ਨੇ ਸਮਰਥਨ ਵਾਪਿਸ ਲੈ ਲਿਆ, ਹੋਰ ਸਮਰਥਨ ਮਿਲਣਾ ਔਖਾ ਹੋ ਗਿਆ ਹੈ ਤਾਂ ਸਹਿਜੇ-ਸਹਿਜੇ ਰਾਜਨੀਤਿਕ ਮੌਤ ਹੋ ਜਾਂਦੀ ਹੈ। ਸਾਰੀ ਦੁਨੀਆਂ ਵਿਚ ਇਸ ਤਰ੍ਹਾਂ ਦੇ ਲੀਡਰ ਘੁੰਮ ਰਹੇ ਹਨ, ਜਿਹਨਾਂ ਦਾ ਕਿਸੇ ਸਮੇਂ ਦਬਦਬਾ ਸੀ। ਰੇਡੀਉ ਅਖ਼ਬਾਰ ਉੱਪਰ ਉਹੀ ਛਾਏ ਹੋਏ ਸਨ। ਟੀ.ਵੀ. 'ਤੇ ਇਹੀ ਛਾਏ ਹੋਏ ਸਨ। ਗੁਫ਼ਤਗੂ ਦਾ ਮਰਕਜ਼ ਇਹੀ ਬਣੇ ਹੋਏ ਸਨ। ਅੱਜ ਨਹੀਂ ਹੈ। ਅੱਜ ਕਿਸੇ ਗਲੀ ਵਿਚੋਂ ਲੰਘ ਜਾਣ ਤਾਂ ਪਤਾ ਹੀ ਨਹੀਂ ਚੱਲਦਾ ਜਿਵੇਂ ਗਊਸ਼ਾਲੇ ਦੀ ਲੋੜ ਨਹੀਂ। ਸਿਮਰਨ ਚੱਲੇ ਤਾਂ ਜ਼ਿੰਦਗੀ ਹੈ, ਨਾ ਚੱਲੇ ਤਾਂ ਮੌਤ ਹੈ।

*ਆਖਾ ਜੀਵਾ ਵਿਸਰੈ ਮਰਿ ਜਾਉ॥*

(ਰਹਰਾਸਿ ਸਾਹਿਬ)

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*

*ਸਭੁ ਹਰਾਮੁ ਜੇਤਾ ਕਿਛੁ ਖਾਇ॥*

(ਅੰਗ ੧੪੨)

ਪ੍ਰਭੂ ਨੂੰ ਭੁੱਲ ਜਾਣਾ ਹੀ ਮੌਤ ਹੈ। ਕਿਹੜੀ ਮੌਤ ? ਰੂਹਾਨੀ ਮੌਤ, ਅਧਿਆਤਮਕ ਮੌਤ। ਉਸਨੂੰ ਯਾਦ ਕਰਨਾ ਹੀ ਰੂਹਾਨੀ ਜ਼ਿੰਦਗੀ ਹੈ। ਇਹ ਸਾਰੀਆਂ ਜ਼ਿੰਦਗੀਆਂ ਜਿਸ ਦੇ ਕੋਲ ਹੋਣ, ਉਸ ਨੂੰ ਪੂਰਨ ਪੁਰਖ ਕਹਿੰਦੇ ਹਨ। ਇਸ ਦੇ ਕੋਲ ਸਰੀਰ ਵੀ ਹੈ ਤੇ ਜ਼ਿੰਦਗੀ ਵੀ ਹੈ। ਇਸ ਦੇ ਕੋਲ ਸਮਾਜਿਕ ਜ਼ਿੰਦਗੀ ਵੀ ਹੈ। ਇਸ ਕੋਲ ਰਾਜਨੀਤਿਕ ਜ਼ਿੰਦਗੀ ਵੀ ਹੈ। ਇਸ ਕੋਲ ਆਰਥਿਕ ਜ਼ਿੰਦਗੀ ਵੀ ਹੈ ਅਤੇ ਇਸ ਕੋਲ ਅਧਿਆਤਮਕ ਜ਼ਿੰਦਗੀ ਵੀ ਹੈ। ਇਹ ਸਾਰਾ ਜੀਵਨ ਹਰ ਇਕ ਕੋਲ ਨਹੀਂ ਹੁੰਦਾ। ਹਰ ਤਰ੍ਹਾਂ ਦੀ ਜ਼ਿੰਦਗੀ ਪ੍ਰਮਾਤਮਾ ਕੋਲ ਹੈ, ਇਸ ਦੇ ਨਾਲ ਜੁੜ ਗਈ ਹੈ, ਤੇ ਸਾਰੀ ਤਰ੍ਹਾਂ ਦੀ ਜ਼ਿੰਦਗੀ ਪ੍ਰਾਪਤ ਹੋ ਜਾਂਦੀ ਹੈ। ਹਰ ਤਰ੍ਹਾਂ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ।

ਇਸ ਤਰ੍ਹਾਂ ਦੇ ਇਤਿਹਾਸ ਵਿਚ ਕੁਝ ਮਨੁੱਖ ਆਉਂਦੇ ਹਨ। ਜਿਵੇਂ ਕਹਿ ਦੇਈਏ ਭਾਈ ਗੁਰਦਾਸ ਜੀ। ਕਹਿੰਦੇ ਹਨ-

*ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।*

(ਵਾਰ ੧੦, ਪਉੜੀ ੫)

ਕਿਹੜਾ ਜੀਵਨ ਉਹਦੇ ਕੋਲ ਨਹੀਂ ਹੈ। ਪ੍ਰਭੂ ਨਾਲ ਜੁੜ ਜਾਈਏ ਤਾਂ ਉਸ ਦੇ ਅੰਮ੍ਰਿਤ ਨਾਲ ਭਰੇ ਹੋਏ ਭੰਡਾਰ ਹਨ ਤੇ ਉਨ੍ਹਾਂ ਭੰਡਾਰਾਂ ਵਿਚ ਸਭ ਕੁਝ ਹੈ। ਉਸ ਵਿਚ ਹਰ ਤਰ੍ਹਾਂ ਦੀ ਜ਼ਿੰਦਗੀ ਹੈ।

*ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥*

ਅੰਮ੍ਰਿਤ ਨਾਲ ਭਰੇ ਹੋਏ ਕੁੰਡ ਉਸ ਦੇ ਘਰ ਵਿਚ ਹਨ। ਉਹ ਫਿਰ ਭਰ ਦਿੰਦਾ ਹੈ, ਜਿਹੜਾ ਉਸ ਦੇ ਨਾਲ ਜੁੜ ਜਾਂਦਾ ਹੈ। ਇਸ ਵਾਸਤੇ ਸਾਹਿਬ ਕਹਿੰਦੇ ਹਨ ਕਿ ਉਸ ਦੇ ਘਰ ਵਿਚ ਸਭ ਕੁਝ ਹੈ, ਹਰ ਤਰ੍ਹਾਂ ਦਾ ਜੀਵਨ ਹੈ। ਉਹ ਅੰਮ੍ਰਿਤ ਦਾ ਦਾਤਾ ਹੈ, ਕਿਉਂਕਿ ਅੰਮ੍ਰਿਤ ਦੇ ਇਸ ਕੋਲ ਭੰਡਾਰ ਹਨ।

*ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ॥*

ਉਹ ਮੇਰਾ ਬਾਬੁਲ, ਉਹ ਮੇਰਾ ਪਿਤਾ ਬਹੁਤ ਸਮਰੱਥ ਹੈ, ਸ਼ਕਤੀਸ਼ਾਲੀ ਹੈ, ਕੇਵਲ ਕਰਤਾ ਹੀ ਨਹੀਂ, ਕਾਰਨ ਵੀ ਹੈ। ਕਹਿੰਦੇ ਹਨ ਕ੍ਰਿਤ ਤੋਂ ਕਰਤੇ ਦੀ ਮਹਾਨਤਾ ਦਾ ਪਤਾ ਚੱਲਦਾ ਹੈ। ਤਸਵੀਰ ਮਹਾਨ ਹੈ ਤਾਂ ਮੁਸੱਵਰ ਵੀ ਮਹਾਨ ਹੈ। ਤਸਵੀਰ ਕੁਝ ਨਹੀਂ ਤਾਂ ਚਿੱਤਰਕਾਰ ਵੀ ਕੁਝ ਨਹੀਂ। ਸੰਗੀਤ ਦੀ ਧੁਨ ਮਹਾਨ ਹੈ, ਗਾਇਕ ਮਹਾਨ ਹੈ ਤਾਂ ਸੰਗੀਤਕਾਰ ਵੀ ਮਹਾਨ ਹੈ। ਗਾਇਕ ਕੁਝ ਵੀ ਨਹੀਂ, ਸੰਗੀਤ ਦਾ ਬੋਲ ਕੁਝ ਵੀ ਨਹੀਂ ਤ੍ਹਾਂ ਕ੍ਰਿਤ ਤੋਂ ਕਰਤੇ ਦਾ ਪਤਾ ਚਲਦਾ ਹੈ ਕਿ ਸੰਗੀਤਕਾਰ ਕੁਝ ਵੀ ਨਹੀਂ ਹੈ। ਕਵਿਤਾ ਤੋਂ ਪਤਾ ਚਲਦਾ ਹੈ ਕਵੀ

ਦਾ। ਕਲਾ ਤੋਂ ਕਲਾਕਾਰ ਦਾ ਪਤਾ ਚਲਦਾ ਹੈ। ਪ੍ਰਮਾਤਮਾ ਵੀ ਵੱਡਾ ਕਲਾਕਾਰ ਹੈ। ਉਸ ਕੋਲ ਕਿਹੜੀ ਕਲਾ ਹੈ ?

*ਤੂੰ ਸਰਬ ਕਲਾ ਕਾ ਗਿਆਤਾ॥*

ਉਹ ਹਰ ਕਲਾ ਦਾ ਗਿਆਨੀ ਹੈ। ਇਸ ਤਰ੍ਹਾਂ ਦੀ ਕੋਈ ਕਲਾ ਨਹੀਂ, ਜੋ ਮਨੁੱਖ ਦੇ ਕੋਲ ਹੈ ਤੇ ਪ੍ਰਮਾਤਮਾ ਦੇ ਕੋਲ ਨਾ ਆਈ ਹੋਵੇ। ਉਸ ਤੋਂ ਹੀ ਕਲਾ ਆਉਂਦੀ ਹੈ। ਇਹ ਸਾਰਾ ਬ੍ਰਹਿਮੰਡ ਉਸ ਦੀ ਕ੍ਰਿਤ ਹੈ। ਇਹ ਕ੍ਰਿਤ ਇੰਨੀ ਮਹਾਨ ਹੈ ਤਾਂ ਕਰਤਾ ਕਿੰਨਾ ਵੱਡਾ ਹੋਵੇਗਾ। ਉਹ ਕਰਤਾ ਕਿੰਨਾ ਮਹਾਨ ਹੋਵੇਗਾ। ਇਹ ਸਭ ਕੁਝ ਉਸ ਦੀ ਕ੍ਰਿਤ ਹੈ। ਇਹ ਸੂਰਜ, ਚੰਦ, ਤਾਰੇ, ਸਾਗਰ, ਜ਼ਮੀਨ, ਪਸ਼ੂ, ਪੰਛੀ, ਬਨਸਪਤੀ, ਅਨੇਕਾਂ ਗ੍ਰਹਿ, ਨਛੱਤਰ, ਤਾਰੇ ਉਸ ਦੀ ਕ੍ਰਿਤ ਹਨ। ਇਸ ਦੀ ਕ੍ਰਿਤ ਇੰਨੀ ਮਹਾਨ ਹੈ। ਕਬੀਰ ਇਸ ਨੂੰ ਕਹਿੰਦੇ ਹਨ ਕਿ ਇਹ ਸਭ ਕੁਝ ਉਸ ਦਾ ਚਿੱਤਰ ਹੈ, ਉਸ ਚਤੇਰੇ ਦਾ ਚਿੱਤਰ ਹੈ-

*ਚਚਾ ਰਚਿਤ ਚਿਤ੍ਰ ਹੈ ਭਾਰੀ॥*
*ਤਜਿ ਚਿਤ੍ਰੈ ਚੇਤਹੁ ਚਿਤਕਾਰੀ॥*
*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥*
*ਤਜਿ ਚਿਤ੍ਰੈ ਚਿਤੁ ਰਾਖੁ ਚਿਤੇਰਾ॥*

(ਅੰਗ ੩੪੦)

ਇਸ ਚਿੱਤਰ ਨੂੰ ਵੇਖ। ਇਸ ਚਿਤੇਰੇ ਨੂੰ ਯਾਦ ਕਰ। ਸਭ ਚਿੱਤਰ, ਤਸਵੀਰ ਉਸ ਪ੍ਰਮਾਤਮਾ ਦੀ ਬਣਾਈ ਹੋਈ ਹੈ। ਉਹ ਬਹੁਤ ਵੱਡਾ ਚਿਤੇਰਾ ਹੈ, ਬੜਾ ਵੱਡਾ ਕਲਾਕਾਰ ਹੈ। ਧੰਨ ਗੁਰੂ ਅਰਜਨ ਦੇਵ ਜੀ ਫੁਰਮਾਣ ਕਰਦੇ ਹਨ ਕਿ ਉਹ ਮੇਰਾ ਬਾਬੁਲ, ਉਹ ਮੇਰਾ ਪਿਤਾ ਬੜਾ ਸਮਰੱਥ ਹੈ। ਕਰਤਾ ਵੀ ਹੈ, ਕਾਰਨ ਵੀ ਹੈ। ਉਸ ਦੀ ਕ੍ਰਿਤ ਮਹਾਨ ਹੈ। ਉਸ ਦੀ ਮਹਾਨਤਾ ਉਸ ਦੀ ਕ੍ਰਿਤ ਵਿਚੋਂ ਪ੍ਰਗਟ ਹੋ ਰਹੀ ਹੈ।

*ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥*

ਜਿਸ ਦਾ ਸਿਮਰਨ ਕੀਤਿਆਂ, ਸਿਰਫ਼ ਯਾਦ ਕੀਤਿਆਂ ਹੀ ਕਿਸੇ ਦੁੱਖ ਦੀ ਪਹੁੰਚ ਨਹੀਂ ਹੁੰਦੀ। ਦੁੱਖ ਉਥੋਂ ਤੱਕ ਆ ਨਹੀਂ ਸਕਦਾ। ਨੰਦ ਲਾਲ ਦਾ ਬੋਲ ਹੈ ਕਿ ਦੁੱਖ ਕਦੀ ਇਕੱਲਾ ਨਹੀਂ ਆਉਂਦਾ। ਇਕ ਦੁੱਖ ਆਪਣੇ ਪਿੱਛੇ ਹੋਰ ਦੁੱਖ ਲੈ ਆਉਂਦਾ ਹੈ। ਸੁੱਖ ਕੋਈ ਮਿਲਿਆ ਤਾਂ ਇਕੱਲਾ ਹੀ ਹੈ। ਉਹ ਆਪਣੇ ਪਿਛੇ ਫ਼ੌਜ ਨਹੀਂ ਲਿਆਉਂਦਾ। ਕੋਈ ਨਿਰਧਨ ਇੰਨਾ ਲੋਭੀ ਨਹੀਂ ਹੁੰਦਾ ਜਿੰਨਾ ਧਨਵਾਨ ਲੋਭੀ ਹੁੰਦਾ ਹੈ। ਉਸ ਦੀਆਂ ਮਾਨਸਿਕ ਸਮੱਸਿਆਵਾਂ ਵੱਧ ਜਾਂਦੀਆਂ ਹਨ। ਮਨ ਦੀਆਂ ਸਮੱਸਿਆਵਾਂ ਕੀ ਹਨ ? ਵਾਸ਼ਨਾਵਾਂ। ਜਿਵੇਂ-ਜਿਵੇਂ ਸਰੀਰ ਬਿਰਧ ਹੁੰਦਾ ਹੈ, ਤਿਵੇਂ-ਤਿਵੇਂ ਵਾਸ਼ਨਾ ਬਲਵਾਨ ਹੁੰਦੀ ਹੈ। ਸਰੀਰ ਤਾਂ ਇਕ ਦਿਨ ਮਰ ਜਾਂਦਾ ਹੈ, ਵਾਸ਼ਨਾ ਨਹੀਂ ਮਰਦੀ। ਅਗਰ ਸਰੀਰ ਦੇ ਮਰਨ ਨਾਲ ਵਾਸ਼ਨਾ

ਮਰ ਗਈ ਤੇ ਫਿਰ ਮੁਕਤ ਹੋ ਗਏ, ਪ੍ਰਭੂ ਵਿਚ ਲੀਨ ਹੋ ਗਏ। ਸਰੀਰ ਦੀ ਮੌਤ ਵਾਸ਼ਨਾ ਦੀ ਮੌਤ ਨਹੀਂ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਇਕ ਵਾਕ ਆਉਂਦਾ ਹੈ। ਭਾਈ ਸਾਹਿਬ ਜੀ ਦੀ ਬਾਣੀ ਨੂੰ ਕੁੰਜੀ ਇਸ ਲਈ ਕਿਹਾ ਗਿਆ ਹੈ ਕਿਉਂਕਿ ਉਹ ਬਹੁਤ ਸਾਰੇ ਸ਼ਬਦਾਂ ਨੂੰ ਖੋਲ੍ਹਦੇ ਹਨ।

*ਸੰਤਨ ਹਥਿ ਰਾਖੀ ਕੂੰਜੀ॥*

(ਅੰਗ ੮੯੩)

ਤੋਂ ਵੀ ਇਹ ਮੁਰਾਦ ਹੈ ਕਿ ਰਹੱਸ ਅਤੇ ਰਮਜ਼ ਭਰੀਆਂ ਜੋ ਗੱਲਾਂ ਹਨ ਸਤਿਪੁਰਸ਼ਾਂ ਦੀਆਂ ਉਹ ਖੋਲ੍ਹਦੇ ਹਨ। ਆਸਾ ਦੀ ਵਾਰ ਦਾ ਸਲੋਕ ਹੈ-

*ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥*
*ਜੁਗਿ ਜੁਗਿ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥*
*ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥*
*ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥*

(ਅੰਗ ੪੭੦)

ਕਈ ਦਿਨਾਂ ਤੋਂ ਮੇਰੀ ਵਾਸ਼ਨਾ ਕਈ ਸਰੀਰਾਂ ਵਿਚ ਮੈਨੂੰ ਪਾਉਂਦੀ ਰਹੀ। ਕਿਉਂ ? ਸਰੀਰ ਮਰ ਜਾਂਦਾ ਹੈ। ਵਾਸ਼ਨਾ ਮਰਦੀ ਨਹੀਂ।

*ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ॥*

ਉਹ ਪ੍ਰਮਾਤਮਾ ਆਦਿ ਤੋਂ ਵੀ ਪਹਿਲਾਂ ਅਤੇ ਜੁੱਗਾਂ-ਜੁੱਗਾਂ ਤੋਂ ਆਪਣੇ ਭਗਤਾਂ ਦਾ ਰਾਖਾ ਹੈ, ਇਸ ਲਈ ਉਸਦੀ ਵਡਿਆਈ ਕਰਕੇ, ਉਪਮਾ ਕਰ ਕਰ ਕੇ ਜੀਉਣਾ ਚਾਹੀਦਾ ਹੈ।

*ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ॥੧॥*

ਹੇ ਨਾਨਕ ! ਉਸ ਦਾ ਨਾਮ ਮਿੱਠਾ ਹੈ, ਸਭ ਰੱਸਾਂ ਨਾਲੋਂ ਵੱਡਾ ਰੱਸ ਹੈ, ਮੈਂ ਤਾਂ ਹਰ ਵੇਲੇ ਉਹ ਨਾਮ ਰੱਸ ਆਪਣੇ ਮਨ ਦੇ ਰਾਹੀਂ, ਗਿਆਨ-ਇੰਦਰਿਆਂ ਦੀ ਰਾਹੀਂ ਪੀਂਦਾ ਰਹਿੰਦਾ ਹਾਂ।

*ਹਰਿ ਆਪੇ ਲਏ ਮਿਲਾਇ ਕਿਉ ਵਿਛੋੜਾ ਥੀਵਈ ਬਲਿ ਰਾਮ ਜੀਉ॥*

ਹੇ ਭਾਈ ! ਮੈਂ ਸੋਹਣੇ ਪ੍ਰਭੂ ਤੋਂ ਸਦਕੇ ਜਾਂਦਾ ਹਾਂ, ਜਿਸ ਮਨੁੱਖ ਨੂੰ ਉਹ ਆਪ ਹੀ ਆਪਣੇ ਚਰਨਾਂ ਨਾਲ ਜੋੜਦਾ ਹੈ। ਉਸ ਮਨੁੱਖ ਨੂੰ ਪ੍ਰਭੂ ਨਾਲੋਂ ਫਿਰ ਕਦੇ ਵਿਛੋੜਾ ਨਹੀਂ ਹੁੰਦਾ।

*ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥*

ਹੇ ਰਾਮ ! ਮੈਂ ਤੈਥੋਂ ਕੁਰਬਾਨ ਹਾਂ। ਜਿਸ ਮਨੁੱਖ ਨੂੰ ਤੇਰਾ ਸਹਾਰਾ ਮਿਲ ਜਾਂਦਾ ਹੈ, ਉਹ ਸਦਾ ਹੀ ਆਤਮਕ ਜੀਵਨ ਹਾਸਲ ਕਰੀ ਰੱਖਦਾ ਹੈ।

*ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ॥*

ਪਰ, ਹੇ ਸਦਾ ਕਾਇਮ ਰਹਿਣ ਵਾਲੇ ਅਤੇ ਸਭ ਦੇ ਪੈਦਾ ਕਰਨ ਵਾਲੇ ! ਤੇਰਾ ਆਸਰਾ ਮਿਲਦਾ ਵੀ ਤੇਰੇ ਹੀ ਪਾਸੋਂ ਹੈ। ਉਹ ਪ੍ਰਭੂ ਆਪਣੇ ਭਗਤਾਂ ਦਾ ਰਾਖਾ ਚਲਿਆ ਆ ਰਿਹਾ ਹੈ। ਉਸ ਦੀ ਸਿਫ਼ਤ-ਸਾਲਾਹ ਕਰ ਕਰ ਮੈਂ ਆਤਮਕ ਜੀਵਨ ਹਾਸਲ ਕਰ ਰਿਹਾ ਹਾਂ। ਮੈਂ ਅਜਿਹੇ ਪ੍ਰਮਾਤਮਾ ਤੋਂ ਸੱਦਕੇ ਜਾਂਦਾ ਹਾਂ। ਜਿਹੜਾ ਉਸ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਹ ਉਸ ਵਰਗਾ ਹੀ ਹੋ ਜਾਂਦਾ ਹੈ। ਇਹ ਕਥਾ, ਕੀਰਤਨ, ਸਿਮਰਨ, ਪਾਠ ਇਸੇ ਲਈ ਹੈ ਕਿ ਉਹ ਪ੍ਰਮਾਤਮਾ ਚੇਤੇ ਆਵੇ। ਚੇਤੇ ਉਹੀ ਆਉਂਦਾ ਹੈ ਜਿਸ ਨਾਲ ਪਿਆਰ ਹੈ। ਜਿਸ ਨਾਲ ਪਿਆਰ ਨਹੀਂ, ਉਹ ਸਾਨੂੰ ਕਦੀ ਵੀ ਚੇਤੇ ਨਹੀਂ ਆਉਂਦਾ।

*ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੁ ਹਮਾਰਾ॥*

ਅਜਿਹਾ ਮੇਰਾ ਪ੍ਰਮਾਤਮਾ ਹੈ ਉਸ ਤੋਂ ਖ਼ਾਲੀ ਕੋਈ ਨਹੀਂ। ਉਸ ਨੇ ਹਰ ਕਿਸੇ ਦੇ ਭਾਂਡੇ ਵਿਚ ਕੁਝ ਨਾ ਕੁਝ ਪਾਇਆ ਹੋਇਆ ਹੈ। ਜਿਸ ਦਾ ਜਿਸ ਤਰ੍ਹਾਂ ਦਾ ਭਾਂਡਾ ਸੀ, ਉਸ ਨੇ ਭਰ ਦਿੱਤਾ ਹੈ ਅਤੇ ਜਿਹੜੀ ਉਸ ਦੀ ਯੋਗਤਾ ਸੀ, ਉਸ ਦੇ ਮੁਤਾਬਿਕ ਉਸ ਵਿਚ ਵਸਤੂ ਪਾ ਦਿੱਤੀ ਹੈ।

*ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸੁ ਤੁਮ੍ਾਰੀ॥*

ਸੰਤ ਜਨਾਂ ਦੀ ਸੰਗਤ, ਗੁਰੂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਮੰਗਲ ਗਾਏ ਹਨ, ਗੀਤ ਗਾਏ ਹਨ। ਦਿਨ ਰਾਤ ਹੇ ਪ੍ਰਭੂ ! ਤੇਰਾ ਹੀ ਭਰੋਸਾ ਹੈ, ਤੇਰੀ ਹੀ ਟੇਕ ਹੈ।

*ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥ ੨॥*

ਪੂਰਨ ਗੁਰਦੇਵ ਦਾ ਸਦਕਾ ਸਫਲਤਾ ਪ੍ਰਾਪਤ ਹੋ ਗਈ। ਪ੍ਰਮਾਤਮਾ ਦੇ ਦਰਸ਼ਨ ਹੋ ਗਏ।

*ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ*
*ਸਚੁ ਪਾਇਆ ਬਲਿ ਰਾਮ ਜੀਉ॥*

ਆਪਣਾ ਅਸਥਾਨ ਹੁਣ ਮੱਲ ਲਿਆ। ਜਦੋਂ ਕੋਈ ਕਹਿੰਦਾ ਹੈ ਕਿ ਮਨ ਟਿੱਕਦਾ ਨਹੀਂ। ਪ੍ਰਦੇਸ ਵਿਚ ਕਿਵੇਂ ਟਿੱਕੇ ? ਘਰ ਵਿਚ ਆਵੇ ਤਾਂ ਟਿੱਕੇ। ਜਿਸ ਦਿਨ ਨਾਮ ਨਾਲ ਟਿੱਕਿਆ ਫਿਰ ਟਿੱਕ ਹੀ ਜਾਏਗਾ, ਕਦੀ ਉਖੜੇਗਾ ਨਹੀਂ। ਆਪਣਾ ਜਿਹੜਾ ਅਸਥਾਨ ਹੈ ਉਸਨੂੰ ਅਸੀਂ ਪ੍ਰਾਪਤ ਕਰ ਲਿਆ ਅਤੇ ਹਰ ਤਰ੍ਹਾਂ ਦੀ ਮਾਨ ਵਡਿਆਈ ਪ੍ਰਾਪਤ ਕਰ ਲਈ।

*ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ॥*

ਸਤਿਗੁਰੂ ਦੀ ਰਹਿਮਤ ਦਾ ਸਦਕਾ, ਸਤਿਗੁਰੂ ਦੇ ਮਿਲਾਪ ਦਾ ਸਦਕਾ ਜੋ ਨਾਸ਼ ਤੋਂ ਰਹਿਤ ਪ੍ਰਮਾਤਮਾ ਹੈ, ਉਸ ਦੇ ਗੁਣ ਗਾ ਗਾ ਕੇ ਅਸੀਂ ਵੀ ਮੌਤ ਦੇ ਭੈਅ ਤੋਂ ਬੱਚ ਗਏ। ਅਸੀਂ ਵੀ ਅਬਿਨਾਸੀ ਜੀਵਨ ਨੂੰ ਪ੍ਰਾਪਤ ਕਰ ਲਿਆ।

*ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ॥*

ਰੋਜ਼ ਰੋਜ਼ ਉਸ ਗੋਬਿੰਦ ਦੇ ਗੁਣਾਂ ਨੂੰ ਗਾਉ ਜੋ ਪ੍ਰਾਣਾਂ ਦਾ ਮਾਲਕ ਹੈ, ਆਤਮਾ ਦਾ ਮਾਲਕ ਹੈ, ਸਰੀਰ ਦਾ ਮਾਲਕ ਹੈ।

*ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ॥*

ਦਿਨ ਚੰਗੇ ਆ ਗਏ ਹਨ। ਪ੍ਰਮਾਤਮਾ ਨੇ ਆਪਣੇ ਕੰਠ ਨਾਲ ਲਾ ਲਿਆ ਹੈ। ਮਨ ਆਪਣੇ ਘਰ ਵਿਚ ਟਿੱਕ ਗਿਆ ਹੈ। ਪਰਮ ਆਨੰਦ ਦੀ ਪ੍ਰਾਪਤੀ ਹੋ ਗਈ ਹੈ।

*ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ॥*

ਸਤਿ ਅਤੇ ਸੰਤੋਖ ਦਾ ਸਦਕਾ, ਸਤਿ ਜਦੋਂ ਸੰਤੋਖ ਨਾਲ ਜੁੜਿਆ ਹੋਵੇ ਤੇ ਸਤਿ ਦੇ ਅਰਥ ਹਨ ਉੱਚਾ ਆਚਰਣ, ਪਰਉਪਕਾਰੀ ਬਿਰਤੀ ਅਤੇ ਦਾਨ ਜਦੋਂ ਸੰਤੋਖ ਨਾਲ ਜੁੜਿਆ ਹੋਵੇ। ਇਕੱਲਾ ਜਦੋਂ ਸੰਤੋਖ ਹੋਵੇ ਜਾਂ ਇਕੱਲਾ ਸਤਿ ਹੋਵੇ ਫਿਰ ਉਸਦੇ ਅਰਥ ਅਲੱਗ-ਅਲੱਗ ਹੋ ਜਾਂਦੇ ਹਨ। ਪਰਉਪਕਾਰੀ ਬਿਰਤੀ ਵਾਲਾ ਦਾਨੀ ਕੌਣ ਹੋਵੇਗਾ, ਜਿਹੜਾ ਸੰਤੋਖੀ ਹੋਵੇਗਾ। ਸੰਤੋਖੀ ਦੇ ਕੇ ਖ਼ੁਸ਼ ਹੁੰਦਾ ਹੈ, ਸ਼ੂਮ ਲੈ ਕੇ ਖ਼ੁਸ਼ ਹੁੰਦਾ ਹੈ। ਜਿਹੜਾ ਪਰੀਪੂਰਨ ਪ੍ਰਮਾਤਮਾ ਹੈ ਉਸ ਦੇ ਗੀਤ ਗਾ ਗਾ ਕੇ ਮਹਾਨ ਦਾਨ ਦੀ ਪ੍ਰਾਪਤੀ ਕੀਤੀ ਹੈ। ਮਹਾਨ ਸ਼ੋਭਾ ਦੀ ਪ੍ਰਾਪਤੀ ਕੀਤੀ ਹੈ। ਸਭ ਕੁਝ ਉਸ ਪ੍ਰਭੂ ਨੇ ਝੋਲੀ ਵਿਚ ਪਾ ਦਿੱਤਾ ਹੈ।

*ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ॥੩॥*

ਹਰ ਤਰ੍ਹਾਂ ਦਾ ਭੈਅ ਨਾਸ਼ ਹੋ ਗਿਆ ਹੈ। ਉਹ ਕਰਨ ਕਾਰਨ ਸਮਰੱਥ ਜੋ ਪ੍ਰਮਾਤਮਾ ਹੈ, ਉਸਨੇ ਸਾਰੇ ਭੈਅ ਮਿਟਾਅ ਦਿੱਤੇ ਹਨ ਅਤੇ ਅੰਦਰ ਅਨਾਹਦ ਦੀਆਂ ਧੁਨੀਆਂ ਵੱਜਣ ਲੱਗ ਪਈਆਂ ਹਨ।

*ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ॥*

ਅਜਿਹੇ ਤੱਤ ਗਿਆਨ ਦੀ ਪ੍ਰਾਪਤੀ ਹੋ ਗਈ ਹੈ, ਲੋਕ-ਪਰਲੋਕ ਦੋਵੇਂ ਸੁਹੇਲੇ ਹੋ ਗਏ ਹਨ। ਤਨ ਅਤੇ ਮਨ ਦੋਵੇਂ ਆਨੰਦਿਤ ਹੋ ਗਏ ਹਨ।

*ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ॥*

ਉਸ ਬ੍ਰਹਮ ਦੀ ਜਿਹੜੀ ਅੰਸ਼ ਸੀ, ਇਹ ਜੋ ਰਾਮ ਦੀ ਅੰਸ਼ ਸੀ, ਰਾਮ ਵਿਚ ਸਮਾਅ ਗਈ। ਇਹ ਜੋ ਬ੍ਰਹਮ ਦੀ ਅੰਸ਼ ਸੀ, ਬ੍ਰਹਮ ਵਿਚ ਲੀਨ ਹੋ ਗਈ। ਬ੍ਰਹਮ ਆਨੰਦ ਦਾ ਸਾਗਰ ਹੈ, ਬ੍ਰਹਮ ਸੁੱਖਾਂ ਦਾ ਸਾਗਰ ਹੈ, ਬ੍ਰਹਮ ਗੁਣਾਂ ਦਾ ਸਾਗਰ ਹੈ। ਉਸਨੇ ਸਾਨੂੰ ਵੀ ਗੁਣਾਂ ਦਾ

ਸਾਗਰ ਬਣਾ ਦਿੱਤਾ। ਇਸ ਤਰ੍ਹਾਂ ਅਸੀਂ ਬ੍ਰਹਮ ਵਿਚ ਲੀਨ ਹੋ ਕੇ ਬ੍ਰਹਮ ਹੋ ਗਏ।

*ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ॥*

ਹੁਣ ਹਰ ਸਮੇਂ ਅਸਚਰਜਤਾ ਬਣੀ ਰਹਿੰਦੀ ਹੈ। ਦੇਖਦੇ ਹਾਂ ਤਾਂ ਬਿਸਮਾਦ ਨਾਲ ਭਰ ਜਾਂਦੇ ਹਾਂ, ਸੁਣਦੇ ਹਾਂ ਤਾਂ ਬਿਸਮਾਦ ਨਾਲ ਭਰ ਜਾਂਦੇ ਹਾਂ। ਬਿਸਮਾਦ ਕਦੋਂ ਹੁੰਦਾ ਹੈ ? ਦੇਖੀਏ, ਦੇਖੀਏ, ਪੂਰਾ ਦੇਖ ਨਾ ਸਕੀਏ ਤਾਂ ਬਿਸਮਾਦ ਹੁੰਦਾ ਹੈ। ਪੂਰਾ ਸੁਣ ਨਾ ਸਕੀਏ ਤਾਂ ਬਿਸਮਾਦ ਹੁੰਦਾ ਹੈ।

*ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥*

ਜੋ ਜਲ ਵਿਚ, ਥਲ ਵਿਚ, ਸਭ ਜਗ੍ਹਾ ਰਮਿਆ ਹੋਇਆ ਹੈ, ਉਸਨੂੰ ਦੇਖ ਦੇਖ ਕੇ ਬਿਸਮਾਦ ਹੋ ਰਿਹਾ ਹਾਂ। ਉਸਨੂੰ ਸੁਣ ਸੁਣ ਕੇ ਬਿਸਮਾਦ ਹੋ ਰਿਹਾ ਹਾਂ। ਸਾਰੀਆਂ ਥਾਵਾਂ 'ਤੇ ਉਹੀ ਸਮਾਇਆ ਹੋਇਆ ਹੈ।

*ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣ ਨ ਜਾਏ॥*

ਜਿਸ ਤੋਂ ਉੱਤਪਤੀ ਹੋਈ ਸੀ, ਉਥੇ ਹੀ ਸਮਾਅ ਗਏ। ਜਦੋਂ ਤੱਕ ਮਨੁੱਖ ਉਥੇ ਸਮਾਏ ਨਾ, ਭਟਕਣਾ ਬਣੀ ਰਹਿੰਦੀ ਹੈ। ਦਰਿਆ ਵੱਗ ਰਹੇ ਹਨ, ਝਰਨੇ ਵੱਗ ਰਹੇ ਹਨ, ਇਹਨਾਂ ਦੀ ਉੱਤਪਤੀ ਕਿਥੋਂ ਹੋਈ ? ਸਾਗਰ ਵਿਚੋਂ ਬੱਦਲ ਉਮੜੇ ਹਨ। ਉਹ ਫਿਰ ਪਹਾੜਾਂ 'ਤੇ ਬਰਸੇ, ਉਹ ਫਿਰ ਜੰਮ ਕੇ ਬਰਫ਼ ਹੋਏ। ਫਿਰ ਧੁੱਪ ਦੀ ਤਪਸ਼ ਨਾਲ ਬਰਫ਼ ਪਿਘਲੀ ਹੈ। ਉਹ ਝਰਨਿਆਂ ਦਾ ਰੂਪ ਧਾਰਨ ਕਰਕੇ ਚੱਲ ਪਏ ਹਨ। ਕਿਹੜੇ ਪਾਸੇ ਚੱਲ ਪਏ ਹਨ ? ਜਿਥੋਂ ਉੱਤਪਤੀ ਹੋਈ ਹੈ, ਉਸ ਪਾਸੇ ਚੱਲ ਪਏ ਹਨ। ਇਕੱਲਾ ਝਰਨਾ ਸਾਗਰ ਤੱਕ ਪਹੁੰਚ ਨਹੀਂ ਸਕਦਾ। ਇਕ ਝਰਨਾ ਦੂਜੇ-ਤੀਜੇ-ਚੌਥੇ ਝਰਨੇ ਦਾ ਆਸਰਾ ਲਵੇਗਾ ਤਾਂ ਪਹੁੰਚੇਗਾ। ਸੰਗਤ ਦੀ ਤਾਂ ਹੀ ਮਹਿਮਾ ਹੈ। ਜੇਕਰ ਕੋਈ ਮਨੁੱਖ ਪ੍ਰਮਾਤਮਾ ਤੱਕ ਨਹੀਂ ਪਹੁੰਚ ਸਕਿਆ, ਜਾਂ ਤਾਂ ਦੁੱਖਾਂ ਨੇ ਉਸਨੂੰ ਸੁਕਾ ਦਿੱਤਾ ਹੈ ਜਾਂ ਪਦਾਰਥਾਂ ਨੇ ਉਸਨੂੰ ਡੋਬ ਦਿੱਤਾ ਹੈ। ਮਾਰੂਥਲ ਝਰਨੇ ਨੂੰ ਜਜ਼ਬ ਕਰ ਲੈਂਦਾ ਹੈ ਅਤੇ ਸੂਰਜ ਦੀਆਂ ਕਿਰਨਾਂ ਸੁਕਾਅ ਦਿੰਦੀਆਂ ਹਨ। ਇਕ ਝਰਨਾ ਜੇ ਬਾਕੀ ਝਰਨਿਆਂ ਦਾ ਸਹਾਰਾ ਲਵੇ, ਸਤਿਸੰਗ ਦਾ ਸਹਾਰਾ ਲਵੇ ਤਾਂ ਸਾਗਰ ਤੱਕ ਪਹੁੰਚ ਜਾਏਗਾ ਅਤੇ ਸਾਰੇ ਦੁੱਖਾਂ ਦਾ ਅੰਤ ਹੋ ਜਾਏਗਾ। ਮਹਾਰਾਜ ਕਹਿੰਦੇ ਹਨ ਕਿ ਜਿੱਥੋਂ ਉੱਤਪਤੀ ਹੋਈ ਸੀ, ਉਸ ਵਿਚ ਹੀ ਜਾ ਕੇ ਸਮਾਏ।

*ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥੪॥੨॥*

ਜਿਸ ਦੇ ਕੌਤਕ ਲਖੇ ਨਹੀਂ ਜਾ ਸਕਦੇ ਭਾਵ ਗਿਣੇ ਨਹੀਂ ਜਾ ਸਕਦੇ ਤਾਂ ਮਹਾਰਾਜ ਕਹਿੰਦੇ ਹਨ ਕਿ ਮੈਂ ਉਸ ਵਿਚ ਧਿਆਨ ਜੋੜਦਾ ਹਾਂ।

ਛੰਦਾਂ ਦਾ ਸਾਰ ਅੰਸ਼ ਮੈਂ ਆਪ ਜੀ ਦੇ ਸਾਹਮਣੇ ਰੱਖਿਆ ਹੈ।

*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥*

*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥*

(ਅੰਗ ੬੧੩)

ਸਤਿਗੁਰੂ ਮਿਹਰ ਕਰਨ। ਸਤਿਗੁਰੂ ਰਹਿਮਤ ਕਰਨ। ਸਾਨੂੰ ਵੀ ਪ੍ਰਮਾਤਮਾ ਤੱਕ ਪਹੁੰਚਣ ਦੀ ਜਾਚ ਆ ਜਾਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

***

# ਮਨ ਮਾਰੇ ਬਿਨੁ ਭਗਤਿ ਨ ਹੋਈ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮਨ ਪ੍ਰਤੀ ਜੋ ਵਿਚਾਰਾਂ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਹਨ, ਉਹ ਤੁਹਾਡੇ ਸਮਖਸ਼ ਭੇਟ ਕਰਾਂ।

*ਮਨ ਅੰਤਰਿ ਬੋਲੈ ਸਭੁ ਕੋਈ॥*
*ਮਨ ਮਾਰੇ ਬਿਨੁ ਭਗਤਿ ਨ ਹੋਈ॥*

(ਅੰਗ ੩੨੯)

ਅਸੀਂ ਸਾਰੇ ਜੀਵ ਸਰੀਰ ਦੀ ਅਸਲੀ ਜ਼ਿੰਦਗੀ ਲੋੜਦੇ ਹਾਂ। ਜੀਵਨ ਚਾਹੀਦਾ ਹੈ, ਕਿਉਂਕਿ ਜੀਵਨ ਆਪਣੇ ਆਪ ਵਿਚ ਇਕ ਰੱਸ ਹੈ ਅਤੇ ਜੀਵਨ ਵਿਚ ਆਸ਼ਾਵਾਦੀ ਹੋਣਾ ਬੜਾ ਲਾਜ਼ਮੀ ਹੈ। ਪਰ ਸਰੀਰ ਦੀ ਜ਼ਿੰਦਗੀ ਖੜੀ ਹੈ ਸੁਆਸਾਂ ਦੀ ਗਤੀ 'ਤੇ। ਸੁਆਸ ਚੱਲਦੇ ਰਹਿਣ ਤਾਂ ਸਰੀਰ ਜ਼ਿੰਦਾ ਹੈ। ਮਨ ਦੀ ਜ਼ਿੰਦਗੀ ਖੜੀ ਹੈ ਫੁਰਨਿਆਂ 'ਤੇ। ਫੁਰਨੇ ਚੱਲਦੇ ਰਹਿਣ ਤਾਂ ਮਨ ਜ਼ਿੰਦਾ ਹੈ। ਸੁਆਸ ਚੱਲਦੇ ਰਹਿਣ ਤਾਂ ਸਰੀਰ ਜ਼ਿੰਦਾ ਹੈ। ਸੁਆਸਾਂ ਦੇ ਰੁੱਕ ਜਾਣ ਨਾਲ ਸਰੀਰ ਦਾ ਅੰਤ ਹੈ। ਫੁਰਨਿਆਂ ਦੇ ਰੁੱਕ ਜਾਣ ਨਾਲ ਮਨ ਦਾ ਅੰਤ ਹੈ। ਸਰੀਰ ਦੇ ਤੱਲ 'ਤੇ ਅਸੀਂ ਆਤਮ-ਹੱਤਿਆ ਵੀ ਕਰ ਸਕਦੇ ਹਾਂ। ਲੋਕੀਂ ਖ਼ੁਦਖਸ਼ੀ ਵੀ ਕਰ ਲੈਂਦੇ ਹਨ। ਆਪਣੇ ਸੁਆਸਾਂ ਦੀ ਡੋਰੀ ਨੂੰ ਰੋਕ ਲੈਂਦੇ ਹਨ। ਕੋਈ ਮਾੜੀ ਵਸਤੂ ਲੈ ਕੇ ਬੰਦਾ ਬੇਹੋਸ਼ ਹੋ ਜਾਂਦਾ ਹੈ। ਪ੍ਰਾਣਾਯਾਮ ਕਰਕੇ ਸੁਆਸਾਂ ਦੀ ਗਤੀ ਨੂੰ ਕਈ ਮੱਧਮ ਵੀ ਕਰ ਲੈਂਦੇ ਹਨ।

ਯੋਗ ਦੀਆਂ ਅਜਿਹੀਆਂ ਪ੍ਰਕਿਰਿਆਵਾਂ ਹਨ, ਜਿਸ ਦੇ ਨਾਲ ਸੁਆਸਾਂ ਦੀ ਗਤੀ ਮੱਧਮ ਕੀਤੀ ਜਾ ਸਕਦੀ ਹੈ। ਪਰ ਅਜਿਹੀ ਵੀ ਸਾਧਨਾ ਹੈ ਜਿਸ ਦੇ ਨਾਲ ਸੁਆਸ ਰੋਕੇ ਜਾ ਸਕਦੇ ਹਨ। ਜੇ ਸੁਆਸ ਰੁੱਕ ਜਾਣ ਤਾਂ ਮਨੁੱਖ ਦੀ ਹਾਲਤ ਉਸ ਮੁਰਦੇ ਦੀ ਤਰ੍ਹਾਂ ਹੋ ਜਾਂਦੀ ਹੈ ਜਿਸਦੇ ਵਿਚ ਸੁਆਸਾਂ ਦੀ ਡੋਰੀ ਟੁੱਟ ਗਈ ਹੈ। ਸੁਆਸਾਂ ਨੂੰ ਰੋਕ ਲੈਣਾ ਅਤੇ ਸੁਆਸਾਂ ਦੀ ਗਤੀ ਦਾ ਛੀਨ ਹੋ ਜਾਣਾ ਇਹ ਤਾਂ ਹਮੇਸ਼ਾ ਹੁੰਦਾ ਰਹਿੰਦਾ ਹੈ, ਪਰ ਫੁਰਨਿਆਂ ਨੂੰ ਕੋਈ ਰੋਕ ਲਏ ਅਤੇ ਫੁਰਨਿਆਂ ਦੇ ਰੁੱਕਣ ਨਾਲ ਮਨ ਦਾ ਅੰਤ ਹੋ ਜਾਏ, ਅਜਿਹਾ ਕਦੀ ਕਦਾਈਂ

ਜ਼ਿੰਦਗੀ ਵਿਚ ਹੁੰਦਾ ਹੈ। ਅਸੀਂ ਰੋਜ਼ ਮੁਰਦੇ ਉੱਠਦੇ ਦੇਖਦੇ ਹਾਂ, ਜਿਨ੍ਹਾਂ ਦੇ ਚੱਲਦੇ ਹੋਏ ਸੁਆਸ ਰੁੱਕ ਗਏ ਅਤੇ ਇਸ ਤਰ੍ਹਾਂ ਦੇ ਮੁਰਦੇ ਅਸੀਂ ਮਸਾਣ ਘਾਟ ਵਿਚ ਦੇਖ ਸਕਦੇ ਹਾਂ, ਕਬਰਸਤਾਨ ਵਿਚ ਦੇਖ ਸਕਦੇ ਹਾਂ, ਜਿਨ੍ਹਾਂ ਦੇ ਚੱਲਦੇ ਹੋਏ ਸੁਆਸ ਰੁੱਕ ਗਏ। ਪਰ ਜਿਨ੍ਹਾਂ ਦੇ ਚੱਲਦੇ ਹੋਏ ਫੁਰਨੇ ਰੁੱਕ ਗਏ ਹੋਣ ਅਤੇ ਮਨ ਦੀ ਮੌਤ ਹੋ ਗਈ ਹੋਵੇ, ਅਜਿਹੇ ਜੀਵਨ ਮੁਕਤ ਪੁਰਸ਼ਾਂ ਦੇ ਦਰਸ਼ਨ ਨਹੀਂ ਹੁੰਦੇ। ਜੋ ਅੰਦਰੋਂ ਮਰ ਗਿਆ ਤੇ ਬਾਹਰੋਂ ਜ਼ਿੰਦਾ ਹੈ, ਉਸਨੂੰ ਜੀਵਨ ਮੁਕਤ ਕਹਿੰਦੇ ਹਨ। ਜੋ ਬਾਹਰੋਂ ਜ਼ਿੰਦਾ ਹੈ ਅਤੇ ਜਿਸ ਕੋਲ ਅੰਦਰ ਦੀ ਲੰਮੀ ਜ਼ਿੰਦਗੀ ਵੀ ਪ੍ਰਬਲ ਰੂਪ ਵਿਚ ਮੌਜੂਦ ਹੈ, ਅਜਿਹੇ ਮਨੁੱਖ ਨੂੰ ਅਸੀਂ ਕਹਿ ਸਕਦੇ ਹਾਂ ਕਿ ਬਾਹਰੋਂ ਬਿਲਕੁਲ ਮੁਰਦਾ ਹੈ ਅਤੇ ਮੁਰਦੇ ਦੀ ਤਰ੍ਹਾਂ ਜੀਅ ਰਿਹਾ ਹੈ। ਮੁਰਦੇ ਦੇ ਵਿਚ ਜਿਵੇਂ ਬਦਬੂ ਖੜੀ ਹੋ ਜਾਂਦੀ ਹੈ, ਇਸ ਤਰ੍ਹਾਂ ਮਨੁੱਖ ਦੇ ਅੰਦਰ ਵੀ ਬਦਬੂ ਖੜੀ ਹੋ ਜਾਂਦੀ ਹੈ।

ਧਰਮ ਦੀ ਸਾਰੀ ਸਾਧਨਾ ਖੜੀ ਹੈ ਮਨ ਨੂੰ ਮਾਰਨ 'ਤੇ। ਸੰਸਾਰ ਦੀ ਸਾਰੀ ਭੱਜ ਦੌੜ ਖੜੀ ਹੈ ਸਰੀਰ ਨੂੰ ਜ਼ਿੰਦਾ ਰੱਖਣ ਵਿਚ। ਧਨ ਇਸ ਲਈ ਕਮਾਉਣਾ ਹੈ, ਰੋਜ਼ੀ ਇਸ ਲਈ ਕਮਾਉਣੀ ਹੈ ਕਿ ਸਰੀਰ ਜ਼ਿੰਦਾ ਰਹੇ ਅਤੇ ਗੁਰਦੁਆਰੇ ਮੰਦਿਰ ਇਸ ਲਈ ਜਾਣਾ ਹੈ, ਭਗਤੀ ਇਸ ਲਈ ਕਰਨੀ ਹੈ ਕਿ ਮਨ ਦੀ ਮੌਤ ਹੋ ਜਾਏ। ਇਕ ਦਾ ਜੀਵਨ ਲੋੜਨਾ ਹੈ ਤੇ ਇਕ ਦੀ ਮੌਤ ਲੋੜਨੀ ਹੈ। ਇਕ ਦੀ ਜ਼ਿੰਦਗੀ ਲੱਭਣੀ ਹੈ ਤੇ ਇਕ ਦੀ ਮੌਤ ਲੱਭਣੀ ਹੈ।

ਮਨ ਨੂੰ ਕਿਵੇਂ ਮਾਰਿਆ ਜਾਏ ? ਵੱਖ-ਵੱਖ ਸਾਧਨਾ ਸੰਸਾਰ ਵਿਚ ਪ੍ਰਚਲਿਤ ਹੈ। ਇਕ ਸਾਧਨਾ ਗੁਰੂ ਘਰ ਵਿਚ ਹੀ ਹੈ—ਸ਼ਬਦ ਦੇ ਵਿਚ ਧਿਆਨ ਜੋੜਨਾ। ਸ਼ਬਦ ਦੀ ਗੁੰਜਾਰ ਪਾ ਕੇ, ਵਾਹਿਗੁਰੂ ਵਾਹਿਗੁਰੂ ਦੀ ਧੁੰਨ ਅਲਾਪ ਕੇ ਉਸ ਦੇ ਵਿਚ ਧਿਆਨ ਜੋੜਨ ਨਾਲ ਸਹਿਜੇ ਸਹਿਜੇ ਫੁਰਨਿਆਂ ਦੀ ਗਤੀ ਮੱਧਮ ਹੁੰਦੀ ਹੈ, ਇਸ ਤਰ੍ਹਾਂ ਜਿਵੇਂ ਕੋਈ ਪ੍ਰਾਣਾਯਾਮ ਕਰੇ ਅਤੇ ਸੁਆਸਾਂ ਦੀ ਗਤੀ ਨੂੰ ਮੱਧਮ ਕਰ ਲੈਂਦਾ ਹੈ। ਲਗਾਤਾਰ ਧਿਆਨ ਦੀ ਸਾਧਨਾ ਕਰਨ ਨਾਲ ਧਿਆਨ ਸ਼ਬਦ ਵਿਚ ਜੁੜ ਜਾਂਦਾ ਹੈ ਅਤੇ ਮਨ ਮਰ ਜਾਂਦਾ ਹੈ। ਜਿਵੇਂ ਜੋਗੀ ਦੇ ਸੁਆਸ ਰੁੱਕ ਜਾਂਦੇ ਹਨ ਅਤੇ ਉਹ ਸਮਾਧੀ ਵਿਚ ਚਲਾ ਜਾਂਦਾ ਹੈ, ਇਵੇਂ ਭਗਤ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦਿਆਂ ਕਰਦਿਆਂ ਉਸ ਦੇ ਵਿਚ ਲੀਨ ਹੋ ਜਾਂਦਾ ਹੈ ਅਤੇ ਉਸ ਦਾ ਮਨ ਮਰ ਜਾਂਦਾ ਹੈ। ਮਨ ਦੀ ਮੌਤ ਹੋ ਗਈ ਤਾਂ ਆਉਣੇ ਜਾਣੇ ਮਿੱਟ ਜਾਂਦੇ ਹਨ। ਕਿਉਂਕਿ ਕੋਈ ਪ੍ਰੋਗਰਾਮ ਹੀ ਨਹੀਂ ਹੈ। ਅੱਲ੍ਹਾ ਕੋਲ ਕੋਈ ਪਲੈਨ ਹੀ ਨਹੀਂ ਹੈ ਤਾਂ ਅਗਲੀ ਜ਼ਿੰਦਗੀ ਦੀ ਬਣਤਰ ਕਿਵੇਂ ਹੋਵੇ, ਹੋ ਹੀ ਨਹੀਂ ਸਕਦੀ-

*ਧਰਮ ਰਾਇ ਦਰਿ ਕਾਗਦ ਫਾਰੇ ਜਨ*
*ਨਾਨਕ ਲੇਖਾ ਸਮਝਾ॥*

(ਅੰਗ ੬੯੮)

ਮਨ ਦਾ ਕਾਗ਼ਜ਼ ਹੀ ਫੱਟ ਗਿਆ, ਲੇਖਾ ਹੀ ਮੁੱਕ ਗਿਆ ਤਾਂ ਅਗਲਾ ਜਨਮ ਕਿੱਥੇ।

ਭਗਤ ਕਬੀਰ ਦੇ ਬਚਨ-

*ਹਰਿ ਕੇ ਨਾਮ ਕਬੀਰ ਉਜਾਗਰ॥*
*ਜਨਮ ਜਨਮ ਕੇ ਕਾਟੇ ਕਾਗਰ॥*

(ਅੰਗ ੪੮੭)

ਜਨਮਾਂ ਜਨਮਾਂਤਰਾਂ ਦੇ ਜੋ ਸੰਸਕਾਰਾਂ ਦੇ ਕਾਗ਼ਜ਼ ਸਨ, ਕਬੀਰ ਨੇ ਫਾੜ ਕੇ ਸੁਆਹ ਕਰ ਦਿੱਤੇ, ਅਗਲਾ ਕੋਈ ਜਨਮ ਨਹੀਂ ਹੋਵੇਗਾ। ਧਰਮ ਦੀ ਸਾਧਨਾ ਖੜੀ ਹੈ ਫੁਰਨਿਆਂ ਨੂੰ ਰੋਕਣ ਲਈ। ਜਿਸ ਦਿਨ ਫੁਰਨੇ ਰੁੱਕ ਜਾਂਦੇ ਹਨ, ਮਨ ਮਰ ਜਾਂਦਾ ਹੈ ਤੇ ਮਨ ਦੇ ਮਰਦਿਆਂ ਹੀ ਬੁੱਧੀ ਤੀਖਸ਼ਨ ਹੋ ਜਾਂਦੀ ਹੈ। ਜਿਸ ਮਨੁੱਖ ਦੀ ਬੁੱਧੀ ਤੀਕਸ਼ਨ ਹੋ ਗਈ, ਬੌਧਿਕ ਬੱਲ ਉੱਨਤ ਹੋ ਗਿਆ, ਅਜਿਹਾ ਮਨੁੱਖ ਆਪਣੀ ਜ਼ਿੰਦਗੀ ਵਿਚ ਕਦੀ ਗ਼ਲਤ ਫ਼ੈਸਲੇ ਨਹੀਂ ਕਰੇਗਾ। ਉਸ ਦੇ ਫ਼ੈਸਲੇ ਨੂੰ ਸੰਸ਼ੋਧਣ ਦੀ ਲੋੜ ਹੈ। ਉਸਨੇ ਜੋ ਕੁਝ ਵੀ ਕਹਿ ਦਿੱਤਾ, ਸਹੀ ਹੈ, ਅਟੱਲ ਹੈ।

ਆਮ ਰਾਜਨੀਤਿਕ ਲੋਕਾਂ ਦੇ ਬਣਾਏ ਹੋਏ ਵਿਧਾਨ ਬਦਲਣੇ ਪੈਂਦੇ ਹਨ, ਉਹਨਾਂ ਵਿਚ ਤਰਮੀਮ ਕਰਨੀ ਪੈਂਦੀ ਹੈ, ਪਰ ਭਗਤਾਂ ਨੇ ਜੋ ਹਜ਼ਾਰਾਂ ਸਾਲ ਪਹਿਲਾਂ ਕਿਹਾ, ਉਹ ਅਮਰ ਬਚਨ ਹਨ, ਉਹ ਅਟੱਲ ਬਚਨ ਹਨ। ਉਹਨਾਂ ਵਿਚ ਸੰਸ਼ੋਧਣ ਕਰਨ ਦੀ ਲੋੜ ਨਹੀਂ। ਉਹਨਾਂ ਵਿਚ ਤਰਮੀਮ ਕਰਨ ਦੀ ਲੋੜ ਨਹੀਂ। ਉਹ ਉਸ ਤੀਕਸ਼ਣ ਬੁੱਧੀ ਵਿਚੋਂ ਨਿਕਲੇ ਹਨ ਜੋ ਸਹੀ ਹਨ ਅਤੇ ਕਦੀ ਗ਼ਲਤ ਨਹੀਂ ਹੁੰਦੇ।

ਜਿਸ ਦਿਨ ਮਨ ਮਰ ਜਾਂਦਾ ਹੈ ਫਿਰ ਉਸ ਮਨੁੱਖ ਦੀ ਇਹ ਦਸ਼ਾ ਹੋ ਜਾਂਦੀ ਹੈ ਕਿ ਉਹ ਮਨੁੱਖ ਅੱਠੇ ਪਹਿਰ ਪ੍ਰਮਾਤਮਾ ਦੇ ਚਿੰਤਨ ਵਿਚ ਰਹਿੰਦਾ ਹੈ, ਅਕਾਲ ਪੁਰਖ ਦੀ ਯਾਦ ਵਿਚ ਰਹਿੰਦਾ ਹੈ। ਮੈਂ ਸਰੀਰ ਕਰਕੇ ਕੁਝ ਕਰ ਰਿਹਾ ਹਾਂ। ਉਹ ਦਿਖਾਈ ਦਿੰਦਾ ਹੈ, ਪਰ ਮੇਰੇ ਚਿੱਤ ਵਿਚ ਕੀ ਚੱਲ ਰਿਹਾ ਹੈ, ਇਹ ਦਿਖਾਈ ਨਹੀਂ ਦਿੰਦਾ। ਮਨੁੱਖ ਦਾ ਚਿੱਤ ਗੁਪਤ ਹੈ। ਉਸ ਦੇ ਵਿਚ ਕੀ ਚੱਲ ਰਿਹਾ ਹੈ ? ਕਿਸ ਦੀ ਯਾਦ ਚੱਲ ਰਹੀ ਹੈ ? ਦੂਜੇ ਨੂੰ ਬੋਧ ਨਹੀਂ ਹੁੰਦਾ। ਕੋਈ ਬੱਚਾ ਬੈਠਾ ਹੈ, ਪਿਉ ਨੂੰ ਨਹੀਂ ਪਤਾ ਕਿ ਬੱਚੇ ਦੇ ਚਿੱਤ ਵਿਚ ਕੀ ਚੱਲ ਰਿਹਾ ਹੈ। ਬੱਚੇ ਨੂੰ ਨਹੀਂ ਪਤਾ ਕਿ ਬਾਪੂ ਦੇ ਚਿੱਤ ਵਿਚ ਕੀ ਚੱਲ ਰਿਹਾ ਹੈ। ਪਤੀ ਨੂੰ ਨਹੀਂ ਪਤਾ ਕਿ ਪਤਨੀ ਦੇ ਅੰਦਰ ਕੀ ਚੱਲ ਰਿਹਾ ਹੈ। ਪਤਨੀ ਨੂੰ ਨਹੀਂ ਪਤਾ ਕਿ ਪਤੀ ਦੇ ਅੰਦਰ ਕੀ ਚੱਲ ਰਿਹਾ ਹੈ।

ਬਾਹਰ ਦੀ ਕਿਰਿਆ ਦਿਖਾਈ ਦੇ ਜਾਂਦੀ ਹੈ, ਅੰਦਰ ਦੀ ਕਿਰਿਆ ਦਾ ਪਤਾ ਨਹੀਂ ਚੱਲਦਾ। ਇਸ ਲਈ ਭਾਰਤ ਦੇ ਰਿਸ਼ੀ ਮੁਨੀਆਂ ਨੇ ਇਸ ਦਾ ਨਾਮ ਰੱਖਿਆ ਹੈ ਚਿੱਤਰਗੁਪਤ। ਚਿੱਤਰਗੁਪਤ ਦਰਅਸਲ ਅਸੀਂ ਜੋ ਦੇਖਦੇ ਹਾਂ, ਸੁਣਦੇ ਹਾਂ, ਬੋਲ਼ਦੇ ਹਾਂ, ਜਿਸ ਦੀ ਯਾਦ ਵਿਚ ਰਹਿੰਦੇ ਹਾਂ, ਅੰਦਰ ਸੰਸਕਾਰ ਬਣਦੇ ਜਾਂਦੇ ਹਨ। ਚਿੱਤਰ ਬਣਦਾ ਜਾ ਰਿਹਾ ਹੈ। ਅੰਤਿਮ

ਸਮੇਂ ਜਦੋਂ ਇਸ ਪ੍ਰਗਟ ਚਿੱਤਰ ਨੂੰ ਦਫ਼ਨ ਕਰ ਦਿੰਦੇ ਹਨ ਜਾਂ ਸਾੜ ਦਿੰਦੇ ਹਨ ਤਾਂ ਚਿੱਤਰਗੁਪਤ ਦੇ ਅੱਗੇ ਜਾਂਦੇ ਹਾਂ ਅਤੇ ਗੁਪਤ ਚਿੱਤਰ ਜਿਸ ਤਰ੍ਹਾਂ ਦਾ ਹੋਵੇ, ਉਸੇ ਤਰ੍ਹਾਂ ਦਾ ਮਨੁੱਖ ਨੂੰ ਜਨਮ ਮਿਲਦਾ ਹੈ। ਜੇ ਚਿੱਤਰ ਗੁਪਤ ਭੈੜਾ ਹੈ ਤਾਂ ਭੈੜਾ ਜਨਮ ਹੋਵੇਗਾ, ਪਰ ਚਿੱਤਰ ਗੁਪਤ ਜੇ ਚੰਗਾ ਹੈ ਤਾਂ ਫਿਰ ਕੋਈ ਚੰਗਾ ਜਨਮ ਮਿਲੇਗਾ ਅਤੇ ਧਰਮ ਦਾ ਫੱਲ ਸਾਡੇ ਦੇਸ਼ ਦੇ ਪੰਡਿਤਾਂ ਨੇ ਲਿਖਿਆ ਹੈ ਕਿ ਜਿਸ ਬੰਦੇ ਨੇ ਪਿਛਲੇ ਜਨਮ ਵਿਚ ਧਰਮ ਕਮਾਇਆ ਹੈ, ਸਾਧਨਾ ਕੀਤੀ ਹੈ, ਚਿੱਤਰ-ਗੁਪਤ ਬੜਾ ਸੁੰਦਰ ਬਣਾਇਆ ਹੈ, ਅੰਦਰ ਦਾ ਚਿੱਤਰ ਉਸਦਾ ਮਹਾਨ ਹੋਇਆ ਹੈ ਪਰ ਚਿੱਤਰ ਬਣਿਆ ਰਿਹਾ ਹੈ ਭਾਵੇਂ ਸੁੰਦਰ ਹੈ ਤਾਂ ਫਿਰ ਅਗਲਾ ਜਨਮ ਹੋਵੇਗਾ, ਉਸ ਚਿੱਤਰ ਨੇ ਪ੍ਰਗਟ ਚਿੱਤਰ ਨੂੰ ਜਨਮ ਦੇਣਾ ਹੈ। ਇਸ ਦਾ ਅਗਲਾ ਪ੍ਰਗਟ ਚਿੱਤਰ ਜਿਹੜਾ ਬਣੇਗਾ, ਉਹ ਇਸ ਤਰ੍ਹਾਂ ਦਾ ਹੋਵੇਗਾ—ਸ਼ੁੱਧ ਕੁਲ ਜਨਮ। ਕਿਸੇ ਚੰਗੀ ਕੁਲ ਵਿਚ ਉਸ ਦਾ ਜਨਮ ਹੋਵੇਗਾ। ਸਰੂਪ ਤਨ। ਉਹ ਤਨ ਕਰਕੇ ਵੀ ਬੜਾ ਸੁੰਦਰ ਹੋਵੇਗਾ। ਸੁੰਦਰਤਾਈ ਵੀ ਪ੍ਰਮਾਤਮਾ ਦੀ ਦੇਣ ਹੈ, ਜਿਵੇਂ ਧਨ, ਸੰਪਦਾ, ਧੀਆਂ, ਪੁੱਤਰ ਪੂਰਬਲਾ ਸੰਯੋਗ ਹੈ, ਤਨ ਦੀ ਸੁੰਦਰਤਾ ਵੀ ਪ੍ਰਮਾਤਮਾ ਦੀ ਇਕ ਬਖ਼ਸ਼ਿਸ਼ ਹੈ-

*ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥*
*ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥*

(ਸੁਖਮਨੀ ਸਾਹਿਬ)

ਉਸ ਦੀ ਬਖ਼ਸ਼ਿਸ਼ ਹੈ, ਉਸ ਦੀ ਰਹਿਮਤ ਹੈ। ਹਰ ਸਮੇਂ ਰਜਿਆ ਰਹਿਣਾ ਅਤੇ ਰਾਜਿਆਂ ਵਾਲੀ ਸ਼ਾਨੋ-ਸ਼ੌਕਤ ਪ੍ਰਾਪਤ ਹੋਵੇ, ਇਹ ਵੀ ਧਰਮ ਦਾ ਫਲ ਹੈ। ਬਿਪਤਾ ਨਾ ਆਵੇ, ਇਹ ਵੀ ਧਰਮ ਦਾ ਫਲ ਹੈ। ਵਿਦਵਾਨ ਹੋਣਾ, ਆਲਮ ਹੋਣਾ, ਇਹ ਵੀ ਪੂਰਬਲੇ ਧਰਮ ਦਾ ਫਲ ਹੈ ਅਤੇ ਦੇਹੀ ਦਾ ਅਰੋਗ ਹੋਣਾ, ਕੰਚਨ ਵਰਗਾ ਹੋਣਾ, ਰੋਗਾਂ ਤੋਂ ਰਹਿਤ ਹੋਣਾ, ਇਹ ਵੀ ਪੂਰਬਲੇ ਕਰਮਾਂ ਦਾ ਫਲ ਹੈ। ਇਹ ਸਾਰੇ ਪ੍ਰਬਲ ਜਿਹੜੇ ਫਲ ਹਨ, ਇਹ ਸਾਰੇ ਪੂਰਬਲੇ ਕਰਮਾਂ ਅਨੁਸਾਰ ਪ੍ਰਾਪਤ ਹੁੰਦੇ ਹਨ। ਚਿੱਤਰ ਗੁਪਤ ਸੁੰਦਰ ਹੋਵੇ ਤਾਂ ਫਿਰ ਸ਼ੁਭ ਕੁਲ ਵਿਚ ਜਨਮ ਹੋ ਜਾਵੇਗਾ, ਧਨ ਦੀ ਪ੍ਰਾਪਤੀ ਹੋਵੇਗੀ, ਗਿਆਨ ਦੀ ਪ੍ਰਾਪਤੀ ਹੋਵੇਗੀ ਅਤੇ ਤੰਦਰੁਸਤੀ ਦੀ ਪ੍ਰਾਪਤੀ ਹੋਵੇਗੀ ਅਤੇ ਬਿਪਤਾ ਤੋਂ ਮਨੁੱਖ ਰਹਿਤ ਹੋ ਜਾਏਗਾ।

ਇਕ ਸਾਧਨਾ ਅਜਿਹੀ ਹੈ ਜਿਸ ਨਾਲ ਚਿੱਤਰ-ਗੁਪਤ ਮਿੱਟ ਜਾਂਦਾ ਹੈ। ਪਰਮ ਸਮਾਧੀ ਵਿਚ ਲੀਨ ਹੁੰਦਿਆਂ ਮਨੁੱਖ ਨੂੰ ਫਿਰ ਕੁਝ ਯਾਦ ਨਹੀਂ ਕਰਨਾ ਪੈਂਦਾ। ਯਾਦ ਆਪਣੇ ਆਪ ਅੰਦਰੋਂ ਇਸ ਤਰ੍ਹਾਂ ਚੱਲਦੀ ਹੈ ਜਿਵੇਂ ਸੁਆਸ ਚੱਲਦੇ ਹਨ। ਸੁਆਸ ਮੈਂ ਨਹੀਂ ਚੱਲਾ ਰਿਹਾ, ਆਪਣੇ ਆਪ ਚੱਲਦੇ ਹਨ। ਜੇਕਰ ਕੋਈ ਆਖੇ ਕਿ ਇਹ ਸੁਆਸ ਮੈਂ ਚਲਾ ਰਿਹਾ ਹਾਂ ਤਾਂ ਬੰਦਾ ਜਦੋਂ ਸੌਂ ਜਾਂਦਾ ਹੈ ਤਾਂ ਫਿਰ ਕੌਣ ਚਲਾਉਂਦਾ ਹੈ, ਇਹ ਤਾਂ ਆਪਣੇ ਆਪ ਚੱਲਦੇ ਹਨ। ਇਸ ਤਰ੍ਹਾਂ ਪ੍ਰਮਾਤਮਾ ਦਾ ਚਿੰਤਨ ਜਿਸ ਦਿਨ ਆਪਣੇ ਆਪ ਚੱਲਣ ਲੱਗ ਪੈਂਦਾ ਹੈ ਫਿਰ ਚਿੱਤਰਗੁਪਤ ਦਾ ਅੰਤ ਹੋ ਜਾਂਦਾ ਹੈ। ਜੇ ਚਿੱਤਰਗੁਪਤ ਦਾ ਅੰਤ ਹੋ ਗਿਆ ਤਾਂ ਫਿਰ ਅਗਲੇ

ਜਨਮ ਦਾ ਵੀ ਅੰਤ ਹੋ ਗਿਆ। ਅਗਲੀ ਕੋਈ ਰੂਪ-ਰੇਖਾ ਨਹੀਂ ਬਚੇਗੀ, ਅਗਲਾ ਕੋਈ ਜਨਮ ਨਹੀਂ ਹੋਵੇਗਾ। ਜਦੋਂ ਚਿੱਤਰ ਗੁਪਤ ਦਾ ਹੀ ਕਾਗ਼ਜ਼ ਫੱਟ ਗਿਆ ਤਾਂ ਚਿੱਤਰ ਗੁਪਤ ਨੇ ਹੀ ਪ੍ਰਗਟ ਚਿੱਤਰ ਬਣਨਾ ਸੀ। ਅਗਲੇ ਜਨਮ ਦਾ ਬੀਜ ਹੈ ਚਿੱਤਰਗੁਪਤ। ਬੀਜ ਹੀ ਜਨਮ ਹੋ ਗਿਆ ਤਾਂ ਜਨਮ ਕਿੱਥੋਂ।

ਅੰਤਹਕਰਨ ਦੀ ਚੌਥੀ ਦਸ਼ਾ ਹੈ ਅਹੰਗ। ਮੈਂ ਹਾਂ ਅਤੇ ਮੈਂ ਹੋਵਾਂ। ਜਿਸ ਦਿਨ ਮਨ ਮਰਦਾ ਹੈ, ਮਨ ਦੇ ਫੁਰਨੇ ਮਰਦੇ ਹਨ ਤਾਂ ਬੁੱਧੀ ਨਿਰਮਲ ਹੁੰਦੀ ਹੈ। ਉਹ ਸ਼ੁਭ ਅਤੇ ਸਹੀ ਫ਼ੈਸਲੇ ਕਰਦੀ ਹੈ ਅਤੇ ਚਿੱਤ ਦੀ ਦਸ਼ਾ ਇਹ ਹੋ ਜਾਂਦੀ ਹੈ ਕਿ ਅੱਠੇ ਪਹਿਰ ਪ੍ਰਭੂ ਚਿੰਤਨ ਆਪਣੇ ਆਪ ਚੱਲਦਾ ਹੈ। ਕਿਸੇ ਦਿਨ ਅਹੰਗ ਭਾਵ ਮਨੁੱਖ ਦਾ ਨਿਰਮਲ ਹੋ ਜਾਂਦਾ ਹੈ। ਅੰਦਰ ਸਮਾਨਤਾ ਪ੍ਰਗਟ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਗੁਰੂ ਅਰਜਨ ਦੇਵ ਮਹਾਰਾਜ ਦਾ ਇਕ ਵਾਕ ਹੈ ਭਗਤਾਂ ਦੇ ਸਬੰਧ ਵਿਚ। ਉਸ ਦੇ ਵਿਚ ਮੇਰੇ ਪਾਤਿਸ਼ਾਹ ਧੰਨੇ ਨੂੰ ਅੱਗੇ ਕਰਦੇ ਹਨ। ਧੰਨੇ ਦਾ ਸੰਬੰਧ ਕਿਸਾਨ ਘਰਾਣੇ ਨਾਲ ਸੀ, ਜੱਟ ਘਰਾਣੇ ਨਾਲ-

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥*

(ਅੰਗ ੪੮੮)

ਇਹ ਗੱਲ ਜਦੋਂ ਧੰਨੇ ਨੇ ਸੁਣੀ ਤਾਂ ਰੋਸ ਵਿਚ ਆਇਆ, ਪਿਆਰ ਵਿਚ ਆਇਆ, ਹੌਸਲਾ ਵਧਿਆ। ਉਸ ਦੇ ਅੰਦਰ ਬੀਰ ਰੱਸ ਪੈਦਾ ਹੋਇਆ। ਕਿਹੜੀ ਗੱਲ ਉਸਨੇ ਸੁਣੀ ? ਉਸਨੇ ਇਹ ਸੁਣਿਆ ਕਿ

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧ ॥ ਰਹਾਉ॥*

(ਅੰਗ ੪੮੭)

ਨੀਵੀਂ ਜਾਤ ਦਾ ਨਾਮਦੇਵ ਜੇ ਇਹ ਭਗਤ ਬਣ ਸਕਦਾ ਹੈ, ਇਹ ਬ੍ਰਹਮ-ਗਿਆਨੀ ਬਣ ਸਕਦਾ ਹੈ ਤਾਂ ਮੈਂ ਤਾਂ ਜੱਟ ਹਾਂ, ਮੈਂ ਕਿਉਂ ਨਹੀਂ ਬਣ ਸਕਦਾ। ਜੱਟ ਪੁਣੇ ਦਾ ਹੰਕਾਰ ਅੱਗੇ ਆ ਗਿਆ ਅਤੇ ਹੰਕਾਰ ਦੀ ਦਸ਼ਾ ਬੜੀ ਨਿਰਮਲ ਹੈ। ਇਹ ਹੰਕਾਰ ਪ੍ਰਮਾਤਮਾ ਤੱਕ ਪਹੁੰਚਣਾ ਚਾਹੁੰਦਾ ਹੈ। ਇਹ ਹੰਕਾਰ ਭਗਤ ਬਣਨਾ ਚਾਹੁੰਦਾ ਹੈ। ਇਹ ਹੰਕਾਰ ਦਾਨੀ ਬਣਨਾ ਚਾਹੁੰਦਾ ਹੈ, ਗਿਆਨੀ ਬਣਨਾ ਚਾਹੁੰਦਾ ਹੈ। ਇਹ ਗੱਲ ਸੁਣ ਕੇ ਜੱਟ ਭਗਤੀ ਕਰਨ ਲੱਗ ਪਿਆ। ਉਸਨੇ ਹੋਰ ਕੀ ਸੁਣਿਆ ? ਉਸਨੇ ਇਹ ਵੀ ਸੁਣਿਆ-

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧ ॥*

(ਅੰਗ ੪੮੭)

ਉਸਨੇ ਇਹ ਵੀ ਸੁਣਿਆ ਕਿ ਨੀਚ ਕੁਲ ਵਿਚ ਜਨਮ ਲੈਣ ਵਾਲਾ ਜੁਲਾਹਾ ਗੁਣੀ-ਗਹੀਰ ਬਣ ਗਿਆ, ਮਹਾਨ ਪੰਡਿਤ ਬਣ ਗਿਆ। ਦਿਲ ਨੂੰ ਪ੍ਰੇਰਨਾ ਮਿਲੀ, ਹੌਸਲਾ ਵੱਧਿਆ। ਜੇ ਜੁਲਾਹਾ ਭਗਤ ਬਣ ਸਕਦਾ ਹੈ, ਗੁਣੀ ਗਹੀਰ ਬਣ ਸਕਦਾ ਹੈ ਤਾਂ ਜੱਟ ਕਿਉਂ ਨਹੀਂ ਬਣ ਸਕਦਾ। ਹੋਰ ਹੌਸਲਾ ਮਿਲਿਆ ਇਸ ਜੱਟ ਨੂੰ ਰਵਿਦਾਸ ਕੋਲੋਂ—

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥*

(ਅੰਗ ੪੮੭)

ਇਹ ਗੱਲ ਜਦੋਂ ਉਸਨੇ ਸੁਣੀ ਕਿ ਚਮਾਰ ਭਗਤ ਬਣ ਗਿਆ, ਜੁਲਾਹਾ ਭਗਤ ਬਣ ਗਿਆ, ਛੀਂਬਾ ਭਗਤ ਬਣ ਗਿਆ ਤਾਂ ਉਸ ਦਾ ਹੌਸਲਾ ਬਹੁਤ ਹੀ ਬੁਲੰਦ ਹੋਇਆ। ਜਦੋਂ ਇਸ ਜੱਟ ਨੇ ਇਹ ਸੁਣਿਆ-

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ ੩॥*

(ਅੰਗ ੪੮੭)

ਉਹ ਨਾਈ ਜੋ ਘਰ ਘਰ ਵਿਚ ਬੜੀ ਨੀਵੀਂ ਸੇਵਾ ਕਰਦਾ ਹੈ, ਉਸ ਦੀ ਗਿਣਤੀ ਭਗਤਾਂ ਵਿਚ ਹੋਣ ਲੱਗ ਪਈ ਹੈ। ਜਦੋਂ ਉਹ ਭਗਤ ਬਣ ਸਕਦਾ ਹੈ ਤਾਂ ਮੈਂ ਕਿਉਂ ਨਹੀਂ ਭਗਤ ਬਣ ਸਕਦਾ। ਹੈ ਤਾਂ ਇਹ ਹੰਕਾਰ, ਪਰ ਬੜਾ ਸ਼ੁੱਧ ਹੰਕਾਰ ਹੈ। ਇਸ ਸ਼ੁੱਧ ਹਉਮੈ ਨੇ ਤਪੱਸਿਆ ਕਰਨ 'ਤੇ ਮਜਬੂਰ ਕੀਤਾ ਅਤੇ ਅਜਿਹਾ ਰੰਗ ਚੜ੍ਹਿਆ ਭਗਤੀ ਦਾ ਕਿ ਧੰਨਾ ਵੀ ਭਗਤਾਂ ਦੀ ਕਤਾਰ ਵਿਚ ਆ ਗਿਆ। ਸ਼ੁੱਧ ਹੰਕਾਰ ਨੇ ਭਗਤੀ ਦੇ ਮਾਰਗ 'ਤੇ ਤੋਰ ਦਿੱਤਾ। ਹੰਕਾਰ ਸੰਸਾਰੀਆਂ ਦੇ ਅੰਦਰ ਹੁੰਦਾ ਹੈ ਤੇ ਸ੍ਵੈਮਾਨ ਭਗਤਾਂ ਦੇ ਅੰਦਰ ਹੁੰਦਾ ਹੈ। ਅਹੰਗ ਬੁੱਧ ਨਿਰਮਲ ਹੋ ਜਾਂਦੀ ਹੈ। ਇਸ ਲਈ ਅਹੰਗ ਭਾਵ ਜਦੋਂ ਸ੍ਵੈਮਾਨ ਬਣਦਾ ਹੈ ਤਾਂ ਇਹ ਭਗਤ ਜ਼ਾਲਮ ਨਾਲ ਜ਼ਰੂਰ ਟਕਰਾਉਣਗੇ।

ਅਸੀਂ ਦੇਖਦੇ ਹਾਂ ਕਿ ਬਾਬਰ ਦੇ ਅੱਗੇ ਸਾਰਾ ਦੇਸ਼ ਝੁੱਕਿਆ ਅਤੇ ਬਾਬਰ ਨੂੰ ਮਜਬੂਰਨ ਗੁਰੂ ਨਾਨਕ ਦੇਵ ਜੀ ਦੇ ਅੱਗੇ ਝੁੱਕਣਾ ਪਿਆ ਕਿਉਂਕਿ ਗੁਰੂ ਨਾਨਕ ਨਹੀਂ ਝੁੱਕਦੇ ਸਨ। ਇਸੇ ਤਰੀਕੇ ਨਾਲ ਅਸੀਂ ਦੇਖਦੇ ਹਾਂ ਕਿ ਸਿਕੰਦਰ ਨੇ ਸਮੁੱਚੇ ਹਿੰਦੁਸਤਾਨ ਨੂੰ ਝੁਕਾਉਣ ਦੀ ਕੋਸ਼ਿਸ਼ ਕੀਤੀ ਅਤੇ ਹਿੰਦੁਸਤਾਨ ਦੇ ਉਮਰਾ ਉਸ ਦੇ ਅੱਗੇ ਝੁੱਕੇ ਪਰ ਨਾਮਦੇਵ ਨਹੀਂ ਝੁੱਕਦੇ ਸਨ। ਜਦੋਂ ਦਿੱਲੀ ਦੇ ਸੁਲਤਾਨ ਸਿਕੰਦਰ ਲੋਧੀ ਨੇ ਨਾਮਦੇਵ ਨੂੰ ਕਿਹਾ ਕਿ ਇਹ ਮੋਈ ਹੋਈ ਗਊ ਤੂੰ ਜਿਵਾ ਦੇ। ਤੇਰੇ ਪਿੱਛੇ ਲੱਖਾਂ ਲੋਕ ਚੱਲਦੇ ਹਨ, ਲੱਖਾਂ ਲੋਕ ਤੈਨੂੰ ਮੰਨਦੇ ਹਨ। ਮੈਂ ਦੇਖਣਾ ਚਾਹੁੰਦਾ ਹਾਂ ਕਿ ਤੇਰੇ ਵਿਚ ਕੋਈ ਸ਼ਕਤੀ ਹੈ। ਨਾਮਦੇਵ ਕਹਿਣ ਲੱਗੇ-

*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥*

(ਅੰਗ ੧੧੬੫)

ਜਨਮ ਅਤੇ ਮਰਨ ਮੇਰੇ ਹੱਥ ਵਿਚ ਨਹੀਂ। ਇਹ ਪ੍ਰਮਾਤਮਾ ਦੇ ਹੱਥ ਵਿਚ ਹੈ। ਇਹ ਹਕੀਕਤ ਹੈ ਕਿ ਜਨਮ ਅਤੇ ਮਰਨ ਉੱਤੇ ਸਾਡਾ ਜ਼ੋਰ ਨਹੀਂ। ਜਦੋਂ ਅਸੀਂ ਮਕਾਨ ਬਣਾਉਣਾ ਹੋਵੇ ਤਾਂ ਮਕਾਨ ਕੋਲੋਂ ਨਹੀਂ ਪੁੱਛਦੇ ਕਿ ਤੂੰ ਬਣਨਾ ਵੀ ਚਾਹੁੰਦਾ ਹੈਂ ਕਿ ਨਹੀਂ। ਜੇ ਮਕਾਨ ਅਸੀਂ ਢਾਹੁਣਾ ਹੋਵੇ ਤਾਂ ਮਕਾਨ ਕੋਲੋਂ ਨਹੀਂ ਪੁੱਛਦੇ ਕਿ ਤੂੰ ਢਹਿਣਾ ਚਾਹੁੰਦਾ ਹੈਂ ਕਿ ਨਹੀਂ। ਰੱਬ ਕਦੀ ਨਹੀਂ ਪੁੱਛਦਾ ਕਿ ਤੂੰ ਜੰਮਣਾ ਚਾਹੁੰਦਾ ਹੈਂ ਕਿ ਨਹੀਂ ਅਤੇ ਤੂੰ ਮਰਨਾ ਚਾਹੁੰਦਾ ਹੈਂ ਕਿ ਨਹੀਂ। ਜਨਮ ਅਤੇ ਮਰਨ ਸਾਡੇ ਹੱਥ ਵਿਚ ਨਹੀਂ। ਇਹ ਉਸ ਅਕਾਲ ਪੁਰਖ ਦੇ ਹੱਥ ਵਿਚ ਹੈ—

*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥*

(ਜਪੁਜੀ ਸਾਹਿਬ)

ਜਦੋਂ ਇਹ ਵਿਆਖਿਆ ਨਾਮਦੇਵ ਨੇ ਰੱਖੀ ਕਿ

*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥*

(ਅੰਗ ੧੧੬੫)

ਪਰ ਬਾਦਸ਼ਾਹ ਨੂੰ ਹੰਕਾਰ ਸੀ। ਇਹ ਹਕੀਕਤ ਹੈ ਕਿ ਬਾਦਸ਼ਾਹ ਹੋਵੇ ਅਤੇ ਹੰਕਾਰੀ ਨਾ ਹੋਵੇ, ਲਾਜ਼ਮੀ ਕੋਈ ਨਾ ਕੋਈ ਫਿਰ ਗੱਲ ਹੋਵੇਗੀ। ਬਾਦਸ਼ਾਹ ਲਾਜ਼ਮੀ ਹੰਕਾਰੀ ਹੁੰਦਾ ਹੈ, ਰਾਜਨੀਤਿਕ ਲਾਜ਼ਮੀ ਹੰਕਾਰੀ ਹੋ ਜਾਂਦਾ ਹੈ ਅਤੇ ਹੰਕਾਰੀ ਮਨੁੱਖ ਦਾ ਹੀ ਰਾਜਨੀਤੀ ਵਿਚ ਬੜਾ ਭਾਰੀ ਸ਼ੌਕ ਹੁੰਦਾ ਹੈ ਕਿ ਉਹ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਖ਼ੁਸ਼ ਰਹਿੰਦੇ ਹਨ। ਕਹਿਣ ਲੱਗਾ ਕਿ ਨਾਮਦੇਵ ! ਫਿਰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਮੈਂ ਤੇਰੀ ਗਰਦਨ ਉਡਾ ਦੇਣੀ ਹੈ ਜੇ ਤੂੰ ਗਊ ਨਾ ਜ਼ਿੰਦਾ ਕੀਤੀ। ਨਾਮਦੇਵ ਕਹਿੰਦੇ ਹਨ ਕਿ ਇਹ ਮੇਰੇ ਵੱਸ ਤੋਂ ਪਰ੍ਹੇ ਦੀ ਗੱਲ ਹੈ, ਇਹ ਰਾਮ ਦੇ ਹੱਥਾਂ ਵਿਚ ਹੈ।

ਦਿੱਲੀ ਦੇ ਬੰਦੇ ਬਾਦਸ਼ਾਹ ਕੋਲ ਪਹੁੰਚੇ ਅਤੇ ਕਹਿਣ ਲੱਗੇ ਬਾਦਸ਼ਾਹ ਸਲਾਮਤ ! ਇਹ ਬੜਾ ਕੀਮਤੀ ਮਨੁੱਖ ਹੈ। ਹਿੰਦੁਸਤਾਨ ਦੇ ਕੀਮਤੀ ਮਨੁੱਖਾਂ ਵਿਚੋਂ ਇਹ ਇਕ ਖ਼ਾਸ ਮਨੁੱਖ ਹੈ। ਇਸ ਉੱਪਰ ਇੰਨਾ ਜ਼ੁਲਮ ਨਹੀਂ ਚਾਹੀਦਾ। ਅਸੀਂ ਨਾਮਦੇਵ ਨੂੰ ਛੱਡ ਦੇਣ ਦਾ ਤੁਹਾਨੂੰ ਸੋਨਾ ਅਤੇ ਚਾਂਦੀ ਦੇ ਦਿੰਦੇ ਹਾਂ, ਇਹ ਕੀਮਤੀ ਮਨੁੱਖ ਤੁਸੀਂ ਛੱਡ ਦਿਉ। ਬਾਦਸ਼ਾਹ ਕਹਿਣ ਲੱਗਾ ਕਿ ਅਜਿਹਾ ਨਹੀਂ ਹੋ ਸਕਦਾ। ਧਨ ਲੈ ਕੇ ਮੈਂ ਇਸ ਮਨੁੱਖ ਨੂੰ ਨਹੀਂ ਛੱਡਣਾ। ਮੇਰਾ ਈਮਾਨ ਮੈਨੂੰ ਇਹ ਇਜਾਜ਼ਤ ਨਹੀਂ ਦਿੰਦਾ। ਦਿੱਲੀ ਦੇ ਸਤਵੰਤੇ ਬਾਦਸ਼ਾਹ ਨੂੰ ਕਹਿਣ ਲੱਗੇ

ਕਿ ਮੋਈ ਹੋਈ ਗਊ ਨਾਮਦੇਵ ਨਹੀਂ ਜੀਵਾਉਂਦਾ ਅਤੇ ਧਨ ਲੈ ਕੇ ਨਾਮਦੇਵ ਨੂੰ ਛੱਡਣ ਲਈ ਤੀਸਰਾ ਰਸਤਾ ਲੱਭੋ। ਤੀਸਰਾ ਰਸਤਾ, ਸੁਲਤਾਨ ਕਹਿਣ ਲੱਗਾ ਨਾਮਦੇਵ ਰਾਮ ਰਾਮ ਕਹਿਣਾ ਛੱਡ ਦੇਵੇ ਅਤੇ ਅੱਲ੍ਹਾ ਅੱਲ੍ਹਾ ਕਹੇ। ਦਿੱਲੀ ਦੇ ਸਤਵੰਤੇ ਕਹਿਣ ਲੱਗੇ ਨਾਮਦੇਵ ! ਤੂੰ ਅੱਲ੍ਹਾ ਕਹਿ ਕੇ ਜਾਨ ਛੁਡਾ, ਫਿਰ ਕਹਿੰਦਾ ਰਹੀਂ ਰਾਮ ਰਾਮ। ਨਾਮਦੇਵ ਕਹਿਣ ਲੱਗੇ ਕਿ ਨਹੀਂ, ਇਕ ਜ਼ਾਲਮ ਦੇ ਅੱਗੇ ਝੁੱਕ ਜਾਣਾ ਜ਼ੁਲਮ ਅਤੇ ਜ਼ਾਲਮ ਦੀ ਮਦਦ ਕਰਨੀ ਹੈ। ਮੈਂ ਨਹੀਂ ਝੁੱਕਣਾ, ਮੈਂ ਅੱਲ੍ਹਾ ਨਹੀਂ ਕਹਿਣਾ। ਭਗਤ ਨਾਮਦੇਵ ਦੀ ਮਾਤਾ ਵੀ ਪ੍ਰੇਰਨਾ ਦੇਣ ਲੱਗੀ ਕਿ ਤੂੰ ਕਹਿ ਦੇ। ਆਖ਼ਿਰ ਕੀ ਫ਼ਰਕ ਪੈਣਾ ਹੈ, ਹੈ ਤਾਂ ਇਕ ਹੀ। ਨਾਮਦੇਵ ਕਹਿੰਦੇ ਹਨ ਕਿ ਹੈ ਤਾਂ ਇਕ ਹੀ, ਪਰ ਬਾਦਸ਼ਾਹ ਦੇ ਕਹਿਣ 'ਤੇ ਨਹੀਂ ਕਹਿਣਾ। ਨਾਮਦੇਵ ਦੀ ਮਾਤਾ ਕਹਿਣ ਲੱਗੀ, ਕਈ ਵਾਰੀ ਮੈਂ ਦੇਖਿਆ ਐ ਮੇਰੇ ਬੱਚੇ ! ਤੇਰੀ ਰਸਨਾ ਤੋਂ ਅੱਲ੍ਹਾ ਵੀ ਨਿਕਲਦਾ ਹੈ, ਖ਼ੁਦਾ ਵੀ ਨਿਕਲਦਾ ਹੈ ਤਾਂ ਅੱਜ ਕਹਿਣ ਵਿਚ ਕੀ ਹਰਜ ਹੈ ? ਨਾਮਦੇਵ ਕਹਿੰਦੇ ਹਨ ਕਿ ਉਦੋਂ ਜਦੋਂ ਮੈਂ ਕਹਿੰਦਾ ਹਾਂ ਤਾਂ ਆਪਣੀ ਮੌਜ ਵਿਚ ਕਹਿੰਦਾ ਹਾਂ ਤੇ ਹੁਣ ਜਿਹੜਾ ਮੈਂ ਕਹਾਂਗਾ ਇਹ ਬਾਦਸ਼ਾਹ ਦੇ ਜਬਰ ਹੇਠ ਕਹਾਂਗਾ, ਮੈਂ ਜਬਰ ਨਹੀਂ ਕਬੂਲਣਾ।

ਅਸੀਂ ਦੇਖਦੇ ਹਾਂ ਕਿ ਨੌਂ ਸਾਲ ਦੇ ਗੁਰੂ ਨਾਨਕ ਨੇ ਜਨੇਊ ਪਹਿਨਣ ਤੋਂ ਇਨਕਾਰ ਕੀਤਾ। ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਮਹਾਰਾਜ ਜਨੇਊ ਦੀ ਖ਼ਾਤਰ ਆਪਣੇ ਪਿਤਾ ਨੂੰ ਕੁਰਬਾਨ ਕਰਨਾ ਚਾਹੁੰਦੇ ਹਨ। ਬ੍ਰਾਹਮਣ ਜਬਰਨ ਜਨੇਊ ਪਹਿਨਾਉਣਾ ਚਾਹੁੰਦਾ ਹੈ, ਔਰੰਗਜ਼ੇਬ ਜਬਰਨ ਜਨੇਊ ਉਤਾਰਨਾ ਚਾਹੁੰਦਾ ਹੈ। ਗੁਰੂ ਨਾਨਕ ਨੇ ਕਹਿ ਦਿੱਤਾ ਕਿ ਮੈਂ ਜਬਰਨ ਜਨੇਊ ਪਹਿਨਣਾ ਨਹੀਂ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਹਿ ਦਿੱਤਾ, ਕਿ ਮੈਂ ਜਬਰਨ ਉਤਾਰਨ ਨਹੀਂ ਦੇਣਾ। ਕਿਉਂਕਿ ਭਗਤਾਂ ਦੇ ਅੰਦਰ ਸਵੈਮਾਨ ਹੁੰਦਾ ਹੈ, ਅਣਖ ਹੁੰਦੀ ਹੈ, ਖ਼ੁਦਦਾਰੀ ਹੁੰਦੀ ਹੈ। ਖ਼ੁਦਦਾਰੀ ਦੇ ਆਸਰੇ ਉਹ ਟੱਕਰ ਲੈਂਦੇ ਹਨ ਜ਼ਾਲਮ ਨਾਲ ਅਤੇ ਜ਼ੁਲਮ ਨਾਲ। ਜਿਸ ਸਮੇਂ ਨਾਮਦੇਵ ਦੀ ਮਾਤਾ ਕਹਿੰਦੀ ਹੈ ਕਿ ਕਹਿ ਦੇ ਤਾਂ ਕਹਿੰਦੇ ਹਨ, ਨਹੀਂ, ਮੈਂ ਮਸਤੀ ਵਿਚ ਕਹਿੰਦਾ ਹਾਂ। ਮਾਨ ਤਾਂ ਇਹ ਹੈ, ਪਰ ਇਹ ਸਵੈਮਾਨ ਹੈ। ਭਗਤ ਤਾਂ ਇੰਨਾ ਸਵੈਮਾਨ ਵਿਚ ਭਰ ਜਾਂਦਾ ਹੈ ਕਿ ਪ੍ਰਮਾਤਮਾ ਦੇ ਅੱਗੇ ਵੀ ਕੋਈ ਮੰਗ ਨਹੀਂ ਰੱਖਦਾ। ਸੰਸਾਰ ਕੋਲੋਂ ਵੀ ਨਹੀਂ ਮੰਗਣਾ, ਕਰਤਾਰ ਕੋਲੋਂ ਵੀ ਨਹੀਂ ਮੰਗਣਾ। ਉਥੇ ਵੀ ਜਦੋਂ ਕਰਤਾਰ ਕਹਿ ਦੇਵੇ ਕਿ ਕੀ ਚਾਹੀਦਾ ਹੈ ? ਤਾਂ ਉਹ ਕਹਿੰਦਾ ਹੈ, ਜੋ ਤੇਰੀ ਮਰਜ਼ੀ।

ਮੈਂ ਇਕ ਗਾਥਾ ਪੜ੍ਹੀ ਹੈ ਕਿ ਅਭਿਆਸ ਕਰਦਿਆਂ ਕਰਦਿਆਂ ਕੋਈ ਸਮਾਧੀ ਵਿਚ ਚਲਾ ਗਿਆ। ਦੇਵਤੇ ਪ੍ਰਗਟ ਹੋਏ। ਕਹਿਣ ਲੱਗੇ ਸੰਤ ਜੀ ! ਕੁਝ ਮੰਗ ਲਉ ? ਉਹ ਫ਼ਕੀਰ ਕਹਿਣ ਲੱਗਾ, ਜਦੋਂ ਮੇਰਾ ਮਨ ਮੰਗਾਂ ਨਾਲ ਭਰਿਆ ਹੋਇਆ ਸੀ, ਉਦੋਂ ਤੁਸੀਂ ਪ੍ਰਗਟ ਹੋਏ ਨਹੀਂ, ਮੈਂ ਰੋਜ਼ ਮੰਗਦਾ ਮੰਗਦਾ ਥੱਕ ਗਿਆ। ਪਰ ਹੁਣ ਜਦੋਂ ਮੈਂ ਸਾਧਨਾ ਕਰ ਕਰ ਕੇ ਆਪਣੀਆਂ ਸਾਰੀਆਂ ਮੰਗਾਂ ਨੂੰ ਖ਼ਤਮ ਕਰ ਦਿੱਤਾ, ਅੰਦਰ ਕੋਈ ਮੰਗ ਨਹੀਂ ਤਾਂ ਅੱਜ ਤੁਸੀਂ ਪ੍ਰਗਟ ਹੋਏ ਹੋ ਅਤੇ ਕਹਿੰਦੇ ਹੋ ਕੁਝ ਮੰਗ ਲਉ, ਜਦੋਂ ਕਿ ਹੁਣ ਕੋਈ ਮੰਗ ਨਹੀਂ ਹੈ। ਦੇਵਤੇ

ਕਹਿਣ ਲੱਗੇ ਪਰ ਹੁਣ ਕਿਉਂਕਿ ਅਸੀਂ ਆਏ ਹਾਂ, ਸਾਡਾ ਸਨਮਾਨ ਕਰ, ਲਾਜ਼ਮੀ ਤੂੰ ਕੁਝ ਮੰਗ। ਫ਼ਕੀਰ ਕਹਿਣ ਲੱਗਾ ਮੈਂ ਕੁਝ ਮੰਗਣਾ ਨਹੀਂ, ਕਿਉਂਕਿ ਅੰਦਰ ਕੋਈ ਮੰਗ ਨਹੀਂ, ਇਸ ਲਈ ਤੁਹਾਡੀ ਕੋਈ ਖ਼ੁਸ਼ੀ ਹੋਵੇ ਤਾਂ ਮੇਰੀ ਝੋਲੀ ਵਿਚ ਪਾ ਦਿਉ। ਦੇਵਤੇ ਕਹਿਣ ਲੱਗੇ ਕਿ ਅਸੀਂ ਤੈਨੂੰ ਇਹ ਵਰ ਦਿੰਦੇ ਹਾਂ ਕਿ ਤੂੰ ਜਿਸ ਕੰਗਾਲ ਦੇ ਸਿਰ 'ਤੇ ਹੱਥ ਰਖੇਂਗਾ, ਉਹ ਧਨਵਾਨ ਹੋ ਜਾਏਗਾ। ਜਿਸ ਮਰੀਜ਼ ਦੇ ਸਿਰ 'ਤੇ ਹੱਥ ਰੱਖੇਂਗਾ, ਉਹ ਤੰਦਰੁਸਤ ਹੋ ਜਾਏਗਾ। ਜਿਸ ਮੂਰਖ ਦੇ ਸਿਰ ਉੱਤੇ ਹੱਥ ਰੱਖੇਂਗਾ, ਉਹ ਸਿਆਣਾ ਹੋ ਜਾਏਗਾ। ਫ਼ਕੀਰ ਕਹਿਣ ਲੱਗਾ ਕਿ ਇਹ ਵਰ ਮੈਨੂੰ ਪ੍ਰਵਾਨ ਨਹੀਂ। ਦੇਵਤੇ ਕਹਿਣ ਲੱਗੇ, ਕੀ ਤੂੰ ਨਹੀਂ ਚਾਹੁੰਦਾ ਕਿ ਕੰਗਾਲ ਧਨਵਾਨ ਹੋ ਜਾਏ, ਮੂਰਖ ਸਿਆਣਾ ਹੋ ਜਾਏ ? ਨਹੀਂ, ਮੈਂ ਇਹ ਤਾਂ ਚਾਹੁੰਦਾ ਹਾਂ, ਪਰ ਇਹ ਮੇਰੇ ਹੱਥ ਲਾਉਣ ਦੇ ਨਾਲ ਨਾ ਹੋਵੇ, ਇਹ ਮੇਰੀ ਛਾਇਆ ਦੇ ਨਾਲ ਹੋਵੇ। ਮੈਂ ਜਿੱਥੋਂ ਲੰਘਾਂ ਮੇਰੇ ਪਿੱਛੇ ਦੀ ਜਿਹੜੀ ਛਾਇਆ ਹੈ, ਜਿਸ ਨੂੰ ਸਪਰਸ਼ ਕਰ ਜਾਏ ਉਹ ਤੰਦਰੁਸਤ ਹੋ ਜਾਏ, ਧਨਵਾਨ ਹੋ ਜਾਏ, ਸਿਆਣਾ ਹੋ ਜਾਏ।

ਦਰਅਸਲ ਸੰਸਾਰ ਵਿਚ ਬਹੁਤੀ ਭਲਾਈ ਉਹਨਾਂ ਮਨੁੱਖਾਂ ਦੇ ਰਾਹੀਂ ਹੋਈ ਹੈ ਜਿਸਨੂੰ ਇਹ ਵੀ ਨਹੀਂ ਪਤਾ ਸੀ ਕਿ ਅਸੀਂ ਭਲਾਈ ਕੀਤੀ ਹੈ, ਉਹਨਾਂ ਦੀ ਛਾਇਆ ਨਾਲ ਹੀ ਹੋ ਗਈ। ਭਲਾਈ ਕਰਨ ਦਾ ਜੋ ਦਾਅਵਾ ਕਰਦੇ ਰਹਿੰਦੇ ਹਨ, ਦਰਅਸਲ ਉਹਨਾਂ ਦੀ ਭਲਾਈ ਵਿਚ ਬੜਾ ਵੱਡਾ ਹੰਕਾਰ ਹੁੰਦਾ ਹੈ। ਉਹ ਸ੍ਵੈਮਾਨ ਵਿਚ ਨਹੀਂ ਹੁੰਦੇ, ਹੰਕਾਰ ਵਿਚ ਹੁੰਦੇ ਹਨ। ਸ੍ਵੈਮਾਨ ਦਾ ਅਰਥ ਹੈ ਹੰਕਾਰ ਦਾ ਸ਼ੁੱਧ ਹੋ ਜਾਣਾ, ਪਵਿੱਤਰ ਹੋ ਜਾਣਾ। ਧਰਮ ਦੀ ਸਾਰੀ ਸਾਧਨਾ ਖੜੀ ਹੈ ਅੰਤਹਕਰਨ ਨੂੰ ਪਵਿੱਤਰ ਕਰਨ ਵਿਚ। ਜਿਸ ਦਿਨ ਅੰਤਹਕਰਨ ਪਵਿੱਤਰ ਹੋ ਜਾਂਦਾ ਹੈ, ਮਨ ਵਿਚ ਫੁਰਨੇ ਸ਼ੁੱਧ ਹੋ ਜਾਂਦੇ ਹਨ, ਬੁੱਧੀ ਸਹੀ ਨਿਰਣਾ ਕਰਦੀ ਹੈ ਤਾਂ ਚਿੱਤ ਪ੍ਰਭੂ ਚਿੰਤਨ ਵਿਚ ਰਹਿੰਦਾ ਹੈ ਅਤੇ ਅਹੰਗ ਭਾਵ ਸ੍ਵੈਮਾਨ ਵਿਚ ਬਦਲ ਜਾਂਦਾ ਹੈ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆